# ਸਿਰਜਣਾ



ਜਨਵਰੀ-ਮਾਰਚ 2023 **207** 50 ਰੁਪਏ

# ਸਿਰਜਣਾ

**207**

ਜਨਵਰੀ-ਮਾਰਚ 2023



**ਸੰਪਾਦਕ : ਰਘਬੀਰ ਸਿੰਘ**
**Editor : Raghbir Singh**

1728, ਸੈਕਟਰ 43-ਬੀ,
ਚੰਡੀਗੜ੍ਹ-160 043
ਫੋਨ : +91-172-2601693

***SIRJANA***
*1728, Sector 43-B,*
*Chandigarh-160 043*
*INDIA*
*Phone : +91-172-2601693*
*E-mail :*
*raghbirssirjana@yahoo.com*



**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**


## ਇਸ ਅੰਕ ਵਿਚ


ਸੰਪਾਦਕੀ/ਚੋਣ ਸਿਆਸਤ ਅਤੇ ਵਿਚਾਰਧਾਰਕ ਏਜੰਡਾ/1
ਦੇਵ/ਕੁਝ ਸੱਜਰੀਆਂ ਕਵਿਤਾਵਾਂ/3
ਮਲਵਿੰਦਰ/ਕੁਝ ਕਵਿਤਾਵਾਂ/10
ਗੁਰਿੰਦਰਜੀਤ ਸਿੰਘ/ਵਾਰਤਾ/ਗੂਗਲ ਤੋਂ ਪਹਿਲਾਂ/15
ਜਤਿੰਦਰ ਸਿੰਘ ਹਾਂਸ/ਕਹਾਣੀ/
ਉਹਦੀਆਂ ਅੱਖਾਂ 'ਚ ਸੂਰਜ ਦਾ ਨਿਵਾਸ ਹੈ/25
ਗੁਰਮੀਤ ਕੜਿਆਲਵੀ/ਕਹਾਣੀ/ਬਾਈਕਾਟ/34
ਬਲਬੀਰ ਪਰਵਾਨਾ/ਕਹਾਣੀ/
ਭਲਾ ਐਉਂ ਵੀ ਕੋਈ ਕਰਦਾ ਹੁੰਦਾ!/40
ਜੋਗੇ ਭੰਗਲ/ਕਹਾਣੀ/ਖ਼ੁਸ਼ਬੂ ਜਾਤ ਨਾ ਜਾਣਦੀ/47
ਮਨਦੀਪ ਸਿੰਘ ਡਡਿਆਣਾ/ਕਹਾਣੀ/ਕੰਧ/53
ਸੁਕੀਰਤ/ਲੇਖ/ਵੇਲਜ਼ ਵਿਚ ਲੇਖਕ ਡਿਲਨ ਟੌਮਸ ਦੇ
ਸਮਾਰਕ-ਘਰ ਦੀ ਫੇਰੀ ਤੋਂ ਬਾਅਦ/61
ਸੁਖਵੰਤ ਹੁੰਦਲ/ਲੇਖ/ਵਾਤਾਵਰਣ ਸੰਕਟ:
ਦੁਨੀਆ ਦੇ ਧਨਾਢ ਤੇ ਕਾਰਪੋਰੇਸ਼ਨਾਂ/66
ਸੋਹਣ ਸਿੰਘ ਪੂੰਨੀ/ਲੇਖ/ਵਾਅਦਾ ਮਾਫ ਗਵਾਹ ਅਮਰ ਸਿੰਘ
ਨਵਾਂਸ਼ਹਿਰੀਆ/76
ਦਵਿੰਦਰ ਸੈਫੀ/ਰਿਵੀਊ ਲੇਖ/ਅਲਵਿਦਾ ਤੋਂ ਬਾਅਦ/81
ਗੁਲਜ਼ਾਰ ਸਿੰਘ ਸੰਧੂ/ਰਿਵਿਊ/ਸ਼ੀਸ਼ੇ ਦੇ ਅੱਖਰ/84
ਜੇ ਬੀ ਸੇਖੋਂ/ਰਿਵਿਊ/ਤਪਦੇ ਪੈਰਾਂ ਦਾ ਸਫਰ/86
ਪਰਗਟ ਸਿੰਘ/ਰਿਵਿਊ/ਮੇਰਾ ਪਿੰਡ ਮੇਰੇ ਲੋਕ/89
ਹਰਿੰਦਰ ਸਿੰਘ/ਰਿਵਿਊ/ਅੰਬਰੀਂ ਉੱਡਣ ਤੋਂ ਪਹਿਲਾਂ/91
ਰਘਬੀਰ ਸਿੰਘ/ਰਿਵਿਊ/ਸੀਤੇ ਬੁਲ੍ਹਾਂ ਦਾ ਸੁਨੇਹਾ/93
ਪੁਸਤਕ ਸੂਚੀ/96


**ਟਾਈਟਲ ਚਿੱਤਰ : ਦੇਵ**


**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 40 ਪੌਂਡ, 50 ਡਾਲਰ, ਪੰਜ ਸਾਲ : 80 ਪੌਂਡ, 100 ਡਾਲਰ**

*ਸੰਪਾਦਕੀ*

# ਚੋਣ ਸਿਆਸਤ ਅਤੇ ਵਿਚਾਰਧਾਰਕ ਏਜੰਡਾ

ਗੁਜਰਾਤ ਵਿਚ ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੀ ਜਿੱਤ ਦੇ ਮਾਇਨੇ ਐਨ ਵੱਖਰੇ ਹਨ। ਡੇਢ ਕੁ ਸਾਲ ਦੇ ਵਕਫੇ ਨੂੰ ਛੱਡ ਕੇ, ਜਦੋਂ ਉੱਥੇ 27 ਕੁ ਦਿਨ ਰਾਸ਼ਟਰਪਤੀ ਰਾਜ ਰਿਹਾ ਤੇ ਬਾਕੀ ਸਮਾਂ ਭਾਰਤੀ ਜਨਤਾ ਪਾਰਟੀ ਤੋਂ ਹੀ ਵੱਖ ਹੋਏ ਸ਼ੰਕਰ ਸਿਹੁੰ ਵਘੇਲਾ ਤੇ ਦਿਲੀਪ ਪਾਰਿਖ ਦੀਆਂ ਸਰਕਾਰਾਂ ਬਣੀਆਂ ਸਨ, ਭਾਰਤੀ ਜਨਤਾ ਪਾਰਟੀ 1995 ਤੋਂ ਹੀ ਗੁਜਰਾਤ ਵਿਚ ਸੱਤਾ ਵਿਚ ਹੈ। ਪਰ ਐਤਕੀਂ ਭਾਰਤੀ ਜਨਤਾ ਪਾਰਟੀ ਨੇ ਤਕਰੀਬਨ ਤਿੰਨ ਦਹਾਕਿਆਂ ਤੋਂ ਚੱਲੀ ਆ ਰਹੀ ਸੱਤਾ ਨੂੰ ਆਪਣੀ ਪ੍ਰਚਾਰ ਮੁਹਿੰਮ ਦਾ ਹਿੱਸਾ ਨਹੀਂ ਬਣਾਇਆ ਸਗੋਂ 2001 ਤੋਂ ਗੁਜਰਾਤ ਦੇ ਸੁਨਹਿਰੀ ਯੁੱਗ ਦਾ ਜ਼ਿਕਰ ਕੀਤਾ। 2001 ਵਿਚ ਨਰਿੰਦਰ ਮੋਦੀ ਨੇ ਪਹਿਲੀ ਵਾਰ ਗੁਜਰਾਤ ਦੇ ਮੁੱਖ ਮੰਤਰੀ ਦਾ ਪਦ ਸੰਭਾਲ਼ਿਆ ਸੀ। ਫਰਵਰੀ 2002 ਵਿਚ ਗੋਧਰਾ ਰੇਲ ਕਾਂਡ ਤੋਂ ਬਾਅਦ ਇਸ ਸੂਬੇ ਨੂੰ ਭਾਰਤੀ ਜਨਤਾ ਪਾਰਟੀ ਦੀ ਉਹ ਨਰਸਰੀ ਬਣਾਇਆ ਗਿਆ ਜਿੱਥੇ ਬਹੁਗਿਣਤੀ ਦੇ ਹਿੱਤਾਂ ਦੀ ਸਿਆਸਤ ਕਰ ਕੇ ਘੱਟਗਿਣਤੀ ਨੂੰ ਦਬਾਉਣ ਦਾ ਫਾਰਮੂਲਾ ਤਿਆਰ ਅਤੇ ਲਾਗੂ ਕੀਤਾ ਗਿਆ।

ਭਾਰਤੀ ਜਨਤਾ ਪਾਰਟੀ ਦੇ ਕੁਝ ਨੇਤਾ ਦਾਅਵਾ ਕਰ ਰਹੇ ਹਨ ਕਿ ਗੁਜਰਾਤ ਵਿਚ ਪਾਰਟੀ ਦੀ ਮਿਸਾਲੀ ਜਿੱਤ ਦੌਰਾਨ ਉਨ੍ਹਾਂ ਨੂੰ ਮੁਸਲਮਾਨਾਂ ਦੀਆਂ ਵੋਟਾਂ ਵੀ ਪਈਆਂ ਹਨ। ਇਸ ਵਕਤ ਗੁਜਰਾਤ ਵਿਚ ਮੁਸਲਮਾਨਾਂ ਦੀ ਆਬਾਦੀ ਤਕਰੀਬਨ 10 ਫ਼ੀਸਦ ਹੈ। ਵਿਧਾਨ ਸਭਾ ਦੀਆਂ ਕੁੱਲ 182 ਸੀਟਾਂ ਵਿਚੋਂ 12 ਅਜਿਹੀਆਂ ਹਨ ਜਿੱਥੇ ਮੁਸਲਮਾਨਾਂ ਦੀ ਆਬਾਦੀ 20 ਤੋਂ ਲੈ ਕੇ 30 ਫ਼ੀਸਦ ਤਕ ਹੈ; ਇਨ੍ਹਾਂ ਵਿਚੋਂ 10 ਸੀਟਾਂ ਭਾਰਤੀ ਜਨਤਾ ਪਾਰਟੀ ਨੇ ਜਿੱਤੀਆਂ ਹਨ। 53 ਸੀਟਾਂ ਅਜਿਹੀਆਂ ਵੀ ਹਨ ਜਿੱਥੇ ਮੁਸਲਮਾਨਾਂ ਦੀ ਆਬਾਦੀ 10 ਤੋਂ ਲੈ ਕੇ 15 ਫ਼ੀਸਦ ਤਕ ਹੈ ਅਤੇ ਇਨ੍ਹਾਂ 53 ਸੀਟਾਂ ਵਿਚੋਂ ਭਾਰਤੀ ਜਨਤਾ ਪਾਰਟੀ ਨੇ 50 ਸੀਟਾਂ ਉੱਤੇ ਜਿੱਤ ਹਾਸਲ ਕੀਤੀ ਹੈ। ਇਸੇ ਪ੍ਰਸੰਗ ਵਿਚ ਇਕ ਹੋਰ ਤੱਥ ਬੜਾ ਖ਼ਤਰਨਾਕ ਹੈ ਜਿਹੜਾ ਇਨ੍ਹਾਂ ਵਿਧਾਨ ਸਭਾ ਚੋਣਾਂ ਦੇ ਨਾਲ-ਨਾਲ ਉੱਤਰ ਪ੍ਰਦੇਸ਼ ਵਿਚ ਹੋਈ ਰਾਮਪੁਰ ਵਿਧਾਨ ਸਭਾ ਸੀਟ ਵਾਲੀ ਚੋਣ ਨਾਲ ਸੰਬੰਧਤ ਹੈ। ਇਸ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਨੇ ਪਹਿਲੀ ਵਾਰ ਚੋਣ ਜਿੱਤੀ ਹੈ ਅਤੇ ਇਸ ਵਿਧਾਨ ਸਭਾ ਹਲਕੇ ਵਿਚ ਮੁਸਲਮਾਨਾਂ ਦੀ ਆਬਾਦੀ ਤਕਰੀਬਨ 52 ਫ਼ੀਸਦ ਹੈ। ਇਸ ਹਲਕੇ ਬਾਬਤ ਹੁਣ ਹਕੀਕਤ ਇਹ ਸਾਹਮਣੇ ਆਈ ਹੈ ਕਿ ਹਲਕੇ ਵਿਚ ਜ਼ਿਆਦਾਤਰ ਮੁਸਲਮਾਨ ਵੋਟਰ ਵੋਟਾਂ ਪਾਉਣ ਹੀ ਨਹੀਂ ਪਹੁੰਚੇ। ਜੋ ਅੰਕੜੇ ਸਾਹਮਣੇ ਆਏ ਹਨ, ਇਨ੍ਹਾਂ ਅਨੁਸਾਰ ਸਿਰਫ 33 ਫ਼ੀਸਦ ਵੋਟਰਾਂ ਨੇ ਹੀ ਵੋਟ ਪਾਉਣ ਦਾ ਹੱਕ ਵਰਤਿਆ। ਇਸ ਹਲਕੇ ਵਿਚ ਮੁਸਲਮਾਨ ਜ਼ਿਆਦਾਤਰ ਸ਼ਹਿਰ ਵਿਚ ਰਹਿੰਦੇ ਹਨ। ਰਾਮਪੁਰ ਸ਼ਹਿਰ ਦੇ ਮੁਸਲਮਾਨ ਬਹੁਗਿਣਤੀ ਵਾਲੇ ਪੋਲਿੰਗ ਬੂਥਾਂ 'ਤੇ ਸਿਰਫ਼ 23 ਫ਼ੀਸਦ ਵੋਟਰ ਹੀ ਵੋਟਾਂ ਪਾਉਣ ਪੁੱਜੇ। ਇਸੇ ਤੱਥ ਦਾ ਦੂਜਾ ਪਾਸਾ ਇਹ ਹੈ ਕਿ ਦਿਹਾਤੀ ਖੇਤਰ ਦੇ ਹਿੰਦੂ ਬਹੁਗਿਣਤੀ ਵਾਲੇ ਬੂਥਾਂ 'ਤੇ 46 ਫ਼ੀਸਦ ਵੋਟਾਂ ਪਈਆਂ ਹਨ। ਰਾਮਪੁਰ ਹਲਕੇ ਦੇ 494 ਪੋਲਿੰਗ ਬੂਥਾਂ ਵਿਚੋਂ 45 ਉੱਤੇ 100 ਤੋਂ ਘੱਟ ਵੋਟਾਂ ਪਈਆਂ। ਇਕ ਬੂਥ ਉੱਤੇ ਤਾਂ ਸਿਰਫ਼ 2.56 ਫੀਸਦ ਵੋਟਾਂ ਹੀ ਪੋਲ ਹੋਈਆਂ ਹਨ। ਇਸ ਵਿਧਾਨ ਸਭਾ ਹਲਕੇ ਦੇ ਮੁਸਲਮਾਨ ਬਹੁਗਿਣਤੀ ਵਾਲੇ ਇਲਾਕੇ ਪੀਲ਼ਾ ਤਾਲਾਬ ਦੇ ਸੱਤ ਬੂਥਾਂ 'ਤੇ ਸਿਰਫ ਚਾਰ ਫ਼ੀਸਦ ਵੋਟਾਂ ਪੋਲ ਹੋਈਆਂ; ਬਜ਼ਰੀਆ

ਹਿੰਮਤ ਖਾਨ ਬੂਥ 'ਤੇ ਸੱਤ ਫ਼ੀਸਦ ਅਤੇ ਕੋਤਵਾਲੀ ਰੋਡ ਦੇ ਬੂਥ 'ਤੇ ਪੰਜ ਫ਼ੀਸਦ ਵੋਟਾਂ ਪੈਣ ਦੇ ਅੰਕੜੇ ਹਾਸਿਲ ਹੋਏ ਹਨ।

ਉੱਤਰ ਪ੍ਰਦੇਸ਼ ਜਿੱਥੇ ਗੁਜਰਾਤ ਵਾਂਗ ਹੀ ਬਹੁਗਿਣਤੀ ਦੇ ਹਿੱਤਾਂ ਦੀ ਸਿਆਸਤ ਕਰ ਕੇ ਘੱਟਗਿਣਤੀ ਨੂੰ ਦਬਾਉਣ ਦਾ ਫਾਰਮੂਲਾ ਬਹੁਤ ਨਿਰਦਈ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ, ਦੇ ਇਸ ਹਲਕੇ (ਰਾਮਪੁਰ) ਵਾਲੇ ਅੰਕੜੇ ਭਾਵੇਂ ਗੁਜਰਾਤ ਵਿਚ ਸਾਹਮਣੇ ਨਹੀਂ ਆਏ ਹਨ ਪਰ ਇਹ ਸਮੁੱਚਾ ਪ੍ਰਸੰਗ ਅਤੇ ਤੱਥ ਇਸ਼ਾਰਾ ਜ਼ਰੂਰ ਕਰ ਰਹੇ ਹਨ ਕਿ ਭਾਰਤ ਦੀ ਮੌਜੂਦਾ ਸਿਆਸਤ, ਖਾਸਕਰ ਚੁਣਾਵੀ ਸਿਆਸਤ ਕਿਸ ਪਾਸੇ ਮੋੜ ਕੱਟ ਰਹੀ ਹੈ। ਇਕ ਹਕੀਕਤ ਇਹ ਵੀ ਹੈ ਕਿ ਐਤਕੀਂ ਭਾਰਤੀ ਜਨਤਾ ਪਾਰਟੀ ਨੇ ਗੁਜਰਾਤ ਚੋਣਾਂ ਨਿਰੋਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਿਰ 'ਤੇ ਲੜੀਆਂ। ਇਸ ਸੂਬੇ ਵਿਚ ਪਾਰਟੀ ਦੀਆਂ ਸੀਟਾਂ ਘਟਣ ਦੇ ਖ਼ਦਸ਼ਿਆਂ ਦੇ ਬਾਵਜੂਦ ਮੋਦੀ ਨੇ ਉੱਥੇ ਤਿੰਨ ਦਰਜਨ ਦੇ ਕਰੀਬ ਰੈਲੀਆਂ ਕੀਤੀਆਂ। ਉੱਥੇ ਧਰੁਵੀਕਰਨ ਦਾ ਸਿਖ਼ਰ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਦੇ ਉਹ ਭਾਸ਼ਨ ਸਨ ਕਿ '2002 ਵਿਚ ਦੰਗਾਕਾਰੀਆਂ ਨੂੰ ਖ਼ੂਬ ਸਬਕ ਸਿਖਾਇਆ ਗਿਆ'। ਬਿਲਕੀਸ ਬਾਨੋ ਕੇਸ ਦੇ ਰਿਹਾਅ ਕੀਤੇ ਦੋਸ਼ੀਆਂ ਨੂੰ ਸਦਾਚਾਰੀ ਬ੍ਰਾਹਮਣ ਕਹਿਣ ਵਾਲੇ ਆਗੂ ਸੀ.ਕੇ. ਰਾਊਲਜੀ ਨੂੰ ਮੁੜ ਟਿਕਟ ਦਿੱਤੀ ਗਈ ਅਤੇ ਉਹ ਜਿੱਤ ਵੀ ਗਿਆ। ਹਾਲਾਤ ਦੀ ਵਿਡੰਬਨਾ ਇਹ ਹੈ ਕਿ ਇਸ ਆਗੂ ਨੇ 2022 ਤੇ 2017 ਤੋਂ ਪਹਿਲਾਂ ਗੋਧਰਾ ਹਲਕੇ ਤੋਂ 2012 ਤੇ 2007 ਵਾਲੀਆਂ ਚੋਣਾਂ ਬਤੌਰ ਕਾਂਗਰਸੀ ਲੀਡਰ ਜਿੱਤੀਆਂ ਸਨ। ਗੁਜਰਾਤ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਲੀਡਰ ਰਾਹੁਲ ਗਾਂਧੀ ਦੀਆਂ ਸਿਰਫ ਦੋ ਰੈਲੀਆਂ ਅੱਜ ਦੇ ਹਾਲਾਤ ਦੀ ਦੂਜੀ ਵਿਡੰਬਨਾ ਜ਼ਾਹਿਰ ਕਰਦੀਆਂ ਹਨ। ਤੀਜੀ ਵਿਡੰਬਨਾ ਇਹ ਵੀ ਹੈ ਕਿ ਰਾਹੁਲ ਗਾਂਧੀ ਨੂੰ ਛੱਡ ਕੇ ਕੋਈ ਹੋਰ ਲੀਡਰ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਿਆਸੀ ਸਰਪ੍ਰਸਤ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਦੀਆਂ ਮਾਰੂ ਨੀਤੀਆਂ ਨੂੰ ਓਨੀ ਸ਼ਿੱਦਤ ਨਾਲ ਵੰਗਾਰ ਨਹੀਂ ਰਿਹਾ। ਬਹੁਤ ਥਾਈਂ ਖ਼ਾਮੋਸ਼ੀ ਵਿਆਪੀ ਹੋਈ ਹੈ।

ਉਂਝ, ਇਨ੍ਹਾਂ ਹਾਲਾਤ ਦੇ ਬਾਵਜੂਦ ਹਕੀਕਤ ਇਹ ਵੀ ਹੈ ਕਿ ਉੱਤਰੀ ਭਾਰਤ ਦੇ ਇਕ ਹਿੱਸੇ ਵਿਚ ਭਾਰਤੀ ਜਨਤਾ ਪਾਰਟੀ ਦੀ ਹਿੰਦੂਤਵੀ ਸਿਆਸਤ ਉਸ ਤਰ੍ਹਾਂ ਦਾ ਰੰਗ ਨਹੀਂ ਦਿਖਾ ਰਹੀ। ਤਕਰੀਬਨ ਇਹੀ ਹਾਲ ਦੱਖਣੀ ਭਾਰਤ ਦੇ ਕੁੱਝ ਹਿੱਸਿਆਂ ਦਾ ਹੈ ਪਰ ਇਸ ਪਾਰਟੀ ਦੀ ਸੱਤਾ-ਸਿਆਸਤ ਅਤੇ ਚੁਣਾਵੀ-ਸਿਆਸਤ ਕੁਝ ਵਧੇਰੇ ਧਿਆਨ ਮੰਗਦੀ ਹੈ। ਸੱਤਾ ਦੀ ਸਿਆਸਤ ਤਹਿਤ ਇਸ ਨੇ ਹਰ ਸੰਸਥਾ ਦੀਆਂ ਇਕ ਤਰ੍ਹਾਂ ਨਾਲ ਗੋਡਣੀਆਂ ਲੁਆ ਦਿੱਤੀਆਂ ਹਨ; ਜੱਥੇਬੰਦੀਆਂ ਉੱਤੇ ਇਸ ਤਰ੍ਹਾਂ ਕਾਠੀ ਪਾਈ ਹੈ ਕਿ ਸ਼੍ਰੋਮਣੀ ਅਕਾਲੀ ਦਲ ਵਰਗੀ ਜਮਾਤ ਜਿਹੜੀ ਖ਼ੁਦ ਨੂੰ ਸੂਬਿਆਂ ਨੂੰ ਵੱਧ ਹੱਕਾਂ ਦੀ ਝੰਡਾ-ਬਰਦਾਰ ਹੋਣ ਦੇ ਦਾਅਵੇ ਕਰਦੀ ਸੀ, ਜੰਮੂ ਕਸ਼ਮੀਰ ਦੇ ਵੱਧ ਹੱਕ ਖੋਹਣ ਦੇ ਮਾਮਲੇ ਵਿਚ ਪਾਰਲੀਮੈਂਟ ਵਿਚ ਭਾਰਤੀ ਜਨਤਾ ਪਾਰਟੀ ਦੇ ਹੱਕ ਵਿਚ ਭੁਗਤਦੀ ਹੈ।

ਫਿਰ ਵੀ ਸੱਤਾ ਦੀਆਂ ਵਧੀਕੀਆਂ ਖ਼ਿਲਾਫ਼ ਹੁਣ ਇਹ ਆਵਾਜ਼ ਬੁਲੰਦ ਹੋਣੀ ਆਰੰਭ ਹੋਈ ਹੈ ਕਿ ਘੱਟੋ-ਘੱਟ ਮੁਲਕ ਦੇ ਬੁੱਧੀਜੀਵੀ ਖ਼ਾਮੋਸ਼ ਨਾ ਰਹਿਣ। ਸਿਆਸੀ ਤੇ ਮਨੁੱਖੀ ਹੱਕਾਂ ਦੇ ਕਾਰਕੁਨਾਂ, ਵਕੀਲਾਂ, ਪੱਤਰਕਾਰਾਂ, ਲੇਖਕਾਂ, ਕਲਾਕਾਰਾਂ ਉੱਤੇ ਲਗਾਤਾਰ ਸ਼ਿਕੰਜਾ ਕਸੇ ਜਾਣ ਕਾਰਨ ਹੁਣ ਇਹ ਖ਼ਾਮੋਸ਼ੀ ਤੋੜਨ ਦਾ ਹੋਕਾ ਲੱਗ ਰਿਹਾ ਹੈ। ਇਸ ਪ੍ਰਸੰਗ ਵਿਚ ਸਾਹਿਤ-ਸੱਭਿਆਚਾਰ ਨਾਲ ਜੁੜੀ ਅਵਾਮ ਦਾ ਕੀ ਰੋਲ ਹੋਵੇ, ਇਹ ਮਸਲਾ ਬਹਿਸ-ਗੋਚਰਾ ਹੈ। 'ਇਪਟਾ' ਵਰਗੀਆਂ ਜੱਥੇਬੰਦੀਆਂ ਦਾ ਆਪਣਾ ਸ਼ਾਨਾਂਮੱਤਾ ਇਤਿਹਾਸ ਹੈ। ਸਾਡੇ ਕੋਲ਼ ਇਨਾਮ ਵਾਪਸੀ ਵਰਗੀ ਮਿਸਾਲ ਵੀ ਹੈ ਜਦੋਂ ਸੱਤਾ ਨੂੰ ਪਿਛਾਂਹ ਹਟਣ ਲਈ ਮਜਬੂਰ ਹੋਣਾ ਪਿਆ ਸੀ। ਕਿਸਾਨ ਅੰਦੋਲਨ ਵਿਚ ਸਾਹਿਤ-ਸੱਭਿਆਚਾਰ ਨਾਲ ਜੁੜੇ ਲੋਕਾਂ ਦਾ ਨਿੱਗਰ ਯੋਗਦਾਨ ਵੀ ਕਿਸੇ ਨੂੰ ਭੁੱਲਿਆ ਨਹੀਂ ਹੈ। ਸਵਾਲ ਇਹ ਹੈ ਕਿ ਇਹ ਬੱਝਵੇਂ ਅਤੇ ਅਸਰਦਾਰ ਰੂਪ ਵਿਚ ਕਿਵੇਂ ਪ੍ਰਗਟ ਹੋਵੇ? 000

# ਦੇਵ ਦੀਆਂ ਕੁਝ ਸੱਜਰੀਆਂ ਕਵਿਤਾਵਾਂ

## ਪੈਰ ਪੱਥਰ ਯਾਤਰੀ

ਪਿਆਰ
ਸੌਂ ਰਹੇ ਪਾਣੀਆਂ ਦੇ ਸੁਪਨਿਆਂ ਨੂੰ
ਦਸਤਕ ਆਪਣੀ ਨਾਲ ਮੁੜ ਜਗਾ ਮੇਰੇ ਅੰਦਰ
ਅਨੇਕਾਂ ਲਹਿਰਾਂ ਨਾਲ ਤਰਾਸ਼ਿਆ ਪੱਥਰ ਹਾਂ
ਤੇਰੇ ਚੇਤਿਆਂ ਨਾਲ ਗੋਲ਼ ਮਟੋਲ਼
ਡੁੱਬਦਾ ਨਹੀਂ ਕਿਸੇ 'ਅਚਾਨਕੀ' ਭੰਵਰ ਦੀ ਉਡੀਕ ਅੰਦਰ
ਤਰਦੈ ਰਹਿੰਦੈ
ਏਸ ਕੰਢੇ ਤੋਂ ਓਸ ਕਿਨਾਰੇ ਵੱਲ
ਲਗਾਤਰ ਟਿਕਟਿਕੀ ਨਾਲ
ਨੀਂਦ ਨੇ ਕਿਹਾ ਹੁਣ ਸੌਂ ਵੀ ਜਾ
ਜਗਿਆਸਾ ਜ਼ਮੀਨਦੋਜ਼ ਹੋ ਗਈ ਜਿਲਦ ਨੂੰ
ਮੁੜ ਦਰਿਆ ਬਣਾਉਂਦੀ
ਜਾਗ ਰਿਹੈਂ?
ਤੇ---ਮੈਂ
ਝੱਲੀ ਜਿਹੀ ਉਤਸੁਕਤਾ ਨਾਲ
ਤੁਰ ਪੈਂਦਾ
ਪਿਆਰ ਤੈਨੂੰ ਤਲਾਸ਼ਣ
ਕਿੱਥੇ ਰੱਖਕੇ ਤੈਨੂੰ ਅਪਣੀਆਂ ਖਾਮੋਸ਼ੀਆਂ ਅੰਦਰ
ਵਿਸਰ ਜਾਂਦਾ
ਤੈਨੂੰ ਵਾਰ ਵਾਰ ਚੇਤੇ ਕਰਦੇ ਰਹਿਣ ਲਈ
ਚਿਰਾਂ ਦੇ ਭੁੱਲੇ ਵਿਸਰੇ ਪਲ
ਸੁਨਹਿਰੀ ਹੋ ਜਾਂਦੇ ਨੇ 000

## ਮੇਰਾ ਪਤਾ

ਇਹ ਆ ਮੇਰਾ ਪਤਾ
ਕਿਸੇ ਵੀ ਥੇਹ ਅੰਦਰ ਲਿਸ਼ਕਦੇ ਰਿਸ਼ਤਿਆਂ ਦਾ
ਸਿਰਨਾਵਾਂ ਹਾਂ ਮੈਂ
ਉਜੜੇ ਘਰਾਂ ਦਾ
ਦਰਾਂ ਨੇ ਦਰਵੇਸ਼ ਦੇ ਖੰਭ ਮਚਕੋੜ ਦਿੱਤੇ
ਤੇ ਤੁਰ ਪਿਆ ਉਹ ਕੱਲੇ ਕਾਰੇ ਰਾਹਾਂ 'ਤੇ
ਰਿਆਜ਼ ਰੋਜ਼ ਤੁਰਨ ਦਾ ਰਿਆਜ਼
ਮੋਹ ਹੋ ਗਿਆ ਪੁਲ਼ਾਂ ਬੰਦਰਗਾਹਾਂ ਸੁੰਨੀਆਂ ਸਰਾਵਾਂ ਨਾਲ

ਅਰਥਾਂ ਰਿਸ਼ਤਿਆਂ ਤੋਂ ਮੁਕਤ ਰਸਤੇ
ਨਵੇਂ ਨਵੇਂ ਬਦਲਦੇ ਰਹਿੰਦੇ ਨੇ ਮੇਰੇ ਸਿਰਨਾਵੇਂ
ਘਰ ਤਗ਼ਮੇ ਤਾੜੀਆਂ ਇੱਛਾਵਾਂ
ਸੰਸਾਰੀ ਨਿਸ਼ਾਨਦਹੀਆਂ ਦੇ ਸਿਰਲੇਖ ਨੇ
ਅਪਣੀ ਅਪਣੀ ਕਬਰ ਤਕ ਪੁੱਜਣ ਦੀਆਂ
ਗ਼ਰੀਬ ਬੇਬਸੀਆਂ
ਇਸ਼ਕ ਸੁਪਨੇ ਜਗਿਆਸਾ ਦਾ ਰਾਜ਼
ਜਿਸ ਦਿਨ ਅੱਖ ਨੇ 'ਤੱਕਣਾ' ਵਿਸਾਰਤਾ
ਉਸ ਦਿਨ ਹੀ ਮੇਰੀ ਨਜ਼ਰ ਦੀ ਮੌਤ ਏ
ਦੁਨੀਆਂ ਭਰ ਅੰਦਰ ਨੇ ਮੇਰੇ ਸੰਸਾਰ
ਕਿਸ ਦਾ ਸਿਰਨਾਵਾਂ ਢੂੰਡਣ ਆਏ ਹੋ
ਏਥੇ 'ਰਹਿੰਦਾ' ਵੀ ਉਹ ਏਥੇ ਨਹੀਂ ਹੁੰਦਾ
ਤੁਹਾਡੇ 'ਸੰਸਾਰ' ਅੰਦਰ ਉਦਾਸ ਰਾਹਾਂ 'ਤੇ
ਇਕ ਗੁਆਚਿਆ ਫਰਿਸ਼ਤਾ ਅਪਣੇ ਖੰਭ ਲੱਭ ਰਿਹਾ 000

## ਚੀਤਾ ਚੈਨਲ: ਬੇਸਿਰਿਆਂ ਦਾ ਚਿੜੀਆਘਰ

ਚੀਤਾ ਚੈਨਲ ਦੇ ਮੂਰਖੀ ਡੱਬੇ 'ਤੇ
ਧਰਮੀ ਫਰੇਬੀਆਂ ਦੇ
ਕਚੀਚੀਆਂ ਲਿੱਬੜੇ ਕਸੂਤੇ ਚਿਹਰੇ
ਜੈ ਜੈ ਕਾਰ ਕਰਨ ਤੋਂ ਪਹਿਲਾਂ
ਛੜੱਪੇ ਮਾਰਦੇ
ਯੋਗੀ ਬਾਂਦਰ ਦੀਆਂ
ਢਿੱਡ ਨਚਾਉਣ ਹਸਾਉਣ ਵਾਲੀਆਂ
ਟਪੂਸੀਆਂ
ਹਾਰ-ਸ਼ਿੰਗਾਰ ਨਾਲ ਚੀਤਾ ਜੀ ਦਾ ਦੇਸ਼-ਦਰਸ਼ਨ
ਭਟਕਦੀ ਭੀੜ ਦਾ ਅੰਨ੍ਹਾ ਹਾਸਾ
ਅਪਣੇ ਆਪ ਦੇ ਗੁਆਚੇ ਹੋਣ ਦਾ ਮਾਤਮ
ਜੰਗਾਲੇ ਪਿੰਜਰੇ ਅੰਦਰ
ਸੋਨੇ ਦੀ ਚਿੜੀ ਆਯਾਤੀ ਮੂਰਤੀ
ਨਵ-ਮੰਦਰ
ਸੁਨਹਿਰੀ ਚਿੜੀ ਦੀ ਪ੍ਰਤਿਮਾ ਨਹੀਂ
ਨਿਰਾ ਮਰੇ ਇਤਿਹਾਸ ਦਾ ਚੇਤਾ
ਬੇਸਿਰਿਆਂ ਦੇ ਕੰਨਾਂ 'ਚ ਚੀਕਾਂ ਮਾਰ ਮਾਰ
ਮੂਰਖ ਡੱਬੇ 'ਤੇ ਦਿਨ ਰਾਤ
ਇਸ਼ਤਿਹਾਰਿਆ ਜਾ ਰਿਹਾ
ਹੰਕਾਰੀ ਬੁਲਬੁਲਿਆਂ ਨਾਲ ਸੱਚ ਦੇ ਨਾਂ 'ਤੇ
ਝੂਠੇ ਦਸਤਾਵੇਜ਼ ਪਰਚਾਰੇ ਜਾਂਦੇ ਨੇ

ਅੱਜ ਕੱਲ
ਚੀਤਾ ਚੈਨਲਾਂ 'ਤੇ 000

**ਧੰਨਵਾਦ**

ਪਰਵਾਸੀ ਸੱਥ ਦੇ ਨਖਰਿਆਂ 'ਚ
ਮੈਂ ਘਿਸ ਗਿਆ
ਹਫਤਾਵਾਰੀ ਤਵਾ ਨਹੀਂ
ਚੇਤਿਆਂ ਦੇ ਸ਼ੁਗਲਾਂ ਦੀ ਰੀਂ ਰੀਂ ਵੀ ਨਹੀਂ
'ਸਿਆਣੇ' ਪਾਰਖੂ ਨੇ ਮੈਨੂੰ ਵੀ
ਪਰਵਾਸੀ ਸੰਗ੍ਰਹਿ 'ਚ + ਕਰਨ ਦੀ
ਖਬਰ ਦਿੱਤੀ
ਮੇਰਾ ਦੇਸ਼ ਵਾਸ
ਪਰ ਤੇ ਪੈਰ ਨੇ
ਤੁਸੀਂ ਮੈਨੂੰ ਜਿਵੇਂ ਮਰਜ਼ੀ ਜਿੱਥੇ ਕਿਤੇ ਵੀ
ਖਾਨਾਪੂਰੀ ਲਈ
ਕਿਸੇ ਵੀ ਐਸੇ ਵੈਸੇ ਖਾਨਿਆਂ ਵਿਚ ਘਸੋੜ ਦਿੰਦੇ ਹੋ
ਤਰ੍ਹਾਂ ਤਰ੍ਹਾਂ ਦੇ ਝੱਟਪਟੇ ਚੱਕਵੇਂ ਚੁਲ੍ਹਿਆਂ 'ਤੇ
ਕਦੇ ਵੀ ਢਾਬੇ ਨਹੀਂ ਚੱਲਦੇ
ਸ਼ਬਦ ਦੀ ਪਹਿਚਾਣ ਏ
ਕਿੱਥੇ ਖਿੜਦੈ....ਕਿਸ ਤਰ੍ਹਾਂ ਦੀਆਂ ਮਿੱਟੀਆਂ 'ਚ ਮਹਿਕਦੈ
ਤੁਹਾਡੀ ਟੋਲੀ ਸੱਥ ਕਬੀਲੇ ਦਾ
ਮੈਂ ਕਦੇ ਵੀ ਅੰਗ ਸੰਗੀ ਨਹੀਂ ਰਿਹਾ
ਸੁੰਨੇ ਆਲ਼ੇ 'ਚ ਜਗਦੀ
ਅੱਗ ਮੱਚਣੇ ਦੀ ਅੱਖ ਹਾਂ
ਟਹਿਣੀਆਂ 'ਤੇ ਪਰਿੰਦਿਆਂ ਦਾ 'ਠਹਿਰਾਅ' ਹੁੰਦਾ
ਟਿਕਾਣਾ ਨਹੀਂ
ਸਿਰਜਣਾ ਤੋਂ ਸਿਵਾ ਸਿਰਜਕ ਦਾ ਜੋਈ ਦੇਸ਼ ਪਰਦੇਸ਼ ਨਹੀਂ
ਪਰਿੰਦਿਆਂ ਦਾ ਪਰਵਾਸ ਉਹਨਾਂ ਦੀ ਪਰਵਾਜ਼ ਹੁੰਦੀ ਐ
ਆਲ੍ਹਣੇ ਘੌਂਸਲੇ ਘਰ ਆਰਜ਼ੀ ਛਿਣਭੰਗਰੀ
ਅਜੇ ਹੋਰ ਉੱਡਣ ਨੀਲਾਂਬਰ ਂ ਨੂੰ ਮਿਲਣ 'ਤੱਕਣ' ਲਈ
ਜੰਗਾਲੇ ਪਿੰਜਰੇ ਨੂੰ ਲੱਗਾ ਸੋਨੇ ਦਾ ਤਾਲਾ ਨਹੀਂ
ਚੇਤੇ ਕਰਨ ਲਈ ਧੰਨਵਾਦ
ਮੈਂ ਪਰਵਾਸੀ ਨਹੀਂ 000

**ਉਹ ਤੱਕਣੀ**

ਉਹ ਤੱਕਣੀ ਧੁਰ ਅੰਦਰ ਅਜੇ ਵੀ ਸਾਂਭ ਰੱਖੀ ਏ ਮੈਂ
ਅੱਖਾਂ ਖੋਲ੍ਹਣ ਹੀ ਨਹੀਂ ਦੇ ਰਹੀ
ਸੰਸਾਰ 'ਚ ਕਿਵੇਂ ਤੁਰਾਂਗਾ
ਤੈਨੂੰ 'ਦਰਸ਼ਨ' ਤੋਂ ਬਿਨਾਂ

ਰਿਸ਼ਤਿਆਂ ਦੀਆਂ ਭੁੱਲ ਭਲਈਆਂ ਅੰਦਰ ਭਟਕਿਆ ਹਾਂ
ਨਸੀਹਤਾਂ ਦੇ ਅੰਬਾਰ
'ਸਿਆਣਾ' ਬਣ
ਉਹ ਜੋ 'ਤੱਕਣੀ' ਸਾਂਭ ਸਾਂਭ ਰੱਖੀ
ਚੁੱਪ ਦੇ ਤਲਿਸਮੀ ਭੋਰਿਆਂ ਅੰਦਰ
ਕਿਵੇਂ ਨਸ਼ਰ ਕਰ ਦਿਆਂ ਸੱਥਾਂ ਦੀਆਂ ਚੁਗਲੀਆਂ ਲਈ
ਤੁਰਿਆ ਰਹਿੰਦੈ ਬਾਲਕ ਬਣ ਜਗਿਆਸਾ ਦੇ ਨਾਲ ਨਾਲ
ਤੈਨੂੰ ਤੱਕਣ ਲਈ
ਰੋਜ਼ ਮੇਰਾ ਇਮਤਿਹਾਨ ਹੁੰਦੈ
ਨਿੱਤ ਮੇਰਾ ਪੁਨਰ ਜਨਮ
ਕੀ ਮੈਂ ਉਹ ਹੀ ਨਹੀਂ
ਜੋ ਤੈਨੂੰ ਕਦੇ ਮਿਲਿਆ ਸੀ
ਵੰਝਲੀ ਦੀ ਹੇਕ 'ਚੋਂ ਹਉਕੇ ਸਿਮ ਰਹੇ ਨੇ
ਅੱਖਾਂ ਖੁਲ੍ਹਣ ਲਈ
ਕਿਸਨੂੰ ਉਡੀਕਦੀਆਂ ਨੇ
ਤੈਨੂੰ ਜਾਂ ਮੈਨੂੰ? 000

## ਸੂਰਜੀ ਇੱਛਾ

ਪਹੁਫੁਟਾਲੇ ਦੀ ਊਸ਼ਾ ਦੀ ਸਰਘੀ ਨਾਲ
ਸੰਨਿਆਸੀ ਸੂਰਜ ਨੇ
ਨਿੱਕੇ ਜਿਹੇ ਦੀਵੇ ਨੂੰ ਮੱਥਾ ਟੇਕਿਆ
ਅਸੀਸ ਦੇ ਆਪਣੇ ਧੀਰਜ ਦੀ
ਅਸਤ ਹੋਣ ਤਾਈਂ
ਦਿਨ ਦੇ ਸਹਿਰਾਅ ਨੂੰ
ਸ਼ੂਨਯ ਚਿੱਤ ਨਾਲ ਮਲ੍ਹਕ ਮਲ੍ਹਕ
ਤੁਰਦਾ ਮੱਚਦਾ ਜਗਦਾ ਰਹਾਂ
ਹਰ ਤਰ੍ਹਾਂ ਦੇ ਗ੍ਰਹਿਣਾਂ ਤੋਂ ਮੁਕਤ ਹੋ ਕੇ
ਸੰਧਿਆ-ਪਲ ਫੇਰ ਤੈਨੂੰ ਮਿਲਣ ਆਵਾਂ
ਨੰਨ੍ਹੇ ਨਿੱਕੇ ਦੀਵੇ
ਮੇਰੇ ਮੁੜ ਉੱਗਣ ਤਕ
ਕਿਸੇ ਦੀ ਵੀ ਨੀਂਦ ਅੰਦਰ ਸੁਪਨੇ ਨੂੰ
ਦੁਰਸੁਪਨਾ ਨਾ ਬਣਨ ਦੇਵੀਂ
ਸੰਝ ਦੀ ਲਾਲੀ 'ਚ ਭਿੱਜੇ ਸੂਰਜ ਨੇ
ਕਿਹਾ ਦੀਵੇ ਨੂੰ 000

## ਬੀਜ

ਪਾਗ਼ਲਪਨ ਦੀ ਉਡੀਕ ਲਈ
ਕਿੰਨਾ 'ਕੁਝ' ਗੁਆ ਆਉਂਦਾ ਹਾਂ
ਜੱਗ ਜਿਸਨੂੰ ਅਸਲੀ ਵਿਵੇਚਨੀ ਕਹਿੰਦੈ

ਨਜ਼ਰਾਂ ਮੇਰੀਆਂ ਵਾਸਤੇ ਪਲ ਭਰ ਲਈ
ਛਲ-ਕਪਟੀ ਕਾਲਿਕ
ਮਹਾਂ-ਕਾਲੀ
ਕਾਲ਼ੀ ਸੁਰੰਗ ਅੰਦਰ ਕਾਲ਼ੀ ਝਰਨਾਹਟ
'ਕਾਲਾ' ਵੀ ਚਾਨਣ ਹੁੰਦੈ
ਮਿੱਟੀ ਨੇ ਕਿਹਾ ਬੀਜ ਨੂੰ
ਸਬਰ ਰੱਖ
ਹਰਾ ਹੋਣ ਲਈ ਕਾਹਲ਼ਾ ਨਾ ਹੋ
ਨਹੀਂ ਤਾਂ ਤੇਰੀ ਨਾਭੀ ਅੰਦਰ ਨਿਰਾ ਹਨੇਰਾ ਹੋਜੇਗਾ
ਹਰਾ ਹੋਣ ਦੀ ਖਾਮੋਸ਼ੀ ਦੇ ਨਿੱਘ ਅੰਦਰ
ਬੀਜ ਸੁਪਨਾਉਣ ਲੱਗਾ
ਸੂਰਜ ਦੇ ਤਪਦੇ ਮੱਥੇ ਨੂੰ
ਮੱਥਾ ਟੇਕਣ ਲਈ 000

**ਸਤਰਾਂ ਸੱਤਰੰਗੀਆਂ**

0 ਕਿਹਾ ਗੁਲਾਬ
ਗੁਲਾਬ ਨੇ ਤਲੀ 'ਤੇ ਕੰਡੇ ਸਜਾ'ਤੇ
ਰੱਤ ਨਾਲ ਰੰਗਿਆ ਗਿਆ
ਚਿਹਰੇ ਦੀ ਚੁਗਾਠ 'ਚ ਕੈਦ
ਸੂਰਜ
ਧੁੱਪ ਮੀਂਹ 'ਬਣ' ਪੈ ਰਹੀ
ਮੈਂ ਚੰਨ ਦੀ ਠੰਢ 'ਚ ਕੰਬਦਾ
ਧੁੰਦ ਦਾ ਪਰਛਾਵਾਂ

0 ਪਿਆਰ ਕਿਉਂ
ਇਉਂ ਹੌਲ਼ੀ ਹੌਲ਼ੀ ਵਿਸਰਦੈ
ਭੁੱਲ ਜਾ ਬਣਨ ਦੇ ਭੁਲੱਕੜ
ਉਸ ਪ੍ਰਥਮ ਪਲ ਤੋਂ
ਅੰਤਿਮ ਉਡੀਕ ਤਕ
ਜਾਂ---ਮਿੱਟੀ ਆਪਣੀ ਅੰਦਰ ਇਸ ਤਰ੍ਹਾਂ ਗੁੰਨ੍ਹ ਦੇ
ਤੈਥੋਂ ਸਦਾ ਲਈ 'ਵਿਥ' ਜਾਵਾਂ
ਹਰਾ ਘਾਹ ਬਣ ਮੁੜ ਉੱਗ ਪਵਾਂ
ਤੇਰੀ ਮਿੱਟੀ ਅੰਦਰ
ਪਿਆਰ ਕਿਉਂ?
ਇਸ ਤਰ੍ਹਾਂ !!!

0 ਅੱਖਾਂ ਰਾਹੀਂ
ਉਤਰਿਆ

ਤੇਰਾ ਅੱਖਰ ਅੱਖਰ
ਅੱਖਾਂ ਦੇ ਪਾਣੀ ਨੇ ਚੁੱਪ ਨਾਲ ਕਿਹਾ
ਇਹ ਪਿਆਰ ਸੀ
ਮੈਂ ਅੱਖਰਾਂ ਅੰਦਰ
ਕੋਹਾਂ ਤੀਕ ਖਿੱਲਰ ਗਿਆ

0 ਤੂੰ ਕਿਹਾ
ਕਦੇ ਮੁੜ ਮਿਲਾਂਗੇ
ਮੈਂ ਓਥੇ ਹੀ ਅਟਕ ਗਿਆ
ਫੇਰ ਪਿਛਾਂਹ ਵੱਲ ਝਾਕਿਆ ਹੀ ਨਾ
ਤੇ----ਤੂੰ ਕਦੋਂ ਦੀ ਜਾ ਚੁੱਕੀ ਸੀ
ਅਪਣੇ ਨਵੇਂ 'ਸੰਸਰ ' ਵੱਲ

0 ਖ਼ੂਬਸੂਰਤ ਏ 'ਉਹ' ਥਾਂ
ਜਿੱਥੇ ਤੂੰ ਕਦੇ ਬੈਠੀ ਸੀ
ਏਥੋਂ ਮੈਂ ਹਿੱਲਿਆ ਹੀ ਨਾ
ਕੀ ਮੁਹੱਬਤ ਇਸੇ ਨੂੰ ਕਹਿੰਦੇ ਨੇ

0 ਉੱਜੜੀ ਕਬਰ 'ਤੇ
ਪੱਤਝੜ ਦਾ ਪੱਤਾ
ਹੁਣੇ ਹੀ ਏਥੋਂ ਕੋਈ
ਸੁਪਨਾ ਹੋ ਕੇ ਗਿਆ

0 ਜਲ਼ਦੀ ਲੱਕੜੀ 'ਤੇ ਪਿਆ
ਸੁੱਤਾ ਸਾਹ
ਸਮੇਂ ਨੇ ਆਪੇ ਨੂੰ ਸੁਆਹ 'ਚ ਨੁਹਾ ਲਿਆ
ਚੁੱਪ ਚੁਪੀਤੇ ਪਾਣੀ ਅੰਦਰ ਵਗ ਰਹੇ 'ਫੁੱਲ'
ਤਾਰਿਆਂ ਨਾਲ ਗੱਲਬਾਤ ਕਰਦੇ

0 ਚਿੱਟਾ
ਨੀਂਦ ਅੰਦਰ ਸੁਰਖਿਆ ਗਿਆ
ਰਾਤ ਕਦੇ ਵੀ ਕਾਲ਼ੀ ਨਹੀਂ ਹੁੰਦੀ
ਰਕਸਦੀ ਤਿਤਲੀ ਦਾ
ਸਤਰੰਗੀ ਆਕਾਸ਼
ਸੁਪਨਿਆਂ ਨੂੰ +, _ ਕਰਨੀ ਆਉਂਦੀ ਏ

0 ਤੁਰਿਆ

ਸਿਰ 'ਤੇ ਮਖਮਲੀ ਧੁੱਪ ਸੀ
ਅਪੜਿਆ ਹਾਂ ਸਲੇਟੀ ਆਥਣ ਅੰਦਰ
ਹੁਣ
ਸੁਰੱਖਿਆ ਏਨੀ
ਨਾ ਚਾਹੇ ਘਟਨਾ ਫੇਰ ਵੀ ਵਾਪਰ ਜਾਂਦੀ

0 ਜਦੋਂ ਉਹ 'ਝਾਕੀ'
ਮੈਂ ਹੱਕਾ ਬੱਕਾ ਹੋ ਗਿਆ
ਉਹ ਹਿਮ ਤੋਂ ਆਈ
ਮੈਂ ਸਹਿਰਾਅ ਤੋਂ
ਦੋਨੋਂ ਜਲ-ਥਲ ਹੋ ਗਏ

0 ਮੀਂਹ ਦੇ ਭਿੱਜੇ ਧਾਗਿਆਂ ਨਾਲ
ਮਿੱਟੀ 'ਤੇ ਬੁਣਦਾ ਹਾਂ
ਹਰਿਆਈ

0 ਪੁਰਾਤਨ ਕਾਲ਼
ਅੰਨ੍ਹੀ ਗੁਫਾ
ਅੰਦਰ ਚਾਂਦੀ ਦਾ ਢੇਰ
ਪਰਛਾਵਿਆਂ ਨਾਲ ਲਿੱਬੜੇ ਸ਼ੀਸ਼ੇ
ਮੋਇਆਂ ਦੇ ਨਿਸ਼ਾਨ
ਜਿਉਂਦਿਆਂ ਲਈ ਭਟਕਣ
ਰਾਹਾਂ 'ਤੇ ਸ਼ੇਸ਼ਨਾਗ
ਰੱਬ ਘਰ ਬੰਦ ਦਰ ਕਿੰਨਾ ਡਰ
ਮੰਦਰ ਜਾਂ ਮਸਾਣ

0 ਰੋਜ਼ ਮੇਰੇ ਨਾਲ
ਨਟਖਟ ਰੇਖਾ ਤੁਰਦੀ
ਅੱਖਰ ਬਣ ਜਾਣ ਲਈ
ਘੁੱਗੂ ਘੋੜਿਆਂ ਦਾ ਰਕਸ ਕਰਦੀ
ਸੁਰਾਂ ਦੀ ਸੰਗਤ
ਰੋਜ਼ ਉਸਦੀ 'ਪਉਣ' ਸ਼ਬਦ ਸ਼ਬਦ
ਮੇਰੇ ਪੋਟਿਆਂ 'ਤੇ ਖੇਡਦੀ
ਨਿੱਤ ਮੈਂ ਤਲਿਸਮੀ ਜਗਿਆਸਾ ਨੂੰ ਮਿਲਣ ਜਾਂਦਾ
ਇਸ ਨਟਖਟ ਰੇਖਾ ਦੀ ਉਂਗਲ਼ ਫੜ ਕੇ
ਹਾਂ ਰੋਜ਼---- 000

***(Schulhausgasse 12, CH 3113, Rubigen, SWITZERLAND)***

# ਨਿੱਕੀ ਬੱਚੀ ਬਹਿਰ: ਕੁਝ ਕਵਿਤਾਵਾਂ: ਮਲਵਿੰਦਰ

## ਦਾਦੀ ਦੀ ਗੋਦੀ

ਦਾਦੀ ਦੀ ਗੋਦੀ 'ਚ ਨਿੱਘ ਹੁੰਦਾ
ਨਿੱਘ 'ਚ ਲੋਰੀ ਹੁੰਦੀ, ਲੋਰੀ 'ਚ ਨੀਂਦ
ਨੀਂਦ 'ਚ ਸੁਪਨਾ ਹੁੰਦਾ, ਸੁਪਨੇ 'ਚ ਬਹਿਰ

ਦਾਦੀ ਦੀ ਗੋਦੀ 'ਚ ਬਾਤਾਂ ਹੁੰਦੀਆਂ
ਬਾਤਾਂ 'ਚ ਚਿੜੀ ਹੁੰਦੀ, ਕਾਂ ਹੁੰਦਾ, ਤੋਤਾ ਹੁੰਦਾ
ਰਾਜਕੁਮਾਰ ਤੇ ਰਾਜਕੁਮਾਰੀ ਵੀ ਹੁੰਦੇ

ਅਚਾਨਕ ਦ੍ਰਿਸ਼ ਬਦਲਦਾ
ਦਾਦੀ ਦੀ ਗੋਦੀ 'ਚੋਂ ਉੱਠ
ਲੈਪਟੋਪ ਦੇ ਸਿਰਹਾਣੇ ਜਾ ਬਹਿੰਦੀ ਬਹਿਰ
ਪੈਪਾ ਪਿਗ, ਮਾਸ਼ਾ ਕੋਕੋ ਮੈਲਨ ਤੇ ਹੋਰ ਕਈ
ਬਹਿਰ ਦਾ ਟੱਬਰ ਬਣ ਬਹਿੰਦੇ
ਬਹਿਰ ਦਾਦੀ ਦੀ ਨਾ ਰਹਿੰਦੀ, ਬਾਤਾਂ ਨਾ ਸੁਣਦੀ

ਸੁਪਨੇ ਟੁੱਟਦੇ
ਬਾਤਾਂ 'ਚੋਂ ਕਾਂ-ਚਿੱੜੀ ਉੱਡਦੇ
ਨਿੱਘ ਡਿਜ਼ੀਟਲ ਹੋ ਜਾਂਦਾ, ਰਿਸ਼ਤੇ ਕਾਰਟੂਨ

ਭਾਸ਼ਾ ਬਦਲਦੀ, ਬਿਰਤਾਂਤ ਬਦਲਦਾ
ਕਾਰਟੂਨਾਂ 'ਚ ਗੁੰਮੀ-ਗੁਆਚੀ
ਦਾਦੀ ਫਿਰ ਵੀ ਖ਼ੁਸ਼ ਰਹਿੰਦੀ 00

## ਬਹਿਰ ਦੀ ਭਾਸ਼ਾ

ਬਹਿਰ ਸਮਝਦੀ ਹੈ
ਕਾਰਟੂਨਾਂ ਦੀ ਭਾਸ਼ਾ
ਕਾਰਟੂਨ ਬਹਿਰ ਦੀ
ਮੈਂ ਨਹੀਂ ਸਮਝਦਾ

ਇਹ ਭਾਸ਼ਾ ਸਿੱਖਣ ਲਈ
ਮੈਨੂੰ ਕਾਰਟੂਨ ਬਣਨਾ ਪੈਣਾ

ਮਨੁੱਖ ਤੋਂ ਕਾਰਟੂਨ ਹੋਣ ਲਈ
ਪੁੱਠੇ ਪੈਰੀਂ ਤੁਰਨਾ ਪੈਂਦਾ, ਵਰ੍ਹਿਆਂ ਦਾ ਪੈਂਡਾ

## ਬਹਿਰ ਦੇ ਨਾਨਕੇ

ਸਹੀ ਸਥਾਨ 'ਤੇ ਮਿਲ਼ੇ
ਕੰਘੀ, ਕਿਤਾਬ ਤੇ ਕਵਿਤਾ
ਵਾਲ਼ ਜੂੜੇ 'ਚ ਰਹੇ, ਗੁੰਦੇ ਸਲੀਕੇ ਨਾਲ
ਦਸਤਾਰ ਸਿਰ 'ਤੇ ਸ਼ੋਭ ਰਹੀ ਸੁਰੱਖਿਅਤ
ਐਨਕ ਅੱਖਾਂ 'ਤੇ ਟਿਕੀ ਬੇਖ਼ੌਫ਼
ਘਰ ਵਿਚ ਥੋੜ੍ਹੀ ਥੋੜ੍ਹੀ, ਤਰਤੀਬ ਪਰਤ ਆਈ ਹੈ
ਕਿ ਬਹਿਰ ਅੱਜ ਨਾਨਕੇ ਗਈ ਹੈ 00

## ਬਹਿਰ ਤੇ ਦਾਦਾ

ਮੈਂ ਫੁੱਟਬਾਲ ਦਾ ਮੈਚ ਵੇਖਣਾ ਚਾਹੁੰਦਾ
ਉਹ ਪੈਪਾ ਪਿਗ ਪੈਪਾ ਪਿਗ ਚਿੱਲਾਉਂਦੀ
ਟੱਬਰ ਉਸ ਨਾਲ ਖੜ੍ਹਾ
ਮੈਂ ਕੱਲਾ ਰਹਿ ਜਾਂਦਾ, ਹਾਰ ਜਾਂਦਾ

ਪੈਪਾ ਪਿਗ ਵੇਖਦਿਆਂ
ਕਾਰਟੂਨਾਂ ਦੀ ਦੁਨੀਆਂ ਵਿਚ ਵਿਚਰਦਿਆਂ
ਉਹ ਖੁੱਲ੍ਹ ਕੇ ਹੱਸਦੀ
ਮੈਂ ਵੀ ਖ਼ੁਸ਼ ਹੁੰਦਾ, ਜਿੱਤ ਜਾਂਦਾ 00

## ਬਹਿਰ ਦਾ ਬੰਸ

ਦਾਦੀ ਦਾਦਾ, ਨਾਨੀ ਨਾਨਾ
ਸ਼ੁਧ ਉਚਾਰਣ ਕਰਦੀ
ਦੋ ਟੱਬਰਾਂ ਦੇ, ਵੰਸ਼ ਨੂੰ ਹੁੰਗਾਰਾ ਭਰਦੀ

ਸਕੂਲ ਤੋਂ ਪਹਿਲੇ ਸਕੂਲ ਜਾਂਦੀ
ਨਵੇਂ ਸ਼ਬਦ ਰੱਟਦੀ, ਨਵੀਂ ਭਾਸ਼ਾ ਸਿੱਖਦੀ
ਕਾਲ਼ੇ ਗੋਰੇ ਰੰਗਾਂ ਨਾਲ ਸਾਂਝ ਪਾਉਂਦੀ
ਕਈ ਸੱਭਿਅਤਾਵਾਂ ਬੋਝੇ ਪਾ
ਮਟਕ ਮਟਕ ਤੁਰ ਘਰ ਨੂੰ ਆਉਂਦੀ

ਕਾਰਟੂਨਾਂ ਨਾਲ ਖੇਡਣ ਲੱਗਦੀ, ਦੂਰ ਕਿਤੇ ਤੁਰ ਜਾਂਦੀ
ਦੋ ਟੱਬਰ ਲੱਭਣ ਜਾਂਦੇ, ਹੱਸਦੇ ਹੱਸਦੇ ਮੁੜ ਆਂਦੇ

ਨਿੱਕੀ ਜਿਹੀ ਨੇ, ਘਰ ਨੂੰ ਆਹਰੇ ਲਾਇਆ
ਘਰ ਦਾ ਘੇਰਾ ਬਾਹਰ ਫੈਲਾਇਆ
ਘਰ ਅੰਦਰ, ਇਕ ਸੰਸਾਰ ਨਵਾਂ ਵਸਾਇਆ 00

## ਦੋ ਵਰ੍ਹਿਆਂ ਦੀ ਬਹਿਰ

ਰਿਸ਼ਤਿਆਂ ਨੂੰ ਪਛਾਣਨ ਲੱਗ ਪਈ ਹੈ
ਥੋੜ੍ਹਾ ਥੋੜ੍ਹਾ, ਅਣਦੇਖੀ ਕਰਨੀ ਵੀ ਸਿੱਖ ਗਈ ਹੈ

ਪਾਪਾ ਨਾਲ ਖੇਡਦਿਆਂ, ਖਿੜਖਿੜਾ ਕੇ ਹੱਸਦੀ
ਉਸਦਾ ਹਾਸਾ, ਉਸਦੀ ਉਮਰ ਤੋਂ ਕਿਤੇ ਵੱਡਾ ਹੁੰਦਾ

ਮਾਂ ਨਾਲ ਲਾਡ ਕਰਦਿਆਂ
ਉਸਦੇ ਵਾਲ਼ ਖਲਾਰ ਦਿੰਦੀ, ਨਕਸ਼ ਵਿਗਾੜ ਦਿੰਦੀ

ਜਦ ਸਹਿਜ ਤੇ ਸ਼ਾਂਤ ਹੁੰਦੀ
ਆਪਣੇ ਖਿਡਾਉਣਿਆਂ ਸੰਗ ਪਰਚੀ ਰਹਿੰਦੀ
ਆਪਣੀ ਦੁਨੀਆਂ ਸਿਰਜਦੀ, ਢਾਉਂਦੀ
ਆਪਣੀ ਹੀ ਭਾਸ਼ਾ 'ਚ ਆਪਣੇ ਨਾਲ ਕਰਦੀ ਗੱਲਾਂ

ਅਸ਼ਾਂਤ ਲਮਹਿਆਂ 'ਚ ਵਿਗੜ ਜਾਂਦੀ
ਘਰ ਸੂਲ਼ੀ 'ਤੇ ਪੁੱਠਾ ਟੰਗਿਆ ਸਹਿਜ ਹੋ ਜਾਂਦਾ
ਖਿਝੀ ਮਾਂ ਹੋਰ ਖਿਝਦੀ
ਬਾਪ ਦ੍ਰਿਸ਼ ਤੋਂ ਓਹਲੇ ਵਿਚਰਦਾ

ਲੁਕਣਮੀਟੀ ਖੇਡਦੀ ਬਹਿਰ
ਘਰ ਦੇ ਹਰ ਕੋਨੇ 'ਚ ਚਾਅ ਬਣ ਚਹਿਕਦੀ
ਜੀਆਂ ਦੇ ਹਿਰਦੇ 'ਚ ਖ਼ੁਸ਼ਬੂ ਬਣ ਮਹਿਕਦੀ
ਨਹੀਂ ਜਾਣਦੀ, ਅੱਜ ਉਹ ਦੋ ਵਰ੍ਹਿਆਂ ਦੀ ਹੋ ਗਈ ਹੈ
ਦੋ ਸਦੀਆਂ ਤੋਂ ਪਾਰ ਖੜ੍ਹੀ
ਇਤਿਹਾਸ ਨੇ ਨਵੇਂ ਪੰਨੇ ਪਲਟ ਰਹੀ ਹੈ 00

## ਬਹਿਰ ਤੇ ਮਾਂ

ਨਿੱਕੀ ਬਹਿਰ, ਰਾਤ ਭਰ ਜਾਗਦੀ
ਨਾਲ ਜਾਗਦੀ ਮਾਂ ਤੇ ਕਾਇਨਾਤ

ਸਵੇਰੇ ਮਾਂ ਦੀਆਂ, ਨੀਂਦ ਨਾਲ ਬੋਝਲ ਅੱਖਾਂ 'ਚ
ਆਰਾਮ ਕਰਦੀ ਬਹਿਰ, ਮਾਂ ਰਸੋਈ ਸਾਂਭਦੀ

ਸਕੂਲ ਵਿਚ ਉਹ, ਵਧੇਰੇ ਸਹਿਜ ਹੁੰਦੀ
ਸਿਰਜਣਾ 'ਚ ਲੀਨ
ਚਿਹਰੇ 'ਤੇ ਖ਼ਾਮੋਸ਼ੀ ਪਹਿਨ ਰੱਖਦੀ
ਇਲਤਾਂ ਸ਼ਰਾਰਤਾਂ
ਆਪਣੇ ਪਾਪਾ ਲਈ
ਉਹਦੇ ਅੰਦਰਲੇ ਬੋਝੇ 'ਚ
ਸਾਂਭੀਆਂ ਰਹਿੰਦੀਆਂ
ਉਹਦੀ ਅਧੂਰੀ ਸਿਰਜਣਾ 'ਚ
ਸਾਡੀ ਉਮਰ ਦੀ
ਪੂਰੀ ਤਸੱਲੀ ਪਈ ਹੁੰਦੀ
ਬਹਿਰ ਜਦ ਸਕੂਲ ਹੁੰਦੀ 00

**ਵੱਡੀ ਹੋ ਰਹੀ ... ...**

ਸੌ ਵਾਰ ਬੁੱਧੂ ਬਣਾਉਂਦੇ ਅਸੀਂ ਬਹਿਰ ਨੂੰ
ਹਜ਼ਾਰ ਵਾਰ ਬਣਾਉਂਦੀ ਉਹ ਸਾਨੂੰ

ਇਹ ਬਣਨ ਬਣਾਉਣ ਦੀ ਖੇਡ
ਦੁਨੀਆਂ ਦੀ ਸਭ ਤੋਂ ਮਾਸੂਮ ਖੇਡ
ਇੱਥੇ ਹਾਰੇ ਹੋਏ ਜਿੱਤਦੇ
ਜਿੱਤਿਆਂ ਨੂੰ ਹਾਰ ਨਸੀਬ ਹੁੰਦੀ ਹੈ

ਬਹਿਰ ਦਾ ਉਚਾਰਣ ਸ਼ੁੱਧ ਤੇ
ਬੋਲ ਉੱਚੇ, ਤਿੱਖੇ ਹੋ ਰਹੇ

ਉਹ ਵਿਰੋਧ ਦਰਜ ਕਰਵਾਉਂਦੀ
ਸਾਡੀ ਮਰਜ਼ੀ ਨੂੰ ਵਰਜਦੀ, ਆਪਣੀ ਜ਼ਿੱਦ ਪੁਗਾਉਂਦੀ

ਬਹਿਰ ਦੇ ਵਿਵਹਾਰ ਦੀ ਵਿਆਕਰਣ
ਬਿੰਦੀਆਂ ਟਿੱਪੀਆਂ ਦੀ ਪ੍ਰਵਾਹ ਨਾ ਕਰਦੀ
ਸ਼ਬਦ ਜੋੜਾਂ ਨਾਲ ਮੋਹ ਨਾ ਪਾਲ਼ਦੀ

ਬਹਿਰ ਖਿਝ ਰਹੀ ਹੈ
ਬਹਿਰ ਕਲਪ ਰਹੀ ਹੈ
ਦਲੀਲਾਂ ਤੋਂ ਸੱਖਣਾ, ਸਬਰ ਹੱਥੋਂ ਖਿਸਕ ਰਿਹਾ ਹੈ ਸਾਡਾ

ਵੱਡੀ ਹੋ ਰਹੀ ਬਹਿਰ, ਸਿਆਣੀ ਹੋ ਰਹੀ ਬਹਿਰ
ਵਿਸਰ ਰਿਹਾ ਹੈ ਸਾਨੂੰ, ਸਾਡਾ ਪੜ੍ਹਿਆ ਲਿਖਿਆ

ਤੁਸੀਂ ਸਹਿਜ ਹੋ, ਖੁਸ਼ ਹੋ
ਕੀ ਬਹਿਰ ਨਹੀਂ ਹੈ ਘਰ ਤੁਹਾਡੇ?
ਬਹਿਰ ਤੋਂ ਸੱਖਣਾ
ਖੁੱਲੀ ਕਵਿਤਾ ਜਿਹਾ ਘਰ ਤੁਹਾਡਾ
ਗਹਿਰੀਆਂ ਗੱਲਾਂ ਕਿਉਂ ਕਰਦਾ ਹੈ?
ਬਹਿਰ ਨੂੰ ਖੁੱਲ੍ਹਣ ਦੇਵੋ
ਵਿਚਾਰ ਨੂੰ ਉਡਾਰੀਆਂ ਭਰਨ ਦੇਵੋ 00

## ਬਹਿਰ ਦੇ ਆਹਰ

ਬਹਿਰ ਆਹਰ ਬਦਲਦੀ
ਬਦਲ ਜਾਂਦੀ ਉਸਦੀ ਖੇਡ
ਬਦਲ ਜਾਂਦਾ ਗੀਤ ਜੋ ਗੁਣਗੁਣਾਉਂਦੀ
ਘਰ ਦੀ ਤਰਤੀਬ ਬਦਲ ਜਾਂਦੀ, ਰੁੱਤ ਬਦਲ ਜਾਂਦੀ

ਉਸ ਦੀ ਹਰ ਨਵੀਂ ਖੇਡ ਕੋਲ਼
ਇਕ ਨਵਾਂ ਗੀਤ ਹੁੰਦਾ
ਨਵੀਂ ਭਾਸ਼ਾ ਸਿਰਜਦਾ
ਸੁਰਾਂ 'ਚ ਡੁੱਬਾ ਘਰ
ਆਲ਼ੇ-ਭੋਲ਼ੇ ਆਹਰ 'ਚ ਰੁੱਝਿਆ ਰਹਿੰਦਾ

ਘਰ ਕਦੀ ਰਿੜ੍ਹਦਾ
ਕਦੀ ਬਹਿਰ ਦੀ ਉਂਗਲ ਫੜ ਤੁਰਦਾ
ਤੋਤਲੇ ਸ਼ਬਦ ਘੜਦਾ
ਖਿੰਡਿਆ-ਖਿੱਲਰਿਆ ਖੁਸ਼ ਹੁੰਦਾ
ਮੋਢਿਆਂ 'ਤੇ ਚਾਅ ਖਿਡਾਉਂਦਾ

ਘਰ ਨੂੰ ਘਰ ਬਣਾਉਂਦੀ ਬਹਿਰ
ਖੇਡ ਦਾ ਮੈਦਾਨ ਬਣਾਉਂਦੀਆਂ ਉਸ ਦੀਆਂ ਖੇਡਾਂ
ਲੋਕ-ਧਾਰਾਈ ਵਿਰਸਾ ਬਣਾਉਂਦੇ ਉਸਦੇ ਗੀਤ
ਗਿੱਧੇ-ਭੰਗੜੇ ਬਣਾਉਂਦੇ ਉਸਦੇ ਨਾਚ
ਘਰ ਪੰਜਾਬ ਹੋ ਜਾਂਦਾ

ਬਹਿਰ ਜਦ ਵੱਡੀ ਹੋਵੇਗੀ
ਘਰ ਦੇਸ ਬਣੇਗਾ, ਘਰ ਦੁਨੀਆਂ ਬਣੇਗਾ
ਕਈ ਭਾਸ਼ਾਵਾਂ, ਗੀਤ ਕਈ
ਮੌਲਣਗੇ ਘਰ ਦੇ ਵਿਹੜੇ 000

***(ਫੋਨ ਵ੍ਹੱਟਸਐਪ: +91-97795-91344)***

# ਗੂਗਲ ਤੋਂ ਪਹਿਲਾਂ: ਵਾਰਤਾ: ਗੁਰਿੰਦਰਜੀਤ ਸਿੰਘ

ਸਦੀਆਂ ਪਹਿਲਾਂ ਜੇ ਗੂਗਲ ਹੁੰਦੀ ਤਾਂ ਹੋ ਸਕਦਾ ਕ੍ਰਿਸ਼ਨ – ਸੁਧਾਮੇ ਵਰਗੀਆਂ ਸਾਖੀਆਂ ਸੋਸ਼ਲ ਨੈੱਟਵਰਕ ਦੇ ਧੁੰਦੂਕਾਰ 'ਚ ਅਲੋਪ ਹੋ ਜਾਂਦੀਆਂ। ਸ਼ਬਦ ਕੋਸ਼ 'ਚ ਕਈ ਸ਼ਬਦ ਨਾ ਜਨਮਦੇ ਜਿਵੇਂ ਮਹਿਫ਼ਲ, ਸਾਧ-ਸੰਗਤ, ਢਾਣੀ ਆਦਿ। ਦੁਨਿਆਵੀ ਵਰਤਾਰੇ ਅਤੇ ਦਿਨ-ਦਿਹਾਰ ਵੱਖਰੇ ਹੁੰਦੇ। ਬੰਦੇ ਦੇ ਨੈਣ ਨਕਸ਼ ਅਤੇ ਧੌਣ ਆਦਿ ਦੀ ਬਣਤਰ ਵੀ ਵੱਖਰੀ ਹੁੰਦੀ। ਪੰਛੀਆਂ ਦੀਆਂ ਕੁੱਝ ਕਲਾਵਾਂ ਜਾਂ ਉਨ੍ਹਾਂ ਨਾਲ ਜੁੜੇ ਵਿਸ਼ਵਾਸਾਂ ਦਾ ਸ਼ਾਇਦ ਸਾਨੂੰ ਅਹਿਸਾਸ ਨਾ ਹੁੰਦਾ ਜਿਵੇਂ ਕਬੂਤਰ-ਚਿੱਠੀ, ਕਾਂ-ਪਰਾਹੁਣੇ ਆਦਿ। ਕੋਲੰਬਸ ਦਾ ਸ਼ੌਕ ਕੋਈ ਹੋਰ ਹੁੰਦਾ। ਰਾਜਨੀਤਕ ਨਕਸ਼ੇ ਹੋਰ ਹੁੰਦੇ। ਬਾਹਰੀ ਹਮਲੇ, ਸੰਸਾਰ-ਜੰਗਾਂ, ਸੰਤਾਲੀ-ਚੁਰਾਸੀ, ਰਾਜਨੀਤਕ ਸੰਧੀਆਂ ਆਦਿ ਜੇ ਨਾ ਹੁੰਦੇ ਤਾਂ ਸ਼ਾਇਦ ਕੁੱਝ ਹੋਰ ਤਰ੍ਹਾਂ ਦੇ ਹੁੰਦੇ। ਅਕਬਰ ਵਧੇਰੇ ਹੁੰਦੇ ਜਾਂ ਅਬਦਾਲੀ? ਕੀ ਸਿਕੰਦਰ ਘਰ ਪਰਤ ਸਕਦਾ? ਕਹਾਣੀਆਂ, ਲੇਖ, ਕਿਤਾਬਾਂ, ਰਾਜ ਪ੍ਰਬੰਧ, ਹਥਿਆਰ ਭੰਡਾਰ ਕੀ ਪਤਾ ਕਿਸ ਤਰ੍ਹਾਂ ਦੇ ਹੁੰਦੇ!

ਨਵੀਂ ਤਕਨਾਲੋਜੀ ਅਤੇ ਮਨੁੱਖ ਵੱਲੋਂ ਇਸ ਦੀ ਵਰਤੋਂ ਅਤੇ ਦੁਰਵਰਤੋਂ ਨਾਲ ਸੁਭਾਵਕ ਹੀ ਪ੍ਰਕਿਰਤੀ 'ਚ ਆਉਂਦੇ ਬਦਲਾਓ ਸਾਡੇ ਰਾਹਾਂ ਦੀ ਦਿਸ਼ਾ ਅਤੇ ਦਸ਼ਾ ਬਦਲ ਰਹੇ ਹਨ। ਇਹ ਅਨਿਸ਼ਚਿਤਤਾ ਸਾਡੇ ਮੁਸਤਕਬਿਲ ਵੱਲ ਕਦੇ ਖ਼ੂਬਸੂਰਤ ਦੇਵੀ ਅਤੇ ਕਦੇ ਪੁੱਠੇ ਪੈਰਾਂ ਵਾਲੀ ਚੁੜੇਲ ਬਣ ਕੇ ਝਾਕਦੀ ਹੈ। ਸਦੀ ਦੇ ਨਵੇਂ ਚਤਰ ਖਿਡੌਣਿਆਂ ਨੇ ਜਿੱਥੇ ਵਿੱਦਿਆ ਨੂੰ ਹਵਾਵਾਂ ਤੇ ਫ਼ਿਜ਼ਾਵਾਂ 'ਚ ਫੈਲਾ ਦਿੱਤਾ, ਉੱਥੇ ਹੀ ਇਨ੍ਹਾਂ ਜੰਤਰਾਂ-ਮੰਤਰਾਂ ਦੇ ਦੁਰ-ਉਪਯੋਗ ਨਾਲ ਕੁ-ਵਿੱਦਿਆ ਦਾ ਵਾਇਰਸ ਕੱਪੜੇ ਬਦਲ-ਬਦਲ ਕੇ ਡੰਗ ਮਾਰਨ ਲੱਗਾ। ਸਕੂਲ ਦੇ ਬੋਝਲ਼ ਝੋਲ਼ਿਆਂ ਦਾ ਭਾਰ ਮੋਢਿਆਂ ਤੋਂ ਹਿੱਲ ਕੇ ਦਿਮਾਗ਼ 'ਤੇ ਜਾ ਪਿਆ। ਸਕੂਲੋਂ ਫ਼ਾਰਗ ਹੋ ਕੇ ਵੀ ਇਹ ਬਸਤਾ ਦਿਨ ਰਾਤ ਸਿਰ ਚੜ੍ਹਿਆ ਰਹਿੰਦਾ ਹੈ।

ਤੀਹ ਸਾਲ ਪਹਿਲਾਂ ਈ-ਮੇਲ ਆਮ ਲੋਕਾਂ ਤਕ ਨਹੀਂ ਸੀ ਅੱਪੜੀ। ਮੇਰੇ ਹਮ-ਉਮਰਾਂ ਨੇ ਪਹਿਲੀ ਵਾਰ ਕਾਲਿਜ ਵਿਚ ਹੀ ਕੰਪਿਊਟਰ ਦੇ ਦਰਸ਼ਨ ਕੀਤੇ ਹੋਣਗੇ। ਸਾਡੇ ਵੇਲ਼ੇ ਕਾਲਿਜ 'ਚ ਇਕੋ-ਇਕ ਕੰਪਿਊਟਰ ਹੁੰਦਾ ਸੀ। ਉਹ ਵੀ ਕਾਲ਼ੇ ਮੂੰਹ ਵਾਲਾ ਅਤੇ 'ਹਨੇਰੇ' ਕਮਰੇ 'ਚ ਕੈਦ। ਧਾਰਮਿਕ ਅਸਥਾਨ ਵਾਂਗ ਉਸ ਨੂੰ ਮੱਥਾ ਟੇਕਣ ਲਈ ਜੁੱਤੀਆਂ ਖ਼ੋਲ੍ਹ ਕੇ ਜਾਣਾ ਪੈਂਦਾ ਸੀ। ਮੈਨੂੰ ਯਾਦ ਹੈ ਕਿ ਜਦੋਂ ਤਕ ਨਵਾਂ ਵਾਯੂ-ਅਨੁਕੂਲ ਕਮਰਾ ਨਹੀਂ ਸੀ ਬਣਿਆ, ਡਿਪਾਰਟਮੈਂਟ ਮੁਖੀਏ ਨੇ ਇਕ ਸਾਲ ਤਕ ਕੰਪਿਊਟਰ ਨੂੰ ਡੱਬੇ 'ਚ ਹੁਬੜ ਰੱਖਿਆ। ਉਂਝ ਇਨ੍ਹਾਂ ਜੰਤਰਾਂ-ਤੰਤਰਾਂ ਤੋਂ ਬਗ਼ੈਰ ਵੀ ਦੁਨੀਆ ਚੜ੍ਹਦੀ ਕਲਾ 'ਚ ਰਹਿੰਦੀ।

ਸਕੂਲ 'ਚ ਬੰਦਾ ਬਣਨ ਦੀ ਖ਼ਾਤਰ ਪਹਿਲਾਂ ਮੁਰਗ਼ਾ ਬਣਨਾ ਜ਼ਰੂਰੀ ਹੁੰਦਾ ਸੀ। ਸਾਰਾ ਦਿਨ ਕੰਨ-ਪਟਾਈ ਝੱਲਣ ਤੋਂ ਬਾਅਦ ਸਿੱਖਣ ਦੀ ਉਤਸੁਕਤਾ ਸਲ੍ਹਾਬ ਜਾਂਦੀ ਅਤੇ ਬਹੁਤੇ ਜੁਆਕਾਂ ਦਾ ਢੀਠਪੁਣਾ ਭੱਦੇ ਰੰਗਾਂ 'ਚ ਪ੍ਰਗਟ ਹੁੰਦਾ। ਮਾਸਟਰ ਦੀ ਬੈਂਤ ਤੋਂ ਡਰਦਿਆਂ ਅਸੀਂ ਇਤਿਹਾਸ ਨੂੰ ਘੋਟਾ ਚਾੜ੍ਹ ਚਾੜ੍ਹ ਕੇ ਮਿਥਿਹਾਸ ਹੀ ਬਣਾ ਛੱਡਿਆ।

## ਦੇਸੀ ਜੀ.ਪੀ.ਐੱਸ.

ਪੁੱਛ-ਪੁੱਛ ਕੇ ਨਵੇਂ ਇਲਾਕੇ ਘੁੰਮਣ ਦੀ ਹਿੰਮਤ ਏਡੀ ਵਧ ਗਈ ਕਿ ਮੈਂ ਕਦੇ ਕੋਲੰਬਸ ਤੇ ਕਦੇ ਮਾਰਕੋ ਪੋਲੋ ਬਣਿਆ। ਜਸਪਾਲ ਅਤੇ ਮੈਂ ਗੁਰੂ ਨਾਨਕ ਇੰਜੀਨੀਅਰਿੰਗ ਕਾਲਿਜ ਵਿਚ ਪੜ੍ਹਦਿਆਂ ਚਾਰ ਸਾਲ ਬੱਸ 'ਚ ਇਕੱਠਿਆਂ ਸਫ਼ਰ ਕਰਦੇ ਹੁੰਦੇ ਸਾਂ। ਬਾਅਦ 'ਚ ਜਸਪਾਲ ਦੇ

ਵਿਆਹ ਵੇਲ਼ੇ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ ਦੇ ਆਰਕੀਟੈਕਚਰ ਵਿਭਾਗ 'ਚ ਪੜ੍ਹਾਉਂਦਾ ਸੀ। ਮੈਂ ਅੰਮ੍ਰਿਤਸਰ ਤੋਂ ਬਰਾਤ 'ਚ ਸ਼ਾਮਿਲ ਹੋਣ ਲਈ ਸਿੱਧਾ ਉਸ ਦੇ ਨਵਾਂਸ਼ਹਿਰ ਲਾਗਲੇ ਪਿੰਡ ਮੀਰਪੁਰ ਜੱਟਾਂ ਵਿਖੇ ਪਹੁੰਚਣਾ ਸੀ। ਪਰ ਦੇਰ ਹੋਣ ਕਰਕੇ ਸੋਚਿਆ ਕਿ ਬਲਾਚੌਰ ਦੇ ਅੱਡੇ 'ਤੇ ਖੜੋ ਜਾਵਾਂ। ਇਸ ਤਰ੍ਹਾਂ ਬਰਾਤ ਵਾਲੀ ਬੱਸ 'ਚ ਚੜ੍ਹ ਜਾਵਾਂਗਾ, ਜਿਸ ਨੇ ਜਸਪਾਲ ਦੀ ਜਲਦ ਹੀ ਹੋਣ ਵਾਲੀ ਧਰਮ ਪਤਨੀ ਕਿਰਨਜੀਤ ਦੇ ਘਰ ਰਾਜਪੁਰੇ ਜਾਣਾ ਸੀ। ਮੈਂ ਅੱਧਾ ਕੁ ਘੰਟਾ ਅੱਡੇ 'ਤੇ ਭੁਲੇਖੇ ਪਾਉਂਦੀਆਂ ਬੱਸਾਂ ਦੀ ਪੌਂ-ਪੌਂ ਸੁਣਦਾ ਰਿਹਾ, ਪਰ ਬਰਾਤ ਵਾਲੀ ਬੱਸ ਨਾ ਅਹੁੜੀ।

"ਚਲੋ ਰੋਪੜ ਵਾਲੀ ਬਸ ਫੜ ਲੈਂਦਾਂ ਤੇ ਮਗਰਲੀ ਸੀਟ 'ਤੇ ਬਹਿ ਕੇ ਨਿਗਾਹ ਰੱਖਦਾਂ," ਮੇਰੀ ਆਸਵੰਦੀ 'ਚ ਭੋਰਾ ਵੀ ਸ਼ੱਕ-ਸ਼ੁਭਾ ਨਹੀਂ ਸੀ।

ਰੋਪੜ ਵਾਲ਼ੀ ਬੱਸ 'ਚ ਟਾਈ-ਛਾਈ ਲਾ ਕੇ ਮੈਂ ਸਾਰੀ ਵਾਟ ਪਿੱਛੇ ਨੂੰ ਝਾਕਦਾ ਰਿਹਾ। ਧੌਣ ਤਾਂ ਆਕੜ ਗਈ ਪਰ ਬਰਾਤ ਵਾਲੀ ਬੱਸ ਨਾ ਥਿਆਈ। ਜੇ ਆ ਵੀ ਜਾਂਦੀ ਤਾਂ ਮੈਂ ਕਿਹੜਾ ਸਪਾਈਡਰਮੈਨ ਬਣ ਕੇ ਫੜ ਲੈਣੀ ਸੀ। ਰੋਪੜ ਪਹੁੰਚਦਿਆਂ ਸੁੱਕੇ ਸਤਲੁਜ ਨੂੰ ਵੇਖਦਿਆਂ ਹੀ ਮੈਨੂੰ ਵਿਸ਼ਵਾਸ ਹੋ ਗਿਆ ਕਿ ਬੱਸ "ਮਿੱਸ" ਹੋ ਗਈ ਹੈ। ਸਿੱਧਾ ਰਾਜਪੁਰੇ ਪਹੁੰਚਣ 'ਚ ਹੀ ਭਲਾ। ਮੈਂ ਪੂਰੇ ਹੌਸਲੇ ਨਾਲ ਰੋਪੜ ਤੋਂ ਰਾਜਪੁਰੇ ਵਾਲੀ ਬੱਸ 'ਚ ਪਤਾ ਨਹੀਂ ਕਿਵੇਂ ਵਗ ਤੁਰਿਆ? ਅਗਜ਼ੈਕਟਿਵੀ ਕੱਪੜੇ ਵੇਖ ਕੇ ਕੰਡਕਟਰ ਨੇ ਵੀ ਬੜੇ ਸਤਿਕਾਰ ਨਾਲ ਟਿਕਟ ਦਿੱਤੀ। ਬੱਸ ਅਜੇ ਰਾਜਪੁਰੇ ਦੇ ਵਸੀਵੇਂ ਕੋਲ਼ ਹੀ ਹੋਊ ਜਦੋਂ ਮੇਰੇ ਮਨ 'ਚ ਡਾਢਾ ਧਮੱਚੜ ਪੈ ਗਿਆ ਅਤੇ ਟੈਨਸ਼ਨ ਵਧਣ ਲੱਗੀ। ਮੇਰੇ ਕੋਲ਼ ਵਿਆਹ ਵਾਲੇ ਘਰ ਦਾ ਕੋਈ ਥਾਂ ਪਤਾ ਤਾਂ ਕੀ, ਮੈਨੂੰ ਜਸਪਾਲ ਦੇ ਹੋਣ ਵਾਲੇ ਸਹੁਰਾ ਸਾਹਿਬ ਦਾ ਨਾਂ ਤਕ ਵੀ ਨਹੀਂ ਸੀ ਪਤਾ। "ਮਨਾਂ! ਹੌਸਲਾ ਰੱਖ", ਮੈਂ ਡੋਲਦੇ ਖ਼ੁਦ ਨੂੰ ਭੋਰਾ ਕੁ ਫ਼ੂਕ ਛਕਾਈ। ਸਾਹਮਣੇ ਰਿਕਸ਼ੇ ਵਾਲਾ, ਤਿਆਰ ਬਰ ਤਿਆਰ, ਮੇਰੇ ਸੂਟ ਬੂਟ ਨੂੰ ਵੇਖ ਕੇ ਸੀਟ 'ਤੇ ਕੱਪੜਾ ਫੇਰਨ ਲੱਗਾ।

"ਹੁਕਮ ਕਰੋ ਸਰਦਾਰ ਸਾਹਿਬ, ਕਿੱਧਰ ਜਾਣੈ?" ਉਸ ਨੇ ਬੜੀ ਇੱਜ਼ਤ ਨਾਲ ਪੁੱਛਿਆ। ਮੈਂ ਵੀ ਨਾਪ ਤੋਲ ਕੇ ਜਵਾਬ ਦਿੱਤਾ, "ਇਕ ਵਿਆਹ ਜਾਣਾ, ਪਰ ਪਤਾ ਨਹੀਂ ਜਾਣਾ ਕਿੱਥੇ।"

ਉਸ ਨੇ ਸੋਚਿਆ ਕਿ ਸ਼ਾਇਦ ਮੈਨੂੰ ਰਸਤੇ ਦਾ ਨਹੀਂ ਪਤਾ, "ਚਲੋ ਕੋਈ ਨਹੀਂ, ਲੱਭ ਲਵਾਂਗੇ, ਜੀ ਸਤਾਰਾਂ ਸਾਲ ਹੋ ਗਏ ਰਿਕਸ਼ਾ ਵਾਹੁੰਦੇ ਨੂੰ।"

ਮੇਰੇ ਠਾਹ-ਠਾਹ ਛੜੱਪੇ ਮਾਰਦੇ ਦਿਲ ਨੂੰ ਸਕਿੰਟ ਕੁ ਲਈ ਚੈਨ ਜਿਹੀ ਆਈ ਹੀ ਸੀ, ਤੇ ਉਹ ਫਿਰ ਬੋਲ ਪਿਆ,"ਹਾਂ ਜੀ, ਦੱਸੋ ਭਲਾ ਡਰੈੱਸ (ਪਤਾ) ਕੀ ਐ?"

ਮੇਰੇ ਗਲ਼ੇ ਦੇ ਡੈਸੀਬਲ ਹੀ ਗੁਆਚ ਗਏ।

"ਵੀਰ ਮੈਂ ਤੈਨੂੰ ਦੱਸਿਆ ਤਾਂ ਸੀ ਕਿ ਮੈਨੂੰ ਨਹੀਂ ਪਤਾ...", ਮੇਰੀ ਮੱਧਮ ਆਵਾਜ਼ ਵੀ ਮੇਰੇ ਸੁੱਕੇ ਸੰਘ 'ਚੋਂ ਕੂਹਣੀਆਂ ਮਾਰਦੀ ਲੰਘੀ।

ਉਸ ਹੱਕੇ-ਬੱਕੇ ਨੇ ਰਿਕਸ਼ਾ ਇਕ ਪਾਸੇ ਲਾ ਲਿਆ ਅਤੇ ਉੱਤਰ ਕੇ ਮੇਰੇ ਹਮਾਤੜ ਚਿਹਰੇ ਵੱਲ ਟਿਕ ਟਿਕੀ ਲਾ ਕੇ ਵੇਖਣ ਲੱਗਾ। ਉਹ ਜਿੰਨਾ ਚੁੱਪ ਸੀ ਮੈਂ ਉਨਾਂ ਹੀ ਖਿੱਲਰਿਆ ਮਹਿਸੂਸ ਕਰ ਰਿਹਾ ਸਾਂ। ਮੈਨੂੰ ਲੱਗਾ ਜਿਵੇਂ ਰਿਕਸ਼ੇ ਦਾ ਪੁਰਜ਼ਾ ਪੁਰਜ਼ਾ ਵੀ ਆਪਣੇ ਮਾਲਕ ਨੂੰ ਚੀਖ਼-ਚੀਖ਼ ਕੇ ਆਖ ਰਿਹਾ ਹੋਵੇ, 'ਅਸੀਂ ਨਹੀਂ ਤੁਰਨਾ ਜਦ ਤਕ ਤੂੰ ਇਹਨੂੰ ...।'

ਪਰ ਉਹ ਬੰਦਾ ਕੋਈ ਸੰਤ ਹੀ ਸੀ। ਆਪਣੇ ਸਿਰ ਦਾ ਸਾਫ਼ਾ ਸੁਆਰਦੇ ਹੋਏ ਬੋਲਿਆ, "ਜੇ ਤੇਰੇ ਕੋਲ਼ ਡਰੈੱਸ ਹੀ ਨਹੀਂ ਤਾਂ ਮੈਂ ਐਡੇ ਰਾਜਪੁਰੇ 'ਚ ਤੈਨੂੰ ਕਿੱਧਰ ਲੈ ਜਾਂ ਭਲਾ?"

ਮੈਨੂੰ ਯਾਦ ਆਇਆ ਕਿ ਜਸਪਾਲ ਦੇ ਸਹੁਰਾ ਸਾਹਿਬ ਬਿਜਲੀ ਬੋਰਡ ਵਿਚ ਐੱਸ. ਡੀ. ਓ. ਨੇ। ਪਰ ਇਸ ਜਾਣਕਾਰੀ ਨਾਲ ਵੀ ਮੈਂ ਉਸ ਦੇ ਸਵਾਲਾਂ ਦੀ ਤਸੱਲੀ ਨਾ ਕਰਾ ਸਕਿਆ। ਮੈਂ ਪਲ

ਕੁ ਲਈ ਵਾਸਕੋਡੀਗਾਮਾ ਨੂੰ ਚਿਤਵਿਆ, "ਭਾਈ ਸਾਹਿਬ, ਤੁਸੀਂ ਮੈਨੂੰ ਗੁਰਦੁਆਰੇ ਲੈ ਚੱਲੋ। ਉੱਥੋਂ ਸ਼ਾਇਦ ਕੋਈ ਉੱਘ-ਸੁੱਘ ਮਿਲ ਜਾਵੇ।"

"ਚਾਲੀ ਪੰਜਾਹਾਂ 'ਚੋਂ ਕਿਹੜੇ ਗੁਰਦੁਆਰੇ?", ਉਸ ਦਾ ਸੰਖੇਪ ਜਵਾਬ ਮਾਸਟਰ ਚਮਨ ਲਾਲ ਜੀ ਦੇ ਲੱਪੜ ਵਾਂਗੂ ਵੱਜਾ।

"ਮੇਨ ਗੁਰਦੁਆਰੇ ਲੈ ਜਾ ਭਰਾਵਾ," ਮੈਂ ਮਨੋਂ-ਮੰਨੀ ਅੱਕੀਂ ਪਲਾਹੀਂ ਹੱਥ ਮਾਰ ਰਿਹਾ ਸਾਂ। ਇਕ ਪਲ ਮੈਨੂੰ ਰਾਜਪੁਰੇ 'ਚੋਂ ਹਰਿਆਣੇ ਦਾ ਝਉਲ਼ਾ ਪੈ ਰਿਹਾ ਸੀ ਅਤੇ ਦੂਜੇ ਪਲ ਇੰਝ ਲੱਗ ਰਿਹਾ ਸੀ ਜਿਵੇਂ ਮੈਂ ਐਟਲਾਂਟਿਕ ਸਾਗਰ ਵਿਚ ਘਿਰਿਆ 1492 ਦੀਆਂ ਛੱਲਾਂ ਨੂੰ ਦਿਸ਼ਾ ਪੁੱਛ ਰਿਹਾ ਹੋਵਾਂ ਅਤੇ ਉਹ ਮੁੜ-ਮੁੜ ਮੇਰੇ ਮੂੰਹ 'ਤੇ ਲੂਣੇ ਪਾਣੀ ਦੇ ਛਿੱਟੇ ਮਾਰ-ਮਾਰ ਹੱਸ ਰਹੀਆਂ ਹੋਣ। ਮੈਂ ਰਿਕਸ਼ੇ 'ਤੇ ਬੈਠਾ ਹਰ ਦੋ-ਰਸਤੇ ਅਤੇ ਚੌ-ਰਸਤੇ ਵੱਲ ਆਸਵੰਦ ਹੋ ਕੇ ਵੇਖਦਾ, ਜਿਵੇਂ ਕੁੱਪ 'ਚੋਂ ਸੂਈ ਲੱਭਦਾ ਹੋਵਾਂ। ਸੜਕ ਦੇ ਨਿੱਕੇ ਟੋਇਆਂ ਨਾਲ ਵੱਜਦਾ ਹਰ ਝਟਕਾ ਮੈਨੂੰ ਇਮਤਿਹਾਨ 'ਚ ਜੁਗਰਾਫ਼ੀਏ ਦੇ ਜ਼ਿੱਦੀ ਸਵਾਲ ਜਿਹਾ ਪ੍ਰਤੀਤ ਹੋ ਰਿਹਾ ਸੀ। ਖਿਆਲਾਂ 'ਚ ਧਰਤੀ ਦੇ ਗੋਲ਼ ਹੋਣ ਨਾਲ ਜੁੜੀਆਂ ਕਥਾਵਾਂ ਵੀ ਆਈਆਂ। ਗੱਡੀ ਦਾ ਹਾਰਨ ਵੱਜਦਾ ਤਾਂ ਲੱਗਦਾ ਬੈਂਡ ਮਾਸਟਰ ਮਿਲਣੀ ਸ਼ੁਰੂ ਹੋਣ ਤੋਂ ਪਹਿਲਾਂ ਦੀ ਤਾਨ ਕੱਢ ਰਿਹੈ। ਸੜਕ 'ਤੇ ਸੋਹਣੇ ਕੱਪੜੇ ਪਹਿਨੀਂ ਤੁਰੇ ਜਾਂਦੇ ਬੰਦੇ ਨੂੰ ਵੇਖ ਕੇ ਚਿੱਤ ਕਰਦਾ ਕਿ ਪੁੱਛਾਂ ਭਾਈ ਤੂੰ ਵੀ ਜਸਪਾਲ ਦੇ ਵਿਆਹ 'ਚ ਸ਼ਾਮਲ ਹੋਣ ਜਾ ਰਿਹੈਂ...?

"ਭਾਅ ਰੋਕੀਂ ਜ਼ਰਾ, ਔਹ ਸਾਹਮਣੇ ਟੈਂਟ ਹਾਊਸ ਵਾਲਿਆਂ ਨੂੰ ਪੁੱਛ ਕੇ ਵੇਖ ਲੈਂਦੇ ਹਾਂ", ਮੇਰੀ ਆਵਾਜ਼ ਵਿਚ ਮਾਸਾ ਕੁ ਆਸ ਪਰਤ ਆਈ।

ਉਸ ਨੇ ਬਿਨਾਂ ਕੁੱਝ ਬੋਲੇ ਰਿਕਸ਼ਾ ਟੈਂਟ ਹਾਊਸ ਦੇ ਬਿਲਕੁਲ ਮੂਹਰੇ ਖੜ੍ਹਾ ਦਿੱਤਾ। ਨਾ ਮੇਰੇ ਨਾਲ ਅਤੇ ਨਾ ਹੀ ਟੈਂਟ ਵਾਲਿਆਂ ਨਾਲ ਨਜ਼ਰ ਮਿਲਾਈ ਤੇ ਬੱਸ ਬੱਦਲ਼ਾਂ ਵੱਲ ਨੂੰ ਤੱਕਦਾ ਰਿਹਾ। ਅੰਦਰੋਂ-ਅੰਦਰ ਪਤਾ ਨਹੀਂ ਉਹ ਹੱਸ ਰਿਹਾ ਸੀ ਜਾਂ ਰੋ। ਮੈਂ ਵੀ ਜਿਵੇਂ ਓਪਰੇ ਪੈਰੀਂ ਖਲੋਤਾ ਧਰਤੀ ਲੱਭ ਰਿਹਾ ਹੋਵਾਂ। ਪਰ ਮੈਨੂੰ ਟੈਂਟ ਦੀ ਦੁਕਾਨ ਬੱਦਲ਼ ਦੀ ਵੱਖੀ 'ਚੋਂ ਨਿਕਲਦੀ ਸੂਰਜ ਦੀ ਊਰਜਾ ਭਰਪੂਰ ਕਿਰਨ ਜਾਪੀ। ਪੁੱਛਣ 'ਤੇ ਟੈਂਟ ਵਾਲੇ ਨੇ ਦੱਸਿਆ ਕਿ ਉਨ੍ਹਾਂ ਕੋਲ਼ ਅੱਜ ਤਿੰਨ ਵਿਆਹਾਂ ਦੇ ਠੇਕੇ ਨੇ। ਇਕ ਟਾਂਗੇ ਵਾਲਿਆਂ ਦਾ, ਦੂਜਾ ਕਿਸੇ ਹਿੰਦੂ ਪਰਿਵਾਰ ਦਾ ਅਤੇ ਤੀਜਾ ਬਾਹਰ ਖੇਤਾਂ 'ਚ ਕੋਠੀ ਵਾਲਿਆਂ ਦਾ। ਮੈਂ ਸੋਚਿਆ ਕਿ ਇੰਜੀਨੀਅਰ ਜਸਪਾਲ ਦਾ ਟਾਂਗੇ ਵਾਲਿਆਂ ਦੇ ਨਾਲ ਸੰਯੋਗ ਤਾਂ ਮੁਸ਼ਕਲ ਹੈ। ਇਹ ਲਵ ਮੈਰਿਜ ਵੀ ਨਹੀਂ, ਸੋ ਹਿੰਦੂ ਪਰਿਵਾਰ ਵਾਲੀ ਆਪਸ਼ਨ ਵੀ ਨਾਮੁਮਕਿਨ ਹੀ ਹੈ। ਕੋਠੀ ਵਾਲਿਆਂ ਦੇ ਸ਼ਾਇਦ ਗੱਲ ਬਣ ਜਾਵੇ।

ਉਨ੍ਹਾਂ ਦੇ ਵਰਕਰ ਤਿੰਨਾਂ ਵਿਆਹਾਂ ਦਾ ਥੁੜਿਆ ਸਮਾਨ ਪਹੁੰਚਾਉਣ ਲਈ ਸਕੂਟਰ 'ਤੇ ਜਾਣ ਹੀ ਲੱਗੇ ਸਨ ਕਿ ਟੈਂਟ ਵਾਲੇ ਦੂਜੇ ਵਰਕਰ ਨੇ ਮੈਨੂੰ ਉਨ੍ਹਾਂ ਨਾਲ ਜਾਣ ਦੀ ਸਲਾਹ ਦਿੱਤੀ। ਮੈਂ ਥੱਕ-ਅੱਕ ਚੁੱਕੇ ਰਿਕਸ਼ੇ ਵਾਲੇ ਨੂੰ ਟਿੱਪ ਦੇ ਕੇ ਫ਼ਾਰਗ਼ ਕਰ ਦਿੱਤਾ। ਆਪ ਦੋਹਾਂ ਹੱਟੇ-ਕੱਟੇ ਵਰਕਰਾਂ ਅਤੇ ਸਕੂਟਰ ਦੀ ਸਟੈੱਪਨੀ ਦੇ ਵਿਚਾਲੇ ਸਾਹ ਸੂਤ ਕੇ ਬਹਿ ਗਿਆ। ਪਲ ਕੁ ਲਈ ਟੈਂਟ ਵਾਲੇ ਦੇ ਇਸ ਅਚਾਨਕ ਮਿਲੇ ਨਵੇਂ ਰੋਲ 'ਚ ਮੈਨੂੰ ਸਕੂਨ ਜਿਹਾ ਵੀ ਮਿਲਿਆ। ਰਾਜਪੁਰੇ ਦੀਆਂ ਗਲ਼ੀਆਂ 'ਚ ਮਿੱਟੀ ਉਡਾਉਂਦੇ ਅਤੇ ਆਦਮਪੁਰ ਵਾਲੇ ਫਾਈਟਰ ਮਿੱਗਾਂ ਵਾਂਗ ਗੱਜਦੇ ਸਕੂਟਰ ਨੇ ਪਹਿਲਾਂ ਮੇਰਾ ਟਾਂਗੇ ਵਾਲਿਆਂ ਦੇ ਵਿਆਹ 'ਤੇ ਮੱਥਾ ਟਿਕਾਇਆ ਤੇ ਬਾਅਦ 'ਚ ਖੇਤਾਂ ਵਾਲੀ ਕੋਠੀ ਵੱਲ ਜਾਂਦੀ ਊਭੜ ਖਾਭੜ ਕੱਚੀ ਸੜਕ 'ਤੇ ਧੂੜ ਛਕਾਈ।

ਮੈਂ ਜਦੋਂ ਦੂਰੋਂ ਹੀ ਤਜਿੰਦਰ ਬੱਲ ਨੂੰ ਵੇਖਿਆ ਤਾਂ ਮੇਰੇ ਹੱਥੋਂ ਟੈਂਟ ਵਾਲੇ ਦਾ ਚਮਚਿਆਂ ਵਾਲਾ ਝੋਲ਼ਾ ਡਿਗਦਾ-ਡਿਗਦਾ ਮਸਾਂ ਬਚਿਆ। ਮੈਂ ਮਨ ਹੀ ਮਨ ਆਖ ਰਿਹਾ ਸਾਂ... ਯੂਰੇਕਾ ਯੂਰੇਕਾ! ਮੇਰਾ ਗਲ਼ਾ ਬਿਨਾਂ ਪਾਣੀ ਪੀਤਿਆਂ ਹੀ ਤਰ ਹੋ ਗਿਆ। ਕਲਗ਼ੀ ਅਤੇ ਸਿਹਰੇ 'ਚ ਸ਼ਿੰਗਾਰਿਆ ਜਸਪਾਲ

ਮੈਨੂੰ ਚੰਦ ਵਰਗਾ ਲੱਗਾ ਅਤੇ ਆਪਣਾ ਆਪ ਨੀਲ ਆਰਮਸਟਰੌਂਗ ਵਰਗਾ। ਇੰਨੇ ਨੂੰ ਸਾਰੇ ਸਾਥੀ ਮੇਰੇ ਦੁਆਲ਼ੇ ਇੰਝ ਜੁੜ ਗਏ ਜਿਵੇਂ ਮੈਂ ਸਕੂਟਰ ਦੀ ਬਜਾਏ ਕਿਸੇ ਸਪੇਸ-ਸ਼ਟਲ 'ਚੋਂ ਲੈਂਡ ਕੀਤਾ ਹੋਵਾਂ। ਆਪਣੀ ਖੋਜ ਯਾਤਰਾ ਮੈਂ ਸਭ ਨੂੰ ਪਨੀਰ ਪਕੌੜਿਆਂ ਦੇ ਚਟਕਾਰੇ ਲੈਂਦਿਆਂ ਸੁਣਾਈ।

ਲੰਮਾ ਅਣਪਛਾਤਾ ਪੈਂਡਾ ਦੋਸਤੀ ਦੀਆਂ ਤੰਦਾਂ ਮੂਹਰੇ ਬੇਬੁਨਿਆਦ ਹੋ ਗਿਆ। ਸ਼ਾਇਦ ਅਜੇ ਤਕਨੀਕੀ-ਕਰਨ ਨੇ ਯਾਰੀਆਂ ਦੋਸਤੀਆਂ ਦੇ ਬੇਗ਼ਰਜ਼ ਇਕਰਾਰਨਾਮਿਆਂ ਨੂੰ ਆਪਣੀ ਲਪੇਟ ਵਿਚ ਲੈਣਾ ਨਹੀਂ ਸੀ ਅਰੰਭਿਆ। ਬੜੇ ਸੋਹਣੇ ਦਿਨ ਸਨ...ਦੁਨੀਆ ਅਜੇ ਇੰਨੀ ਵੀ ਨਹੀਂ ਸੀ ਸੁੰਗੜੀ। ਰਾਤ ਨੂੰ ਮੈਂ ਜਸਪਾਲ ਦੇ ਘਰ ਹੀ ਬਰਾਤ ਨਾਲ ਚਲਾ ਗਿਆ ਤੇ ਉਸ ਦੇ ਨਾਲ ਮੇਰੀ ਸਾਂਝ ਹੋਰ ਵੀ ਪੱਕੀ ਹੋ ਗਈ।

ਉਦੋਂ ਗੁਆਚ ਕੇ ਵੀ ਸਭ ਕੁੱਝ ਲੱਭ ਜਾਂਦਾ ਸੀ, ਹੁਣ ਸਭ ਕੁੱਝ ਕੋਲ਼ ਹੈ ਪਰ ਅਸੀਂ ਗੁਆਚੇ ਹੋਏ ਹਾਂ।

*ਅੱਪੜ ਕੇ ਵੀ*
*ਨਾ ਲੱਭਾ*
*ਆਪਣਾ ਪਿੰਡ*

*ਮੇਰੇ ਘਰ ਦਾ ਰਾਹ*
*ਮਿੱਟੀ ਘੱਟਾ, ਛਪੜੀਆਂ*
*ਟੋਇਆਂ ਟਿੱਬਿਆਂ ਅਤੇ*
*ਕਿੱਕਰ ਦੇ ਕੰਡਿਆਂ ਭਰਿਆ*
*ਨਿਮਾਣਾ ਤੇ ਗ਼ਰੀਬ ਜਿਹਾ*
*ਸਰਕਾਰੀ ਗ੍ਰਾਂਟਾਂ ਤੋਂ ਵਾਂਝਾ*
*ਕਦੇ ਸੁੱਕਾ ਧੂੜ ਭਰਿਆ*
*ਤੇ ਕਦੇ ਘਾਣੀ ਜਿਹਾ ਖੋਭਾ*
*ਹੁੰਦਾ ਸੀ ਉਹ ਰਾਹ*
*ਜੋ ਮੈਨੂੰ ਦਿਨੇ ਰਾਤੀਂ*
*ਮੀਂਹ ਕਣੀ 'ਚ ਵੀ*
*ਸਿੱਧਾ ਘਰ ਪਹੁੰਚਾ ਦਿੰਦਾ*

*ਫਿਰ ਬੇ-ਕਦਰ ਹੋ ਗਿਆ ਸਾਂ*
*ਵਧੀਆ ਰਾਹ ਦੀ ਤਲਾਸ਼ ਕਰਦਾ ਕਰਦਾ*
*ਹੁਣ ਮੈਂ*
*ਲਿਸ਼ਕਦੇ ਰਾਹਾਂ ਦੀ ਭੀੜ 'ਚ*
*ਆਪਣੇ ਘਰ ਦਾ ਰਾਹ ਭੁੱਲ ਬੈਠਾਂ*

*ਮਹਾਂਮਾਰਗੋ, ਸੈਟੇਲਾਈਟੋ*
*ਜੀਪੀਐੱਸੋ, ਸੁਪਰ-ਸੋਨਿਕੋ*
*ਮੈਂ ਤੁਹਾਡੀ ਬੜੀ ਤਾਰੀਫ਼ ਸੁਣੀ ਹੈ*
*ਕੋਈ ਤਾਂ ਵਿਖਾ ਦੇਵੋ ਮੈਨੂੰ*

*ਮੇਰੇ ਘਰ ਦਾ ਰਾਹ*
*ਮੈਂ ਘਰ ਵਾਪਸ ਜਾਣਾ ਹੈ*

ਜਸਪਾਲ ਦੇ ਵਿਆਹ 'ਤੇ ਪਹੁੰਚਣ ਦੀ ਮੇਰੀ 31 ਸਾਲ ਪੁਰਾਣੀ ਹਾਸੋਹੀਣੀ ਯਾਤਰਾ ਪੂਰੀ ਹੋ ਕੇ ਵੀ ਅਧੂਰੀ ਰਹਿ ਗਈ ਜਦੋਂ ਜਸਪਾਲ, ਉਸਦਾ ਛੋਟਾ ਭਰਾ ਅਤੇ ਮਾਤਾ ਜੀ 2020 'ਚ ਸੱਤ ਦਿਨਾਂ ਦੇ ਵਕਫ਼ੇ ਨਾਲ ਹੀ ਕਰੋਨਾ-ਮਾਰੀ 'ਚ ਸਦੀਵੀ ਵਿਛੋੜਾ ਦੇ ਗਏ।

## ਵਾਦੀ ਦਾ ਫੁੱਲ

ਮਈ 1990 ਵਿਚ ਅਸੀਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਹਾਈਕਿੰਗ ਕੈਂਪ ਦਾ ਆਯੋਜਨ ਕੀਤਾ। ਅਸੀਂ ਯੂਨੀਵਰਸਿਟੀ ਦੀ ਬੱਸ ਲੱਦ ਕੇ ਡਲਹੌਜ਼ੀ ਤੋਂ ਚਾਲ਼ੀ ਕੁ ਮੀਲ ਪਹਿਲਾਂ ਇਕ ਗੈੱਸਟ ਹਾਊਸ 'ਚ ਤੰਬੂ ਗੱਡੇ। ਪਹਾੜੀ ਪਗ-ਡੰਡੀਆਂ ਦੇ ਅਲੌਕਿਕ ਨਜ਼ਾਰਿਆਂ ਦਾ ਅਨੰਦ ਮਾਣਦੇ ਅਸੀਂ ਸੱਤ ਦਿਨ ਦੇ ਇਸ ਟੂਰ 'ਤੇ ਰੋਜ਼ਾਨਾ ਵੀਹ ਕੁ ਕਿੱਲੋਮੀਟਰ ਦਾ ਪਹਾੜੀ-ਪੈਂਡਾ ਪੈਦਲ ਤੈਅ ਕਰਦੇ। ਸ਼ਾਮ ਨੂੰ ਰਲ਼ ਕੇ ਲੰਗਰ ਪਕਾਇਆ ਜਾਂਦਾ ਅਤੇ ਸੌਣ ਤੋਂ ਪਹਿਲਾਂ ਟੀਮ ਨੂੰ ਅਗਲੇ ਦਿਨ ਦੇ ਟਰੈਕਾਂ ਬਾਰੇ ਜਾਣਕਾਰੀ ਵੰਡੀ ਜਾਂਦੀ। ਗੱਲ ਤੀਜੇ ਦਿਨ ਦੀ ਹੈ। ਇਹ ਡਲਹੌਜ਼ੀ ਤੋਂ ਪਹਿਲਾਂ ਵਾਲਾ ਪੜਾਅ ਸੀ। ਨਾਸ਼ਤੇ ਦੇ ਡਿਊਟੀਧਾਰਾਂ ਨੇ ਤੜਕੇ ਹੀ ਚਾਹ ਪਰੌਂਠਿਆਂ ਨਾਲ ਰਜਾ ਕੇ ਸਾਨੂੰ ਵਿੰਗ-ਧੜਿੰਗੀਆਂ ਘਾਟੀਆਂ 'ਤੇ ਚਾੜ੍ਹ ਦਿੱਤਾ। ਅਸੀਂ ਦੋ ਗਰੁੱਪਾਂ ਵਿਚ ਵੰਡੇ ਗਏ। ਸਵੇਰੇ-ਸਵੇਰੇ ਦੜੱਕੇ ਮਾਰਦੇ ਟਰੈਕਾਂ 'ਤੇ ਜਾ ਚੜ੍ਹੇ। ਸੂਰਜ ਭਖਣ ਲੱਗਾ ਤਾਂ ਪਰੌਂਠੇ-ਪਰੂਠੇ ਵੀ ਪਾਣੀ ਵਾਂਗ ਹਜ਼ਮ ਹੋ ਗਏ। ਡਲਹੌਜ਼ੀ ਕੋਈ ਦੋ ਹਜ਼ਾਰ ਮੀਟਰ ਦੀ ਉਚਾਈ 'ਤੇ ਪੰਜ ਚੋਟੀਆਂ 'ਤੇ ਵੱਸਿਆ ਬਸਤੀਵਾਦੀ ਭਵਨ-ਕਲਾ ਦੀ ਪੇਸ਼ਕਾਰੀ ਕਰਦਾ ਹੋਇਆ ਇਕ ਨਿਹਾਇਤ ਖ਼ੂਬਸੂਰਤ ਸ਼ਹਿਰ ਹੈ। ਰਾਹ 'ਚ ਇਕ ਚੋਟੀ ਦੇ ਸਿਖਰ ਪਹੁੰਚ ਕੇ ਸਾਨੂੰ ਲੱਗਾ ਕਿ ਅਸੀਂ ਆਪਣੇ ਠਿਕਾਣੇ 'ਤੇ ਤਕਰੀਬਨ ਪਹੁੰਚਣ ਹੀ ਵਾਲੇ ਹਾਂ ਤਾਂ ਰਾਹ ਨੇ ਸਾਥ ਛੱਡ ਦਿੱਤਾ। ਟਰੈਕ ਦੇ ਥੱਲੇ ਤੋਂ ਮਿੱਟੀ ਖਿਸਕੀ ਹੋਈ ਸੀ। ਪਰ ਛੇ ਕੁ ਫੁੱਟ ਟੁੱਟੇ ਇਸ ਟਰੈਕ ਦੇ ਨਾਲ ਨਾਲ ਵਿਛਿਆ ਪਾਣੀ ਦਾ ਪਾਈਪ ਬਰਕਰਾਰ ਸੀ। ਪੰਜ ਘੰਟੇ ਦੀ ਟਰੈਕਿੰਗ ਤੋਂ ਬਾਅਦ ਬਹੁਤਿਆਂ ਦੀਆਂ ਪਿੰਨੀਆਂ 'ਚੋਂ ਸੇਕ ਨਿਕਲ ਰਿਹਾ ਸੀ। ਪਿੱਛੇ ਮੁੜਦੇ ਤਾਂ ਵੀ ਕਿੱਧਰ ਜਾਂਦੇ! ਪਾਈਪ ਜ਼ਰਾ ਮੋਟਾ ਸੀ ਪਰ ਖਿਸਕੀ ਮਿੱਟੀ ਦੇ ਥੱਲੇ ਡੂੰਘੀ ਵਾਦੀ ਨੂੰ ਵੇਖ ਕੇ ਸਾਨੂੰ ਪਿੱਸੂ ਪੈ ਗਏ। ਅੱਗੇ ਸੱਪ ਤੇ ਪਿੱਛੇ ਸ਼ੀਂਹ ਵਾਲੀ ਗੱਲ ਸੀ। ਬੀ-ਟੈੱਕ ਵਾਲੇ ਲਾਲੀ ਦੀਆਂ ਲੱਤਾਂ ਸਭ ਤੋਂ ਲੰਮੀਆਂ ਸਨ। ਪਤੰਦਰ ਹੋਸਟਲ 'ਚ ਡੰਡ-ਡੂੰਡ ਵੀ ਮਾਰਦਾ ਰਹਿੰਦਾ ਸੀ। ਊਂ ਮਾਸਾ ਕੁ ਡਰਪੋਕ ਜ਼ਰੂਰ ਸੀ। ਅਸੀਂ ਜ਼ਰਾ ਹੌਸਲਾ ਦਿੱਤਾ ਅਤੇ ਉਹ ਪਾਈਪ 'ਤੇ ਘੀਸੀ ਕਰਦਾ-ਕਰਦਾ ਪਰਲੇ ਪਾਰ ਪਹੁੰਚ ਗਿਆ। ਸਾਡੀ ਵੀ ਆਸ ਬੱਝੀ। ਮੈਂ ਅਜੇ ਪਾਈਪ ਦੇ ਮੱਧ ਵਿਚ ਹੀ ਸੀ ਕਿ ਮੇਰੀ ਬਾਂਹ ਨਾਲ ਲਮਕਦੀ ਪਾਣੀ ਵਾਲੀ ਬੋਤਲ ਖਿਸਕ ਕੇ ਡੂੰਘੀ ਵਾਦੀ 'ਚ ਜਾ ਡਿੱਗੀ। ਇਕ ਵਾਰ ਤਾਂ ਦਿਲ ਦਹਿਲਿਆ। ਪਰ ਮੈਂ ਜਾਂਦੀ-ਜਾਂਦੀ ਬੋਤਲ ਦੇ ਦਰਸ਼ਨ ਕਰਨ ਦੀ ਬਜਾਏ ਮੂੰਹ ਸਿੱਧਾ ਹੀ ਰੱਖਿਆ ਅਤੇ ਲਾਲੀ ਕੋਲ਼ ਜਾ ਪਹੁੰਚਾ। ਛੇ ਫੁੱਟ ਦੀ ਘੀਸੀ ਸ਼ੇਰ ਸ਼ਾਹ ਸੂਰੀ ਮਾਰਗ ਤੋਂ ਵੀ ਕਿਤੇ ਲੰਮੀ ਮਹਿਸੂਸ ਹੋਈ।

ਕੀਤੀ ਕਰਾਈ 'ਤੇ ਉਦੋਂ ਪਾਣੀ ਫਿਰ ਗਿਆ ਜਦੋਂ ਇਹ ਟਰੈਕ ਵਲ਼ ਖਾਂਦਾ-ਖਾਂਦਾ ਫਿਰ ਵਾਦੀ 'ਚ ਜਾ ਵੜਿਆ। ਪੰਜਾਂ ਘੰਟਿਆਂ ਦੀ ਚੜ੍ਹਾਈ ਚੜ੍ਹਨ ਤੋਂ ਬਾਅਦ ਸਾਨੂੰ ਜਿਵੇਂ ਲੁੱਡੋ ਵਾਲੇ ਸੱਪ ਨੇ ਡੰਗ ਮਾਰਿਆ ਹੋਵੇ। ਸਾਡਾ ਖਾਣ ਦਾ ਨਿਕ-ਸੁਕ ਵੀ ਖ਼ਤਮ ਹੋ ਚੁੱਕਾ ਸੀ। ਬੁੱਲ੍ਹ ਖ਼ੁਸ਼ਕ ਹੋਣ ਲੱਗੇ ਤੇ ਸ਼ੁਗ਼ਲ ਸਲ੍ਹਾਬਣ ਲੱਗੇ । ਚੁੱਪ ਚਿਹਰਿਆਂ 'ਤੇ ਵੀ ਵੀ ਹਫ਼ੜਾ-ਦਫੜੀ ਮੱਚੀ ਹੋਈ ਸੀ। ਵਾਦੀ ਦੇ ਇਕ ਪਾਸੇ ਪਾਣੀ ਦੀ ਨਿੱਕੀ ਜਿਹੀ ਝੀਲ ਸੀ। ਉਤਾਂਹ ਉੱਤਰ ਵੱਲ ਡਲਹੌਜ਼ੀ ਨਜ਼ਰ ਆ ਰਹੀ ਸੀ, ਜਵਾਂ ਹੀ ਖੱਟੇ ਅੰਗੂਰਾਂ ਵਰਗੀ। ਸਾਹਮਣੇ ਇਕ ਨਿੱਕੇ ਜਿਹੇ ਘਰ ਦੀ ਬਗ਼ਲ 'ਚ ਕੁੱਝ ਗਊਆਂ ਅਤੇ ਬੱਕਰੀਆਂ ਆਪਣੀ ਰੌਂਅ ਵਿਚ ਚੁੱਪ-ਚਾਪ ਚਰ ਰਹੀਆਂ ਸਨ। ਉਨ੍ਹਾਂ ਦੇ

ਧੌਣੀਂ ਬੱਧੀਆਂ ਟੱਲੀਆਂ ਦੀ ਹਲਕੀ ਸੰਗੀਤਮਈ ਟੁਣਕਾਰ ਸੁਣਦਿਆਂ ਸਾਰ ਸਾਡਾ ਸਾਹ 'ਚ ਸਾਹ ਆਇਆ। ਲੰਮੀ ਪਸਰੀ ਇਸ ਕਾਇਨਾਤ ਵਿਚ ਬੜੀ ਸਹਿਣਸ਼ੀਲਤਾ ਅਤੇ ਅਣ-ਛੂਹੀ ਸੁੰਦਰਤਾ ਦਾ ਅਹਿਸਾਸ ਸੀ। ਆਸ ਪਾਸ ਘਣੇ ਬਿਰਖਾਂ ਵੇਲਾਂ 'ਤੇ ਕੁੱਝ ਲੁਕ-ਛੁਪ ਖੇਡਦੇ ਨਵੇਕਲੇ ਜਿਹੇ ਪੰਛੀ ਚਹਿਕ ਰਹੇ ਸਨ। ਕੋਲ ਹੀ ਮੰਜੀ ਦੇ ਉੱਪਰ ਇਕ ਬਾਬਾ ਗੁੜਗੁੜਾਉਂਦੇ ਹੁੱਕੇ 'ਚੋਂ ਫੈਲਦੇ ਕੋਸੇ-ਕੋਸੇ ਧੂੰਏਂਦਾਰ ਵਲ਼-ਵਲ਼ੇਵਿਆਂ ਦੇ ਦਮਦਾਰ ਕਸ਼ਾਂ ਨੂੰ ਸ਼ੁਕਰਾਨੇ ਭਰੇ ਸਾਹਾਂ 'ਚ ਸੰਤੋਖੀ ਬੈਠਾ ਸੀ। "ਉਸ" ਦੀ ਰਜ਼ਾ ਵਿਚ ਨਤਮਸਤਕ ਹੋਇਆ ਇਹ ਬਜ਼ੁਰਗ ਦੂਰ-ਦੂਰ ਤਕ ਵਿਛੀ ਭਾਂਤ-ਭਾਂਤ ਦੀ ਹਰਿਆਵਲ ਧਰਤ ਨੂੰ ਬੜੇ ਸਹਿਜ ਨਾਲ ਤੱਕ ਰਿਹਾ ਸੀ। ਕੁਦਰਤ ਆਪਣੇ ਕਾਰਜ ਵਿਚ ਸੁਰਲੀਨ ਸੀ। ਇਸ ਇਲਾਹੀ ਨਜ਼ਾਰੇ ਵਿਚ ਬੜਾ ਭੋਲ਼ਾ ਭਾਲ਼ਾ ਰਹੱਸਵਾਦ ਜਾਪਿਆ। ਮੈਨੂੰ ਲੱਗਿਆ ਜਿਵੇਂ ਮੇਰਾ ਅੱਜ ਇੱਥੇ ਹੋਣਾ ਅਤੇ ਇਸ ਨਜ਼ਾਰੇ ਨੂੰ ਮਾਣਨਾ ਉਸ ਕਾਦਰ-ਕੁਦਰਤ ਦਾ ਸ਼ੁਭ ਵਰਦਾਨ ਸੀ। ਮੈਂ ਧੰਨ-ਧੰਨ ਹੋ ਉੱਠਿਆ ਸਾਂ। ਬਾਪੂ ਦੀ ਮੰਜੀ ਦੇ ਲਾਗੇ ਨਿੱਕੇ ਨਿੱਕੇ ਜੁਆਕ ਖੇਡਣ 'ਚ ਮਸਤ ਸਨ।

ਭੁੱਖ ਕਰਕੇ ਹੀ ਸਹੀ ਪਰ ਅਸੀਂ ਆਪ-ਮੁਹਾਰੇ ਬਾਪੂ ਦੇ ਦੁਆਲ਼ੇ ਉੱਭੜ-ਖਾਬੜ ਵਿਹੜੇ 'ਚ ਡਿੱਠੇ ਮੰਜਿਆਂ 'ਤੇ ਜਾ ਬੈਠੇ। ਅਸੀਂ ਅਜੇ ਆਪਣਾ ਸਫ਼ਰਨਾਮਾ ਖੋਲ੍ਹਣਾ ਹੀ ਸੀ ਕਿ ਉਸ ਨੇ ਬਿਨਾਂ ਪੁੱਛਿਆਂ ਘਰ ਵੱਲ ਨੂੰ ਧੌਣ ਮੋੜ ਕੇ ਚਾਹ ਬਣਾਉਣ ਵਾਲਾ ਖੰਘੂਰਾ ਮਾਰਿਆ। ਪਿੰਡਾਂ ਵਾਲਿਆਂ ਨੇ ਤਾਂ ਚਲੋ ਕੀ ਕਹਿਣਾ ਸੀ, ਦਿੱਲੀ ਵਾਲੇ ਪੈਰੀ ਨੇ ਵੀ ਚਾਹ ਬਾਬਤ ਨਾਂਹ ਕਰਨ ਦਾ ਤਕੱਲਫ਼ ਨਾ ਕੀਤਾ।

ਬਾਪੂ ਸਾਡੇ ਪਹਾੜੀ ਅਫ਼ਸਾਨੇ ਸੁਣ ਕੇ ਹੱਕਾ-ਬੱਕਾ ਰਹਿ ਗਿਆ, "ਤੁਹਾਡਾ ਸਮਾਨ ਬੱਸ 'ਚ ਸੈਰ ਕਰਦਾ ਤੇ ਤੁਸੀਂ ਕਮਲ਼ਿਆਂ ਵਾਂਗੂੰ ਪਹਾੜਾਂ 'ਚ ਟੱਕਰਾਂ ਮਾਰਦੇ ਫਿਰਦੇ ਹੋ! ਬੱਸ ਨੇ ਅੱਧੇ ਘੰਟੇ 'ਚ ਥਾਨੂੰ ਧੁਰ ਲਾ ਦੇਣਾ ਸੀ।"

ਸਾਡੀਆਂ ਅੱਖਾਂ ਅੱਡੀਆਂ ਹੀ ਰਹਿ ਗਈਆਂ ਜਦੋਂ ਅਸੀਂ ਇਲਾਚੀਆਂ ਵਾਲੀ ਚਾਹ ਨਾਲ ਨੱਕੋ ਨੱਕ ਭਰੇ ਚੌਦਾਂ ਦੇ ਚੌਦਾਂ ਕੱਪ ਇਕੋ ਬਰਾਂਡ ਦੇ ਵੇਖੇ। ਵੱਡੇ-ਵੱਡੇ ਘਰਾਂ ਵਿਚ ਵੀ ਅਕਸਰ ਇਸ ਤਰ੍ਹਾਂ ਨਹੀਂ ਹੁੰਦਾ। ਚਾਹ ਦੀ ਹਰ ਚੁਸਕੀ ਦਾ ਜ਼ਾਇਕਾ ਰੋਮ-ਰੋਮ ਨੇ ਮਾਣਿਆ। ਬਾਪੂ ਨੇ ਜੁਆਕਾਂ ਨੂੰ ਕਹਿ ਕੇ ਝੀਲ ਕੋਲ ਲੱਗੀ ਟੂਟੀ ਤੋਂ ਸਾਡੀਆਂ ਖਾਲ਼ੀ ਹੋਈਆਂ ਪਾਣੀ ਦੀਆਂ ਬੋਤਲਾਂ ਵੀ ਭਰਵਾ ਦਿੱਤੀਆਂ। ਮਨਿੰਦਰ ਸੂਦ ਸਾਡੇ ਸਾਰਿਆਂ 'ਚੋਂ ਸਿਆਣਾ ਸੀ। ਉਸ ਨੇ ਮੇਰੇ ਕੰਨ 'ਚ ਘੁਸਰ ਮੁਸਰ ਕੀਤੀ ਬਈ ਸਾਨੂੰ ਕੁੱਝ ਦੇ ਦੇਣਾ ਚਾਹੀਦਾ। ਉਸ ਨੇ ਪਿਆਰ ਨਾਲ ਝਕਦੇ-ਝਕਦੇ ਸੌ ਦਮੜੇ ਨਜ਼ਦੀਕ ਖੇਡਦੇ ਬੱਚੇ ਦੀ ਜੇਬ 'ਚ ਪਾਉਣ ਦੀ ਕੋਸ਼ਿਸ਼ ਕੀਤੀ।

ਬਾਪੂ ਗੜ੍ਹਕਿਆ ਤੇ ਬੱਚਾ ਨਹੀਂ-ਨਹੀਂ ਕਰਦਾ ਪੈਸੇ ਸੁੱਟ ਕੇ ਦੌੜ ਗਿਆ।

ਬਾਬੇ ਦੀ ਗੱਲ ਅਜੇ ਸੰਘ 'ਚ ਹੀ ਸੀ ਕਿ ਅੰਦਰੋਂ ਸ਼ਾਇਦ ਉਨ੍ਹਾਂ ਦੀ ਮਾਤਾ ਦਾ ਮੱਥਾ ਵੀ ਠਣਕਿਆ। ਉਹ ਕਾਹਲ 'ਚ ਦਹਿਲੀਜ਼ 'ਤੇ ਆਈ ਅਤੇ ਆਪਣੇ ਘੁੰਡ 'ਚੋਂ ਬੇਹੱਦ ਗ਼ੁੱਸੇ 'ਚ ਬੋਲੀ, "ਅਸੀਂ ਚਾਹ ਇਸ ਕਰਕੇ ਨਹੀਂ ਪਿਆਈ..."

ਸਮਾਂ ਜਿਵੇਂ ਥਾਂਏਂ ਰੁਕ ਗਿਆ ਹੋਵੇ। ਬੱਕਰੀਆਂ ਦੇ ਲੇਲੇ ਵੀ ਪਲ ਕੁ ਲਈ ਚੁੱਪ ਕਰ ਗਏ। ਸਾਨੂੰ ਆਪਣਾ ਆਪ ਬੌਣਾ-ਬੌਣਾ ਜਿਹਾ ਪ੍ਰਤੀਤ ਹੋਇਆ। ਬਾਬੇ ਦੇ ਚਿਹਰੇ 'ਤੇ ਕਿਸੇ ਮੱਧਕਾਲੀ ਸੂਫ਼ੀ ਫ਼ਕੀਰ ਦਾ ਜਲੌ ਚੜ੍ਹ ਆਇਆ ਸੀ। ਅਚਾਨਕ ਪਸਰੀ ਇਸ ਚੁੱਪ ਵਿਚ ਅਲੌਕਿਕ ਅਨੰਦ ਵੀ ਸੀ। ਜਿਵੇਂ ਹੁਣੇ ਹੁਣੇ ਕੋਈ ਵੱਡਾ ਮਕਸਦ ਸੰਪੂਰਨ ਹੋ ਗਿਆ ਹੋਵੇ। ਐਸਾ ਪ੍ਰਯੋਗ ਅਸੀਂ ਯੂਨੀਵਰਸਿਟੀ ਦੇ ਸਿਲੇਬਸ ਜਾਂ ਪ੍ਰਯੋਗਸ਼ਾਲਾ 'ਚ ਕਦੀ ਨਹੀਂ ਸੀ ਚਿਤਵਿਆ। ਅਰਥ ਸ਼ਾਸਤਰ ਦੀ ਇਸ ਕੁਆਰੀ ਪਰਿਭਾਸ਼ਾ ਨੂੰ ਅਜੇ ਖੰਭ ਨਹੀਂ ਸਨ ਲੱਗੇ।

"ਬਾਪੂ ਅਸੀਂ ਸਾਰੇ ਵੱਖ-ਵੱਖ ਸ਼ਹਿਰਾਂ ਦੇ ਵਾਸੀ ਹਾਂ। ਕੀ ਪਤਾ ਫਿਰ ਕਦੇ ਐਸਾ ਸਬੱਬ ਬਣੇ

ਜਾਂ ਨਾ ਬਣੇ। ਸਾਡੀ ਦਿਲੀ ਇੱਛਾ ਹੈ ਕਿ ਤੁਸੀਂ ਆਪਣੀ ਇਸ ਮਿਲਣੀ ਨੂੰ ਆਪਣਿਆਂ ਚੇਤਿਆਂ 'ਚ ਰੱਖੋ। ਇਸੇ ਲਈ ਕੋਈ ਨਿਸ਼ਾਨੀ ਦੇਣੀ ਚਾਹੁੰਦੇ ਹਾਂ, ਪਰ ਸਾਡੇ ਕੋਲ਼ ਪੈਸਿਆਂ ਤੋਂ ਬਗ਼ੈਰ ਹੋਰ ਕੁੱਝ ਵੀ ਨਹੀਂ", ਮੈਂ ਹੱਥ ਜੋੜ ਕੇ ਅਰਜ਼ੋਈ ਕੀਤੀ।

ਬਾਪੂ ਅਚਾਨਕ ਮੰਜੇ ਤੋਂ ਉੱਠਿਆ। ਨਾਲ ਲੱਗੀ ਸਰਕਾਰੀ ਟੂਟੀ 'ਤੇ ਹੱਥ ਧੋਤੇ। ਆਪਣੀ ਪਹਾੜੀ ਲਹਿਜੇ 'ਚ ਬੰਨ੍ਹੀ ਪੱਗ ਨੂੰ ਰਤਾ ਕੁ ਹੋਰ ਸੁਆਰਿਆ ਅਤੇ ਫਿਰ ਮੇਰੀ ਬਾਂਹ ਫੜ ਕੇ ਕਹਿੰਦਾ,"ਆਹ ਕੜਾ ਦੇ ਜਾਓ, ਅਸੀਂ ਸਾਂਭ ਕੇ ਰੱਖਾਂਗੇ।"

ਮੇਰਾ ਸਰਬ ਲੋਹ ਦਾ ਕੜਾ ਜਿਵੇਂ ਬਾਗ਼-ਬਾਗ਼ ਹੋ ਗਿਆ ਹੋਵੇ। ਸ਼ਾਇਦ ਇਹ ਸੋਚ ਕੇ ਕਿ ਉਹ ਸਾਡੀ ਇਸ ਪਰਿਵਾਰ ਨਾਲ ਅਨਮੋਲ ਰਿਸ਼ਤੇ ਦੀ ਅਤੁੱਟ ਕੜੀ ਬਣਨ ਜਾ ਰਿਹਾ ਹੈ। ਵਾਦੀ 'ਚ ਵੱਸਦੇ ਇਸ ਚੋਟੀ ਦੇ ਪਰਿਵਾਰ ਦੀ ਅਮੀਰੀ ਅਤੇ ਸਿਰੜ ਨੂੰ ਵੇਖ ਕੇ ਅਲਵਿਦਾ ਕਹਿਣਾ ਤਾਂ ਭਾਵੇਂ ਹੰਝੂਆਂ ਭਰਿਆ ਰਿਹਾ, ਪਰ ਸਾਡੀਆਂ ਥੱਕੀਆਂ-ਟੁੱਟੀਆਂ ਲੱਤਾਂ 'ਚ ਫ਼ੌਲਾਦ ਭਰ ਆਇਆ ਅਤੇ ਅਸੀਂ ਡਲਹੌਜ਼ੀ ਦੀ ਚੜ੍ਹਾਈ ਬਾਪੂ ਦੇ ਟੱਬਰ ਦੀਆਂ ਗੱਲਾਂ ਕਰਦੇ-ਕਰਦੇ ਫ਼ਤਿਹ ਕਰ ਦਿੱਤੀ। ਸਾਡੇ ਜਮਾਤੀਆਂ ਦਾ ਇਹ ਗਰੁੱਪ ਗਰੈਜੂਏਸ਼ਨ ਤੋਂ ਬਾਅਦ ਕਈ ਮੁਲਕਾਂ 'ਚ ਬਿਖਰ ਗਿਆ। ਪਰ ਕਈ ਦਹਾਕਿਆਂ ਬਾਅਦ ਵੀ ਇਹ ਸ਼ੁੱਭ ਮਿਲਣੀ ਸਾਰੇ ਦੋਸਤਾਂ ਨੂੰ ਇਕ ਕਾਲ ਬਿੰਦੂ 'ਤੇ ਇਕੱਠਾ ਕਰ ਦਿੰਦੀ ਹੈ।

*ਬੰਦਾ - ਵਪਾਰੀ*
*ਕਾਂ ਦਾ ਚਿੱਤ ਕਰੇ*
*ਖੋਹ ਲਵੇ ਮੇਰਾ ਮੋਬਾਈਲ*
*ਵੱਢ ਦੇਵੇ ਡੀ. ਜੇ. ਦੀਆਂ ਤਾਰਾਂ*
*ਉਹ ਕੁਰਲਾਵੇ, ਸਭ ਸੁਣਨ*
*ਬੇਬੇ ਮਾਂਹ ਧਰੇ*
*ਆਉਣ ਪਰਾਹੁਣੇ*

*ਟੌਮੀ ਦਾ ਚਿੱਤ ਕਰੇ*
*ਸੁੱਟ ਡੌਗੀ ਫੂਡ*
*ਭੁੱਖਾ ਸੌਂਵੇਂ*
*ਸਕੂਟਰਾਂ ਪਿੱਛੇ ਭੱਜੇ*
*ਦਰ ਦਰ ਜਾਵੇ*
*ਬੁਰਕੀ ਬੁਰਕੀ ਖਾਵੇ*

*ਗਾਂ ਦਾ ਚਿੱਤ ਕਰੇ*
*ਆਪਣੇ ਲਹੂ ਦੀ ਬੂੰਦ-ਬੂੰਦ*
*ਦੁੱਧ 'ਚ ਬਦਲ ਦਏ*
*ਭਰ ਦੇਵੇ ਬਾਲਟੀਆਂ*
*ਕੋਈ ਨਾ ਭਰੇ ਥੈਲੀਆਂ*
*ਕੋਈ ਨਾ ਲਾਵੇ ਟੀਕੇ*

*ਕੁੱਕੜ ਦਾ ਚਿੱਤ ਕਰੇ*
*ਚਿਕਨ ਫ਼ੈਕਟਰੀ ਦੀ ਬੈਲਟ ਤੋਂ ਭੱਜ*

*ਪਿੰਡ ਆਵੇ, ਸੁੱਤੀ ਕਲਾ ਜਗਾਏ*
*ਲੋਕੀ ਜਾਗਣ, ਸਾਂਭਣ*
*ਮੁੱਕਦਾ/ਸੁੱਕਦਾ ਪਿੰਡ*
*ਫਿਰ ਭਾਵੇਂ ਭੁੰਨਣ ਮੁਰਗ਼ੇ*

*ਡੱਡੂ ਦਾ ਚਿੱਤ ਕਰੇ*
*ਕੁਤਰ ਦੇਵੇ ਤਾਰਾਂ*
*ਵਾਸ਼ਿੰਗ ਮਸ਼ੀਨਾਂ ਦੀਆਂ*
*ਕੋਈ ਸੋਹਣੀ*
*ਖੂਹ 'ਤੇ ਆ ਕੇ ਧੋਵੇ ਕੱਪੜੇ*
*ਡੱਡੂ ਅੱਖ ਮਾਰੇ*

*ਕੀੜੀ ਦਾ ਚਿੱਤ ਕਰੇ*
*ਉਹ ਵੀ ਗੁਰੂ ਘਰ ਦੀ ਪਰਿਕਰਮਾ ਕਰੇ*
*ਸੰਗਤਾਂ ਤੋਂ ਭੁੰਜੇ ਡਿੱਗਿਆ ਪ੍ਰਸ਼ਾਦ ਛਕੇ*
*ਪਰ... ਜੇਕਰ ਕੋਈ ਹਟਾਏ*
*ਉਹਦੇ ਸਿਰ ਤੋਂ ਸੰਗਮਰਮਰ*

*ਇਕ ਆਹ ਬੰਦਾ ਵਪਾਰੀ*
*ਜੀਹਦਾ ਚਿੱਤ ਕਰੇ*
*ਸੱਪ ਡੰਗੇ*
*ਜ਼ਹਿਰ ਫੈਲੇ*
*ਸੱਪ ਮਰੇ*

## ਕੁਆਂਟਮ ਰਿਸ਼ਤੇ

ਕੈਂਬਰਿਜ ਮੈਸਾਚੂਸਿਸ, ਦੁਨੀਆ ਦੇ ਨਕਸ਼ੇ 'ਤੇ ਉੱਚ ਵਿੱਦਿਆ ਦਾ ਮੱਕਾ ਆਖਿਆ ਜਾਂਦਾ ਹੈ। ਇਹ ਬੌਸਟਨ ਮਹਾਂਨਗਰ ਦਾ ਭਾਗ ਹੈ ਅਤੇ ਚਾਰਲਜ਼ ਦਰਿਆ ਦੇ ਨਾਲ-ਨਾਲ ਵਸਿਆ ਹੋਇਆ ਹੈ। ਨਵੇਂ ਸਾਲ ਤੋਂ ਬਾਅਦ ਨਾਰਥ ਈਸਟਰਨ ਯੂਨੀਵਰਸਿਟੀ 'ਚ ਸਾਡਾ ਸਮੈਸਟਰ ਅਜੇ ਥੋੜ੍ਹੇ ਦਿਨਾਂ ਤਕ ਸ਼ੁਰੂ ਹੋਣਾ ਸੀ। ਕਈ ਦਿਨਾਂ ਤੋਂ ਸੂਰਜ ਨਹੀਂ ਸੀ ਚਮਕਿਆ। ਕ੍ਰਿਸਮਿਸ ਤੋਂ ਬਾਅਦ ਠੰਢ ਨੇ ਛੜੱਪੇ ਮਾਰ-ਮਾਰ ਕੇ ਬਰਫ਼ ਦੇ ਢੇਰ ਲਾ ਦਿੱਤੇ ਸਨ। ਇਸ ਸਿਆਲ਼ ਦਾ ਇਹ ਤੀਜਾ ਵੱਡਾ ਸਨੋਅ-ਸਟੌਰਮ (ਬਰਫ਼ੀਲਾ ਤੂਫ਼ਾਨ) ਸੀ। ਬਰਫ਼ ਹਟਾਉਣ ਵਾਲੇ ਟਰੱਕ ਸੜਕਾਂ 'ਤੇ ਬੜ੍ਹਕਾਂ ਮਾਰਦੇ ਘੁੰਮਦੇ ਰਹਿੰਦੇ। ਸੜਕ ਤੋਂ ਕਰਾਹ ਕੇ ਘਰਾਂ ਮੂਹਰੇ ਲੂਣੀ ਬਰਫ਼ ਦੇ ਪਹਾੜ ਬਣਾ ਜਾਂਦੇ। ਫੁੱਟ-ਪਾਥਾਂ 'ਤੇ ਸ਼ੀਸ਼ਾ ਬਣੀ ਬਰਫ਼ 'ਤੇ ਪੈਰ ਧਰਦਿਆਂ ਹੀ ਮੈਨੂੰ ਆਪਣੇ ਪਿੰਡ ਦੀ ਬਾਹਰਲੀ ਫਿਰਨੀ ਦੀ ਤਿਲ੍ਹਕਵੀਂ ਚੀਕਣੀ ਮਿੱਟੀ ਚੇਤੇ ਆ ਜਾਂਦੀ। ਸ਼ਾਮ ਨੂੰ 4 ਵਜੇ ਹੀ 'ਨ੍ਹੇਰਾ ਹੋ ਜਾਂਦਾ ਸੀ। ਰਾਤਾਂ ਲੰਮੀਆਂ ਸਨ, ਨਾਲੇ ਇੱਥੇ ਕਿਹੜਾ ਤੜਕੇ ਨੂੰ ਪਾਠੀ ਲੱਗਦਾ ਸੀ। ਮੈਨੂੰ ਪਿੰਡੋਂ ਅਮਰੀਕਾ ਆਏ ਨੂੰ ਅਜੇ ਕੁੱਝ ਕੁ ਮਹੀਨੇ ਹੀ ਹੋਏ ਸਨ। ਮਿੱਤਰ ਭਾਈਚਾਰਾ ਜ਼ਿਆਦਾ ਇੰਡੀਆ ਹੋਣ ਕਰਕੇ ਚਿੱਠੀ ਪੱਤਰ ਥਾਣੀ ਹੀ ਤਾਰਾਂ ਜੁੜਦੀਆਂ। ਉਦੋਂ ਟੈਲੀਫ਼ੋਨ ਦੀ ਕਾਲ ਦਾ ਭਾਅ ਵੀ ਰਤਾ ਕੁ ਮਹਿੰਗਾ ਹੁੰਦਾ ਸੀ। ਨਾਲੇ ਪਿੱਛੇ ਵੀ ਕਿਹੜਾ ਘੰਟੀ ਸਿੱਧੀ ਘਰ ਜਾਂਦੀ ਸੀ।

ਰਾਤ ਸਾਢੇ ਕੁ ਅੱਠ ਦਾ ਸਮਾਂ ਹੋਵੇਗਾ। ਬਰਫ਼ ਹਟਾਉਣ ਵਾਲੇ ਟਰੱਕਾਂ ਤੋਂ ਇਲਾਵਾ ਕੋਈ ਟਾਂਵੀਂ-ਟਾਂਵੀਂ ਗੱਡੀ ਹੀ ਲੰਘਦੀ ਸੀ। ਸੀ.ਐੱਨ.ਐੱਨ. ਵੀ ਮੁੜ ਘਿੜ ਉਹੀ ਖ਼ਬਰਾਂ ਘੁਮਾਈ ਜਾਂਦਾ ਸੀ। ਮੈਂ ਟੀ. ਵੀ. ਬੰਦ ਕਰ ਕੇ ਲਾਇਬਰੇਰੀ 'ਚੋਂ ਅੱਜ ਹੀ ਲਿਆਂਦੀ ਕਿਤਾਬ ਪੜ੍ਹਨ ਲੱਗਾ। ਮੁਖਬੰਦ 'ਚ ਖ਼ੌਰੇ ਐਸਾ ਕੀ ਲਿਖਿਆ ਸੀ ਕਿ ਅਚਾਨਕ ਮੇਰਾ ਦਿਲ ਕੀਤਾ ਕਿ ਆਪਣੀ ਨਾਨੀ ਨੂੰ ਖ਼ਤ ਲਿਖਾਂ। ਟੱਬਰ 'ਚ ਸਾਰੇ ਜਣੇ ਉਸ ਨੂੰ "ਬੀਬੀ" ਹੀ ਕਹਿ ਕੇ ਬੁਲਾਉਂਦੇ ਸਨ। ਮੇਰੇ ਨਾਨਾ ਜੀ ਕਈ ਵਰ੍ਹੇ ਆਜ਼ਾਦੀ ਦੀ ਲੜਾਈ ਵੇਲ਼ੇ ਲਾਹੌਰ ਜੇਲ੍ਹ 'ਚ ਬਿਮਾਰ ਰਹੇ ਅਤੇ ਮੁਲਕ ਆਜ਼ਾਦ ਹੋਣ ਤੋਂ ਜਲਦੀ ਬਾਅਦ ਹੀ ਭਰ ਜੁਆਨੀ 'ਚ ਸੁਰਗਵਾਸ ਹੋ ਗਏ ਸਨ। ਬੀਬੀ ਨੇ ਟੱਬਰ ਨੂੰ ਅਥਾਹ ਮੁਸ਼ਕਲਾਂ ਨਾਲ ਪਾਲ਼ਿਆ। ਚੂਲ੍ਹਾ ਟੁੱਟਣ ਤੋਂ ਬਾਅਦ ਉਸ ਦਾ ਪਿੰਡ 'ਚ 'ਕੱਲੀ ਰਹਿਣਾ ਮੁਸ਼ਕਲ ਹੋ ਗਿਆ ਸੀ। ਉਸ ਦੀ ਨਿਗਾਹ ਵੀ ਲਗਪਗ ਖ਼ਤਮ ਹੋ ਚੁੱਕੀ ਸੀ। ਨਾ ਚਾਹੁੰਦਿਆਂ ਹੋਇਆਂ ਵੀ ਪਿੰਡ ਛੱਡ ਕੇ ਉਹ ਮੇਰੇ ਮਾਮਿਆਂ ਕੋਲ਼ ਬੰਬੇ (ਉਹ ਮੁੰਬਈ ਨੂੰ ਬੰਬਾ ਹੀ ਕਹਿੰਦੀ ਹੁੰਦੀ ਸੀ) ਦੇ ਰੌਲ਼ੇ ਰੱਪੇ 'ਚ ਰਹਿਣ ਲਈ ਮਜਬੂਰ ਹੋ ਗਈ ਸੀ। ਉਸ ਦੀ ਯਾਦਦਾਸ਼ਤ ਵੀ ਕਾਫ਼ੀ ਕਮਜ਼ੋਰ ਹੋ ਗਈ ਸੀ। ਮੈਂ ਬੀਬੀ ਨੂੰ ਵਿਦੇਸ਼ ਆਉਣ ਤੋਂ ਵੀ ਦੋ ਸਾਲ ਪਹਿਲਾਂ ਆਖ਼ਰੀ ਵਾਰ ਲੁਧਿਆਣੇ ਰੇਲਵੇ ਸਟੇਸ਼ਨ 'ਤੇ ਬੰਬੇ ਨੂੰ ਤੁਰਨ ਲੱਗੀ ਦਾਦਰ ਐਕਸਪ੍ਰੈੱਸ 'ਚ ਕਾਹਲ਼ੀ-ਕਾਹਲ਼ੀ ਮਿਲਿਆ ਸਾਂ।

ਮੈਨੂੰ ਚਿੱਠੀਆਂ ਲਿਖਣ ਦਾ ਵਾਹਵਾ ਸ਼ੌਕ ਸੀ ਪਰ ਬੀਬੀ ਨੂੰ ਖ਼ਤ ਲਿਖਣ ਲਈ ਅੱਜ ਮੈਂ ਪਹਿਲੀ ਵਾਰ ਪੈੱਨ ਚੁੱਕਿਆ ਸੀ। ਲਿਖਣਾ ਤਾਂ ਕੀ ਮੈਨੂੰ ਕਦੇ ਬੀਬੀ ਨੂੰ ਖ਼ਤ ਲਿਖਣ ਦਾ ਅਹਿਸਾਸ ਵੀ ਨਹੀਂ ਸੀ ਹੋਇਆ। ਪਰ ਅੱਜ ਇਹ ਖ਼ਤ ਮੇਰੀ ਕਲਮ ਦੇ ਵਹਾਓ ਤੋਂ ਵੀ ਕਿਤੇ ਤੇਜ਼ ਵਗ ਰਿਹਾ ਸੀ। ਆਪ ਮੁਹਾਰੇ ਉਮਡਦੇ ਲਫ਼ਜ਼ ਮੇਰੇ ਵੱਲ ਨਵ ਜੰਮੇ ਬੱਚੇ ਵਾਂਗ ਤੱਕ ਰਹੇ ਸਨ। ਜਿਵੇਂ ਮੈਂ ਉਨ੍ਹਾਂ ਦੀ ਨਾਨੀ ਹੋਵਾਂ। ਸਹਿਜੇ ਸਹਿਜੇ ਚੇਤਿਆਂ 'ਚ ਪਰਤ ਰਹੇ ਸਵਰਾਂ ਤੇ ਧੁਨੀਆਂ ਚੋਂ ਸਿੰਮਦੀ ਅਨੁਭੂਤੀ ਨਾਲ ਮੇਰਾ ਨਿੱਕਾ ਜਿਹਾ ਕਮਰਾ ਹੋਰ ਵੀ ਨਿੱਘਾ ਹੋ ਗਿਆ ਸੀ। ਮੇਰੀ ਲਿਖਾਈ ਦਾ ਵੇਗ ਮੇਰੀਆਂ ਉਂਗਲਾਂ ਦੀ ਯੋਗਤਾ ਨੂੰ ਮਾਤ ਪਾ ਰਿਹਾ ਸੀ। ਵਾਕ ਬਣਤਰ ਨੇ ਬੀਬੀ ਸੰਗ ਬਿਤਾਏ ਪਲਾਂ ਨੂੰ ਮਿੰਟੋ-ਮਿੰਟੀ ਵੂਲ ਦੇ ਨਿੱਘੇ ਸਵੈਟਰ ਵਾਂਗ ਬੁਣ ਦਿੱਤਾ ਸੀ। ਇਸ ਵਿਚ ਬਚਪਨ ਦੇ ਨਿੱਕੇ ਬਿਰਤਾਂਤ, ਕੂੰਡੇ 'ਚ ਮਸਾਲਾ ਕੁੱਟ ਕੇ ਬਣਾਏ ਮਟਰਾਂ ਦੀ ਮਹਿਕ, ਪਿੰਨੀਆਂ ਤੇ ਗਜਰੇਲੇ ਦੀ ਮਿਠਾਸ ਅਤੇ ਬਿਰਧ ਬੀਬੀ ਵੱਲੋਂ ਰੋਕਦਿਆਂ-ਰੋਕਦਿਆਂ ਵੀ ਸਾਨੂੰ ਪਿੰਡ ਬੱਸ ਅੱਡੇ ਜਾ ਕੇ ਵਿਦਾਅ ਕਰਨਾ ਆਦਿ ਅਨੇਕਾਂ ਬਿੰਬਾਂ ਦੀ ਰੰਗ-ਬਿਰੰਗੀ ਅਤੇ ਵੈਰਾਗਮਈ ਤਸਵੀਰਸਾਜ਼ੀ ਹੋ ਰਹੀ ਸੀ। ਪੈੱਨ ਕਦੇ ਬੁਰਸ਼ ਬਣ ਕੇ ਬੀਬੀ ਦੀ ਰਸੋਈ ਦੇ ਓਟੇ 'ਤੇ ਬਣਾਈਆਂ ਚਿੜੀਆਂ ਉਤਾਰਨ ਦੀ ਨਕਲ ਕਰਦਾ ਅਤੇ ਕਦੇ ਕਰੋਸ਼ੀਆ ਬਣ ਕੇ ਯਾਦਾਂ ਦੇ ਕਸੀਦੇ ਉਣਦਾ।

*ਸਿਆਲ਼ੂ ਅੱਧੀ ਰਾਤ*
*ਗੱਲੀਂ ਪਈਆਂ,*
*ਮਾਂ ਅਤੇ ਬੀਬੀ*

*ਮੇਰੇ ਬੋਲਣ ਤੋਂ ਪਹਿਲਾਂ*
*ਬੀਬੀ ਨੇ ਬੁੱਝੀ*
*ਖ਼ੁਸ਼ਖ਼ਬਰੀ*

*ਡੈਂਚਰ ਧੋਂਦੀ*
*ਬੀਬੀ ਜਪ ਰਹੀ*

*ਕੀਰਤਨ ਸੋਹਿਲਾ*

*ਪਰਾਹੁਣੇ ਬੱਸ ਚੜ੍ਹਾ*
*ਘਰ ਨੂੰ ਮੁੜਦੀ ਬੀਬੀ*
*ਕੀਤੇ ਕਈ ਪੜਾਅ*

ਬੀਬੀ ਦੀਆਂ ਬਾਤਾਂ ਚੇਤੇ ਕਰਦਿਆਂ ਮੈਂ ਕਈ ਵਾਰ ਜ਼ੋਰ ਜ਼ੋਰ ਨਾਲ ਹੱਸਿਆ। ਯਾਦਾਂ ਦੀ ਇਸ ਸ਼ਾਂਤ ਝੀਲ 'ਚੋਂ ਬੱਦਲ਼ ਹੁੰਦੇ-ਹੁੰਦੇ ਕੁੱਝ ਕੁ ਹੰਝੂ ਖ਼ਤ 'ਤੇ ਡਿੱਗ ਪਏ। ਪਰ ਮੋਹ ਭਿੱਜੇ ਕਾਗ਼ਜ਼ ਨੇ ਲਫ਼ਜ਼ਾਂ ਦੀ ਸ਼ਾਨ ਨੂੰ ਕਾਇਮ ਰੱਖਦਿਆਂ ਸਿਆਹੀ ਨੂੰ ਭੋਰਾ ਵੀ ਫੈਲਣ ਨਾ ਦਿੱਤਾ । ਇਕ ਵਾਰ ਖ਼ਤ ਪੂਰਾ ਹੋਇਆ ਤਾਂ ਪੜ੍ਹ ਕੇ ਵੱਡਾ ਉਬਾਲ਼ਾ ਆਇਆ। ਫਿਰ ਖ਼ਤ 'ਚ ਜਿੱਥੇ ਰਤਾ ਕੁ ਜਗ੍ਹਾ ਮਿਲੀ, ਉਸ 'ਚ ਇਕ ਹੋਰ ਖ਼ਤ ਲਿਖਿਆ। ਮੈਂ ਵਾਰ ਵਾਰ ਪੜ੍ਹਦਾ ਅਤੇ ਹਰ ਵਾਰ ਘਣੀ ਚਿੱਠੀ 'ਚ 'ਕੱਠੇ ਹੋ ਕੇ ਬੈਠੇ ਲਫ਼ਜ਼ ਹੋਰ 'ਕੱਠੇ ਹੋ ਜਾਂਦੇ ਅਤੇ ਮੋਹ ਭਰੀਆਂ ਸਤਰਾਂ ਹੋਰ ਸੁੰਗੜ ਜਾਂਦੀਆਂ, ਜਿਵੇਂ ਕਥਾ ਸੁਣਦੀ ਸੰਗਤ ਹਿਲ-ਜੁਲ ਕਰਕੇ ਨਵੀਂ ਸੰਗਤ ਦੇ ਬੈਠਣ ਲਈ ਜਗ੍ਹਾ ਬਣਾਉਂਦੀ ਹੋਵੇ। ਮੈਂ ਦੋਹਰ ਤਿਹਰ ਪਾਉਂਦਾ-ਪਾਉਂਦਾ ਇਕੋ ਚਿੱਠੀ 'ਚ ਖ਼ਤ ਤੇ ਖ਼ਤ ਲਿਖੀ ਜਾ ਰਿਹਾ ਸਾਂ।

ਯਾਦ-ਦਹਾਨੀ ਕਰਾਉਂਦੇ ਇਨ੍ਹਾਂ ਚੱਕਰਵਾਤਾਂ 'ਚ ਘੜੀ ਦੀ ਸੂਈ ਵੀ ਕਦੇ-ਕਦੇ ਤੇਜ਼ ਹੋ ਜਾਂਦੀ ਤਾਂ ਮੈਂ ਨਾਰਥ ਈਸਟਰਨ ਯੂਨੀਵਰਸਿਟੀ ਤੋਂ ਗ੍ਰੈਜੂਏਟ ਹੋਣ ਉਪਰੰਤ ਵਤਨ ਵਾਪਸੀ ਦੇ ਵਲਵਲਿਆਂ 'ਤੇ ਚੜ੍ਹ ਉਡਾਰੀਆਂ ਮਾਰਦਾ। ਘਰੜ-ਘਰੜ ਕਰਦਾ ਬਰਫ਼ ਹਟਾਉਂਦਾ ਟਰੱਕ ਫਿਰ ਪਰਤ ਆਉਂਦਾ। ਉਸ ਦੀ ਰੁੱਖੀ ਆਵਾਜ਼ ਸੁਣ ਕੇ ਘੜੀ ਦੀ ਸੂਈ ਔਖੇ ਸਾਹ ਭਰਨ ਲੱਗਦੀ ਤਾਂ ਮੈਂ ਫਿਰ ਅਤੀਤ ਦੇ ਬਿੰਬਾਂ 'ਚ ਖੁਭ ਜਾਂਦਾ। ਘਰ ਮੂਹਰਲੇ ਫੁੱਟਪਾਥ 'ਤੇ ਬਰਫ਼ 'ਚ ਧੌਣ ਤੀਕਰ ਧਸੇ ਅਤੇ ਕੱਲਮ-ਕੱਲੇ ਪੋਸਟ-ਬਾਕਸ ਦਾ ਉਦਾਸ ਚਿਹਰਾ ਵੇਖ ਮੇਰਾ ਮੱਥਾ ਠਣਕਿਆ ਕਿ ਮੇਰੀ ਡਾਇਰੀ 'ਚ ਤਾਂ ਬੰਬੇ ਦਾ ਪਤਾ ਵੀ ਨਹੀਂ। ਮੇਰੇ ਮਾਤਾ ਪਿਤਾ ਅਕਸਰ ਹਫ਼ਤੇ ਕੁ ਬਾਅਦ ਸ਼ਹਿਰ ਜਾ ਕੇ ਐੱਸ.ਟੀ.ਡੀ. ਤੋਂ ਘੰਟੀ ਮਾਰਦੇ ਹੁੰਦੇ ਸਨ। ਅਸੀਂ ਵਾਪਸ ਕਾਲ ਕਰਕੇ ਹਫ਼ਤੇ ਜੋਗੀਆਂ ਗੱਲਾਂ ਕਰ ਲੈਂਦੇ। ਸੋਚਿਆ ਕਿ ਚਲੋ ਜਦੋਂ ਉਨ੍ਹਾਂ ਦਾ ਫ਼ੋਨ ਆਵੇਗਾ ਤਾਂ ਮੈਂ ਬੰਬੇ ਵਾਲਿਆਂ ਦਾ ਪਤਾ ਲੈ ਲਵਾਂਗਾ। ਪਰ ਅਜੇ ਦੋ ਦਿਨ ਪਹਿਲਾਂ ਹੀ ਤਾਂ ਉਨ੍ਹਾਂ ਦਾ ਫ਼ੋਨ ਆਇਆ ਸੀ, ਸੋ ਮੈਂ ਖ਼ਤ ਟਿਕਟਾਂ ਲਾ ਕੇ ਬੁੱਕ-ਸ਼ੈਲਫ 'ਤੇ ਰੱਖ ਦਿੱਤਾ ਅਤੇ ਇਸ ਹਫ਼ਤੇ ਦੀ ਪੰਜਾਬੀ ਅਖ਼ਬਾਰ ਪੜ੍ਹਦਾ-ਪੜ੍ਹਦਾ ਸੌਂ ਗਿਆ। ਅਜੇ ਸਾਢੇ ਕੁ ਬਾਰਾਂ ਹੀ ਹੋਏ ਸਨ ਕਿ ਫ਼ੋਨ ਦੀ ਘੰਟੀ ਵੱਜੀ।

ਮੇਰੇ ਪਿਤਾ ਜੀ ਦਾ ਫ਼ੋਨ ਸੀ, "ਕਾਕਾ, ਅੱਜ ਸਵੇਰੇ ਬੀਬੀ ਪੂਰੀ ਹੋ ਗਈ। ਵਾਹਿਗੁਰੂ ਦੇ ਭਾਣੇ ਨੂੰ ਮਨਜ਼ੂਰ ਕਰੋ ਭਾਈ। ਅਸੀਂ ਦਾਗ਼ਾਂ 'ਤੇ ਪਹੁੰਚਣ ਦੀ ਦੌੜ ਭੱਜ 'ਚ ਹਾਂ।"

ਤੂਫ਼ਾਨ ਹੋਰ ਵੀ ਸ਼ੂਕਾਂ ਮਾਰਨ ਲੱਗਾ ਤੇ ਪੋਸਟ ਬਾਕਸ ਪੂਰੇ ਦਾ ਪੂਰਾ ਬਰਫ਼ 'ਚ ਦੱਬਿਆ ਗਿਆ।

ਫਿਰ ਸ਼ੁਰੂ ਹੋਇਆ ਸਫ਼ਰ: ਸਲੇਟ ਤੋਂ ਸਪਰੈੱਡਸ਼ੀਟ ਦਾ, ਸਲੇਟੀ ਤੋਂ ਮਾਰਕਰ ਦਾ, ਫੱਟੀ ਤੋਂ ਮਾਇਕਰੋਸੌਫਟ ਵਰਡ ਦਾ, ਡੰਕ ਤੋਂ ਐਪਲ ਪੈੱਨ ਦਾ, ਜਮਾਤ ਤੋਂ ਜ਼ੂਮ ਦਾ ਅਤੇ ਲਾਇਬਰੇਰੀ ਤੋਂ ਗੂਗਲ ਦਾ...। ਘਾਤਕ ਜੀਵਨ ਰਫ਼ਤਾਰ ਦੇ ਗਰਾਫ਼ 'ਤੇ ਗੱਡੀ ਅਗਲਾ ਮੋੜ ਕਿਸ ਪਾਸੇ ਨੂੰ ਕੱਟੇਗੀ, ਮੇਰੇ ਗਲਪ ਦੀ ਸਮਝ ਤੋਂ ਨਿੱਤ ਪ੍ਰਤੀ ਬਾਹਰ ਹੁੰਦਾ ਗਿਆ।

ਇਸ ਰਾਤ ਸ਼ੁਰੂ ਹੋਇਆ ਸੀ ਮੇਰਾ ਅਸਲ ਪਰਵਾਸ।000

***(238 Einstein, Dollard-Des-Ormeaux,Quebxec H9A 3J2 Canada***
***Email: guri@khalsa.com Phone: +1-941-704-1102)***

# ਉਹਦੀਆਂ ਅੱਖਾਂ 'ਚ ਸੂਰਜ ਦਾ ਨਿਵਾਸ ਹੈ: ਕਹਾਣੀ:
## ਜਤਿੰਦਰ ਸਿੰਘ ਹਾਂਸ

ਅੱਧੀ ਰਾਤ ਮਿੱਠੋ ਨੂੰ ਕਿੱਥੇ ਲੱਭਣ ਜਾਵਾਂ! ਉਹਨੂੰ ਭੋਲ਼ੀ ਨੂੰ ਤਾਂ ਇਹ ਵੀ ਨਹੀਂ ਪਤਾ ਰਾਤ ਕਿੱਥੇ ਤੇ ਕਿਵੇਂ ਕੱਟਣੀ ਆਂ।

ਇਹ ਰਾਤ ਮੇਰੇ ਲਈ ਕਹਿਰਾਂ ਦੀ ਰਾਤ ਆ।ਮੇਰੀ 'ਧੀ' ਪਤਾ ਨ੍ਹੀਂ ਕਿਹੜੇ ਹਾਲੀਂ ਹੋਊ। ਹਾਏ ਰੱਬਾ! ਸੁੱਖ ਰੱਖੀਂ!

ਕੁੱਤੇ ਕਦੇ ਰੋਣ ਲੱਗਦੇ ਨੇ, ਕਦੇ ਭੌਂਕਣ। ਇਹਨਾਂ ਬਦਸਗਨੀਆਂ ਨਾਲ ਮੇਰੇ ਹੌਲ ਪੈ ਜਾਂਦਾ। ਹੱਡਾ-ਰੋੜੀ ਦੇ ਖ਼ੂੰਖਾਰ ਕੁੱਤੇ ਬਘਿਆੜਾਂ ਵਾਂਗ ਪਲ਼ੇ ਹੋਏ ਨੇ। ਪੰਦਰਾਂ ਵੀਹ ਦੀ ਹੇੜ੍ਹ ਫਿਰਦੀ ਆ। ਇਕੱਲੀ-ਦੁਕੱਲੀ ਗਾਂ ਨੂੰ ਘੇਰ ਕੇ ਨੋਚ-ਨੋਚ ਖਾ ਜਾਂਦੇ ਨੇ ਜਾਲਮ।

ਅਮਲੀ ਰੁੜ੍ਹ ਜਾਣਾ ਖਬਰੇ ਕਿੱਥੇ ਦਫਾ ਹੋ ਗਿਆ। ਸਵਾਹ ਵਰਗੇ ਕੰਮ ਹੁੰਦੇ ਨੇ ਉਹਦੇ।

ਲਾਗਲੇ ਪਿੰਡ 'ਮੋਰਾਂ ਆਲ਼ੀ' ਦੇ ਲੰਬੜਦਾਰ ਦੀ ਨੂੰਹ ਦਾ ਜਣੇਪਾ ਕਰਾਉਣ ਗਈ ਸਾਂ। ਉਹਨਾਂ ਦੇ ਸਾਰੇ ਜੁਆਕ ਮੇਰੇ ਹੱਥੀਂ ਜੰਮੇ ਨੇ, ਹੱਥ ਜਸ ਆ ਮੇਰੇ, ਲਾਗਲੇ ਦਸਾਂ ਪਿੰਡਾਂ 'ਚ ਜਣੇਪਾ ਕਰਾਉਣ ਜਾਨੀ ਆਂ। ਤਾਂ ਸਮਾਂ ਅਜੇ ਰਹਿੰਦਾ ਤੀ, ਬੱਚੇ ਦੇ ਜੰਮਣ 'ਚ। ਮੈਂ ਜਾਂਚ ਕੇ ਦੇਖਿਆ, ਬੱਚਾ ਪੁੱਠਾ ਸੀ। ਮੈਂ ਕਿਹਾ, 'ਇਹਨੂੰ ਹਸਪਤਾਲ ਲੈ ਜੋ ਭਾਈ' 'ਉਹ ਕਹਿੰਦੇ, "ਬੱਚਾ ਤਾਂ ਤੇਰੇ ਹੱਥੀਂ ਹੀ ਹੋਊ, ਸਾਨੂੰ ਯਕੀਨ ਆ ਤੇਰੇ 'ਤੇ।" ਪਤਾ ਨਹੀਂ ਕਿਉਂ ਮੇਰਾ ਉੱਥੇ ਮਨ ਨਾ ਖੜ੍ਹੇ, ਅੱਚੋਤਾਈ ਜਿਹੀ ਲੱਗੀ ਹੋਈ, ਦਿਲ ਕਰੇ ਕਿਹੜੇ ਵੇਲ਼ੇ ਉਡ ਕੇ ਘਰ ਚਲੀ ਜਾਵਾਂ। "ਅਜੇ ਟਾਇਮ ਰਹਿੰਦਾ ਫੇਰ ਆਜੂੰ।" ਕਹਿ ਕੇ ਮੈਂ ਘਰ ਮੁੜ ਆਈ। ਘਰ ਭਾਂਅ-ਭਾਂਅ ਕਰੇ, ਮਿੱਠੋ ਦਾ ਖ਼ਾਲੀ ਕੀਲਾ ਦੇਖ ਮੇਰੇ ਖਾਨਿਓਂ ਗਈ।

ਗੁਆਂਢਣ ਭਾਨੀ ਤੇਲਣ ਨੇ ਦੱਸਿਆ, ਅਮਲੀ ਮਿੱਠੋ ਦਾ ਸੰਗਲ਼ ਫੜੀ ਲਈ ਜਾ ਰਿਹਾ ਸੀ, ਮੈਂ ਪੁੱਛਿਆ ਵੀ ਸੀ "ਵੇ ਕਿਧਰੋ ਲੈ ਚੱਲਿਆਂ ਦੇਵੀ ਨੂੰ?" ਮੇਰੇ ਵੱਲ ਕੌੜਾ ਜਿਹਾ ਝਾਕ ਕੇ, ਬਿਨਾਂ ਬੋਲਿਆਂ ਚਲਿਆ ਗਿਆ।

ਭਾਨੀ ਦੀ ਗੱਲ ਸੁਣ ਮੇਰਾ ਕਾਲ਼ਜਾ ਧੱਸਕ ਦੇ ਕੇ ਬੈਠ ਗਿਆ। ਅਮਲੀ ਕਿੱਦਣ ਦਾ ਅੱਕਿਆ ਬੈਠਾ ਤੀ, ਕਹਿੰਦਾ, "ਮੈਤੋਂ ਨ੍ਹੀਂ ਕੱਖ ਪੈਂਦੇ, ਮਾਂ ਯਾਵ੍ਹੀ ਫੰਡਰ ਨੂੰ।"

ਮੈਂ ਲੜ ਪਈ, "ਕਾਲ਼ੀ ਜੀਭ ਆਲ਼ਿਆ, ਗਾਂ ਨੂੰ ਗਾਲ਼ ਨ੍ਹੀਂ ਕੱਢੀਦੀ।"

ਮੈਨੂੰ ਘਰ ਨਾ ਦੇਖ ਕਾਰਾ ਕਰ ਗਿਆ। ਆਉਣ ਦੇ ਕੰਜਰ ਨੂੰ ਘਰ, ਜਿੰਨਾ ਚਿਰ ਮਿੱਠੋ ਨੂੰ ਨਹੀਂ ਲਿਆਉਂਦਾ, ਘਰ ਨਹੀਂ ਬੜਨ ਦਿੰਦੀ।

ਅਮਲੀ ਦੇ ਉਦੋਂ ਵੀ ਘੋੜ-ਸੂਲ਼ ਉਠਿਆ ਜਦੋਂ ਮਿੱਠੋ ਰੰਭੀ ਜਾ ਰਹੀ ਸੀ।ਉਹ 'ਬੋਲੀ' ਹੋਈ ਸੀ।ਮੈਂ ਮੱਥਾ ਫੜ ਕੇ ਬਹਿ ਗੀ, "ਲੈ ਨੀਂ ਭੈਣੇ, ਇਹਨੇ ਚੋਰਾਂ ਦੇ ਜਾਣੀ ਨੇ ਕਰੀ-ਕੱਤਰੀ 'ਤੇ ਪਾਣੀ ਫੇਰ ਤਾ। ਅਸੀਂ ਤਾਂ ਸੂਣ ਦੀ ਆਸ ਲਾਈ ਬੈਠੇ ਤੀ। ਮੇਰੇ ਸਾਰੇ ਕੰਮ ਲੋਟ ਆ ਜਾਣੇ ਤੀ। ਮੈਂ ਤਾਂ ਟਾਹਲੀ ਸਾਬ੍ਹ ਮੱਥਾ ਟੇਕ ਕੇ ਕੀਲਾ ਵੀ ਕਰਵਾ ਲਿਆਈ, ਉੱਥੋਂ ਸੁੱਖਾਂ ਵਰ ਆਉਂਦੀਆਂ। ਫੰਡਰਾਂ ਵੀ 'ਨਵੇਂ ਦੁੱਧ' ਰਹਿ ਜਾਂਦੀਆਂ। ਤੇਰ੍ਹਵਾਂ-ਰਤਨ ਘਰੋਂ ਨ੍ਹੀਂ ਮੁੱਕਦਾ। ਮਿੱਠੋ ਤਾਂ ਹਰ-ਵਰ੍ਹਿਆਈ ਆ। ਪਿੱਛੇ-ਜਿਹੇ ਇਹਨੂੰ ਪਤਾ ਨ੍ਹੀਂ ਕੀ ਬਿੱਜ ਪੈਗੀ।... ਖ਼ਬਰਾ ਵਿਓ ਮਾਤਾ ਨੇ ਇਹਦੇ ਭਾਗਾਂ 'ਚ ਕੀ ਲਿਖਤਾ। ਦੋ ਵਾਰ ਡਾਕਟਰ ਤੋਂ ਟੀਕੇ ਲਗਵਾਏ; ਖਾਲੀ ਨਿੱਕਲਗੀ। ਐਤਕੀਂ ਜਦੋਂ 'ਬੋਲੀ' ਚੱਕ-ਚਕਾ ਕੇ ਅਮਲੀ ਨੂੰ ਕਸਬੇ ਪਾਇਲ, ਮਿੱਠੋ ਨੂੰ ਲੈ ਕੇ ਤੋਰ ਤਾ। ਤੀਮੀਂ ਅਜਿਹੇ ਕੰਮ ਜਾਂਦੀ ਕਿਹੜਾ ਚੰਗੀ ਲੱਗਦੀ ਆ। ਅਮਲੀ 'ਨਮੇਂ ਦੁੱਧ' ਕਰਵਾ ਰਿਹਾ ਸੀ। ਗਊ

ਸੇਵਕਾਂ ਨੇ ਆ ਕੇ ਉਹਦੇ ਲੱਫੜ ਮਾਰੇ, ਕਹਿੰਦੇ, "ਮਾਤਾ ਦਾ ਬਲਾਤਕਾਰ ਕਰਵਾਉਨੈਂ।"

ਉਹ ਲੋਹਾ-ਲਾਖਾ ਹੋਇਆ ਘਰ ਆਇਆ। ਗਊ ਸੇਵਕਾਂ ਦੀ ਖਿਝ ਮਿੱਠੋ 'ਤੇ ਕੱਢਣ ਲਈ ਸੋਟੀ ਚੱਕ ਲਈ, "ਮਾਂ ਯਾਵ੍ਹੀ ਨੇ ਮਰਵਾ ਦੇਣਾ ਤੀ। ਮੈਂ ਨ੍ਹੀਂ ਇਹ ਘਰੇ ਰੱਖਣੀ।"

ਮੈਂ ਖਿਝ ਕੇ ਕਿਹਾ "ਤੈਂ ਈ ਦਿਨ 'ਚ ਵੀਹ-ਵਾਰ ਚਾਹ ਝੁਲਸਣੀ ਹੁੰਦੀ ਆ। ਮੇਰੇ ਕੋਲ਼ ਸੱਜਰ ਸੂਈ ਲਿਆਉਣ ਨੂੰ ਰੋਕੜੇ ਨ੍ਹੀਂ ਪਏ।"

ਅਮਲੀ ਗਾਲ਼ਾਂ ਕੱਢਣ ਲੱਗਿਆ, "ਜਿਵੇਂ ਮਾਂ ਯਾਵ੍ਹੀਆਂ ਸਰਕਾਰਾਂ ਦੇ ਮੂੰਹਾਂ ਵੱਲ ਦੇਖਦੇ ਆਂ, ਹੁਣ ਸਾਹ ਸੁਖਾਲਾ ਕਰਨਗੇ, ਹੁਣ ਕਰਨਗੇ। ਉਵੇਂ ਇਹਨੇ ਸੁੱਕਣੇ ਪਾਏ ਹੋਏ ਆਂ, ਹੁਣ ਸੂਅ ਪੂ, ਹੁਣ ਸੂਅ ਪੂ। ਪਰ ਕਿੱਥੇ!... ਮੈਥੋਂ ਨ੍ਹੀਂ ਕੱਖ ਲਿਆਂਦੇ ਜਾਂਦੇ ਬੁੱਢਿਆ ਹੱਡਾਂ ਨਾਲ, ਆਪ ਲਿਆ ਦਿਆ ਕਰ, ਸਾਰਾ ਦਿਨ ਲੋਕਾਂ ਦੀਆਂ ਬੁੱਤੀਆਂ ਕਰਦੀ ਰਹਿਨੀ ਆਂ, ਤੈਨੂੰ ਲੋਕਾਂ 'ਡਾਕਦਾਰਨੀ' ਕਹਿ-ਕਹਿ ਝਮਲਾਇਆ ਹੋਇਆ।... ਇਹਦਾ ਰੱਸਾ ਲਪੇਟਣਾ ਪੈਣਾ।"

"ਰੱਸਾ ਲਪੇਟਣਾ ਸੌਖਾ ਤੇਰੇ ਭਾਅ ਦਾ, ਸਰਕਾਰ ਤੇਰੇ ਵਿਹਲੜ ਦੇ ਮੂੰਹ ਦੇ ਬੁਰਕੀਆਂ ਨਾ ਪਾਵੇ।" ਮੈਂ ਮਿੱਠੋ ਦੀ ਧਿਰ ਬਣਦੀ ਨੇ ਕਿਹਾ।

"ਰੱਸਾ ਲਪੇਟਣ ਨੂੰ ਕਿਹੜੇ ਮੰਤਰ ਪੜ੍ਹਨੇ ਨੇ, ਗਲ਼ 'ਚੋਂ ਸੰਗਲ ਲਾਹੋ, ਚਾਰ ਡਾਂਗਾਂ ਮਾਰੋ, ਆਪੇ ਭੱਜ ਜੂ, ਭੁੱਖੀ ਮਰਦੀ।" ਉਹ ਜਰਦਾ ਮਲ਼ਦਾ ਪਰ੍ਹਾਂ ਨੂੰ ਚਲਿਆ ਗਿਆ।

ਅਮਲੀ ਵਿਹਲਾ ਰਹਿਣ ਗਿੱਝਿਆ ਹੋਇਆ। ਆਪਣਾ ਤਾਂ ਸਭ ਕੁੱਝ ਵਿਕ-ਵਿਕਾ ਗਿਆ। ਹੁਣ ਉਹ ਲੋਕਾਂ ਦੇ ਖੇਤਾਂ 'ਚੋਂ ਕੱਖ ਵੱਢ ਕੇ ਲਿਆਉਂਦਾ, ਕਈ ਵਾਰ ਫਸਲਾਂ ਦਾ ਨੁਕਸਾਨ ਕਰ ਦਿੰਦਾ, ਉਹ ਕੁੱਤੇ-ਖਾਣੀ ਕਰ ਦਿੰਦੇ। .... ਪਾਣੀ ਪਿਲਾਉਣਾ, ਗੋਹਾ ਹਟਾਉਣਾ, ਤੂੜੀ 'ਤੇ ਸਿੱਟਣਾ ਇਹ ਕੰਮ ਉਹਨੂੰ ਪਹਾੜ ਲੱਗਦੇ। ਧਾਰਾਂ ਤਾਂ ਲੋਕਾਂ ਦੇ ਘਰੀਂ ਕੰਮ ਕਰਕੇ ਆ ਕੇ, ਮੈਂ ਹੀ ਕੱਢਦੀ ਸੀ। ਹੁਣ ਇਹ ਝੰਜਟ ਵੀ ਮੁੱਕੇ ਗਿਆ। ਮਿੱਠੋ ਲੰਗੇ-ਡੰਗ ਮਿਲਦੀ ਆ।

ਇਕ ਰਾਤ ਖਿਝਿਆ ਹੋਇਆ ਅਮਲੀ, ਮਿੱਠੋ ਨੂੰ ਛੱਡਣ ਤੁਰ ਗਿਆ। ਮੈਂ ਥੱਕ ਹਾਰ ਕੇ ਚੂਰ ਹੋਈ ਪਈ, ਮੈਨੂੰ ਭਿਣਕ ਵੀ ਨਾ ਪਈ। ਜਦੋਂ ਲਾਗਲੇ ਪਿੰਡ ਨਸਰਾਲੀ ਛੱਡ ਕੇ ਮੁੜਿਆ, ਪਹਿਰਾ ਦੇ ਰਹੇ ਲੋਕਾਂ ਨੂੰ ਪਤਾ ਲੱਗ ਗਿਆ। ਉਹਨਾਂ ਢਾਹ ਲਿਆ, "ਸਾਲ਼ਿਆ ਦੁੱਧ ਪੀ ਕੇ, ਬੁੱਢੀਆਂ ਹੋਈਆਂ ਮਾਵਾਂ ਨੂੰ ਛੱਡ ਦਿੰਨੇ ਓ। ਉਹ ਖੇਤ ਉਜਾੜਦੀਆਂ ਨੇ। ਅਸੀਂ ਇਹਨਾਂ ਤੋਂ ਫਸਲਾਂ ਬਚਾਈਏ ਕਿ ਹੋਰ ਧੰਦੇ ਸੰਵਾਰੀਏ?"

ਉਹ ਅਮਲੀ ਨੂੰ ਸੰਗਲ਼ ਫੜਾ ਕੇ ਘਰ ਤਕ ਛੱਡ ਕੇ ਗਏ।

ਅਮਲੀ ਬਹੁਤ ਕਲਪਿਆ, "ਕੁੱਤੀਆਂ ਸਰਕਾਰਾਂ ਨਾ ਮਾਵਾਂ ਨੂੰ ਸਾਂਭਦੀਆਂ, ਨਾ ਛੱਡਣ ਦਿੰਦੀਆਂ। ਮਾਂ ਯਾਵਿਓ ਅਸੀਂ ਗਾਂ ਪਾਲ਼ ਲਈ, ਕਿ ਗਲ਼ ਸਿਆਪਾ ਪਾ ਲਿਆ।"

...ਪਰ ਹੁਣ ਪਤਾ ਨਹੀਂ ਕਿੱਥੇ ਛੱਡ ਆਇਆ? ਹੇ ਲੀਲੀ ਛੱਤ ਆਲ਼ਿਆ! ਸੁੱਖ ਰੱਖੀਂ, ਮਿੱਠੋ ਵੱਲ ਮਿਹਰ ਦੀ ਨਿਗਾਹ ਕਰੀਂ, ਧਰਮਰਾਜ ਦੀ ਕਚਹਿਰੀ 'ਚ ਕਿਵੇਂ ਲੇਖਾ ਦਊਂਗੀ, ਸੱਤ ਜਨਮ ਢੋਈ ਨ੍ਹੀਂ ਮਿਲਣੀ, ਦੁੱਧ ਪੀ ਕੇ ਘਰੋਂ ਕੱਢ-ਤੀ...।

ਮੈਂ ਭਾਨੀ ਨੂੰ ਕਿਹਾ, "ਮੇਰਾ ਦਿਲ ਜਿਹਾ ਨਹੀਂ ਖੜ੍ਹਦਾ। ਲੱਭ ਕੇ ਲਿਆਉਨੀ ਆਂ।"

"ਸਿਆਣੀ ਬਣ, ਰਾਮ ਨਾਲ ਬਹਿ-ਜਾ। ਬਹਿੜੀਆਂ ਦਾ ਬੱਗ ਫਿਰਦਾ, ਉਹਨਾਂ 'ਚੋਂ ਕਿਵੇਂ ਸਿਆਣ ਲਿਆਵੇਂਗੀ?"

"ਲੈ ਸਿਆਨਣ ਨੂੰ ਕੀ ਆ, ਪੁੱਤਾਂ ਵਾਂਗ ਤਾਂ ਪਾਲ਼ੀ ਆ।"

ਮੈਂ ਬਾਹਰਲੀ ਬੀਹੀ 'ਚੋਂ ਹੁੰਦੀ ਹੋਈ, ਰੇਲ ਦੀ ਲਾਇਨ ਵੱਲ ਤੁਰ ਪਈ। ਜ਼ਿਆਦਾ ਗਾਵਾਂ ਉਧਰ ਈ ਫਿਰਦੀਆਂ।

– 0 –

ਸੱਚੀਂ ਮਿੱਠੋ ਪੁੱਤਾਂ ਵਾਂਗ ਪਾਲ਼ੀ ਆ।

ਜਦੋਂ ਮਿੱਠੋ ਦੀ ਮਾਂ ਸੂਈ ਮੈਂ 'ਜਣੇਪਾ' ਕਰਾਉਣ ਗਈ ਹੋਈ ਸੀ। ਇਹ ਕੰਮ ਮੈਂ ਦਿਆ ਨੰਦ ਹਸਪਤਾਲ ਦੇ ਦਾਈ ਹਾਤੇ ਤੋਂ ਸਿੱਖ ਆਈ ਸੀ। ਹੋਰ ਨਿੱਕੇ ਮੋਟੇ ਦੁੱਖਾਂ ਦੇ ਗੁਰਮੰਤਰ ਮੈਨੂੰ ਲਾਲਾਂ ਆਲੇ ਦੇ ਡੇਰਿਓਂ ਇਕ ਸਾਧ ਨੇ ਦੇ-ਤੇ ਸੀ। ਜਾੜ੍ਹ ਦੁਖਦੀ ਹੋਵੇ ਲੂਣ ਦੀਆਂ ਸੱਤ ਡਲ਼ੀਆਂ ਮੰਗਵਾ, ਮੈਂ ਮੰਤਰ ਪੜ੍ਹ ਕੇ ਦੇ ਦਿੰਦੀ। ਅਰਾਮ ਆ ਜਾਂਦਾ। ਫੋੜੇ ਨਿੱਕਲੇ ਹੋਣ, ਨਿੰਮ ਦੀ ਟਾਹਣੀ ਨਾਲ ਹਥੌਲ਼ਾ ਕਰ, ਉਹਦੇ ਪੱਤਿਆਂ ਦੀ ਟਕੋਰ ਦੱਸ ਦਿੰਦੀ। ਜੁਆਕ ਦਾ ਕਾਊਂ ਡਿੱਗ ਜਾਂਦਾ, ਉਹਦੇ ਕੁਝ ਹਜ਼ਮ ਨਾ ਆਉਂਦਾ, ਜਦੋਂ ਰੋਂਦਾ ਉਹਦਾ ਸਾਹ ਨਾ ਮੁੜਦਾ, ਦੁੱਧ ਚੁੰਘਣਾ ਛੱਡ ਦਿੰਦਾ। ਮੈਂ ਰੜਕੇ ਦੇ ਡੱਕੇ ਅੱਗੇ ਰੂੰ ਲਪੇਟ ਕੇ, ਸਰ੍ਹੋਂ ਦਾ ਤੇਲ ਲਾ ਕੇ ਬੱਚੇ ਦੇ ਮੂੰਹ 'ਚ ਪਾ ਕੇ ਕਾਊਂ ਚੁੱਕ ਦਿੰਦੀ। ਕੌਡੀ ਚਕਾਉਣ, ਕਿਸੇ ਦੇ ਪੈਰ ਨੂੰ ਮੋਚ ਆ ਜਾਂਦੀ, ਸਭ ਮੇਰੇ ਕੋਲ਼ ਭੱਜੇ ਆਉਂਦੇ। ਇਕ ਫ਼ਕੀਰ ਨੇ ਮੈਨੂੰ 'ਮੁੰਡਾ ਹੋਣ' ਦੀ ਦਵਾਈ ਬਣਾਉਣੀ ਸਿਖਾ ਦਿੱਤੀ। ਲਾਲਾਂ ਆਲ਼ੇ ਦੀ ਕਿਰਪਾ ਨਾਲ ਮੇਰੇ ਹੱਥ ਜੱਸ ਵੀ ਸੀ। ਇਸੇ ਲਈ ਲੋਕਾਂ ਮੇਰਾ ਪੁੱਠਾ ਨਾਂ 'ਡਾਕਦਾਰਨੀ' ਰੱਖ ਲਿਆ।

ਕਈ ਕਹਿੰਦੇ, "ਤੂੰ ਤਾਂ ਔਤ ਆਂ, ਦਵਾਈ ਜੁਆਕ ਹੋਣ ਦੀ ਦਿੰਨੀ ਆਂ।"

ਮੈਂ ਦੱਸਣਾ, "ਵਰ ਲੋਕਾਂ ਦਾ ਭਲਾ ਕਰਨ ਦਾ ਮਿਲਿਆ ਹੋਇਆ, ਆਪਣੇ ਆਪ 'ਤੇ ਅਸਰ ਨ੍ਹੀਂ ਕਰਦਾ।"

ਹਾਂ ਸੱਚ ਮੈਂ ਗੱਲ ਮਿੱਠੋ ਦੀ ਕਰਦੀ ਸੀ। ਜਦੋਂ ਜਣੇਪਾ ਕਰਵਾ ਕੇ ਘਰ ਮੁੜੀ, ਮਿੱਠੋ ਦੀ ਮਾਂ ਘਾਟੇ 'ਚ ਸੂਈ ਖੜ੍ਹੀ। ਕੋਲ਼ ਭੋਰਾ-ਭਰ ਵੱਛਰੂ ਐਂ ਪਿਆ, ਜਿਵੇਂ ਜੇਰ ਪਈ ਹੁੰਦੀ ਆ। ਨਾ ਸਾਹ ਨਾ ਸਤ। ਮੈਂ ਮੱਥੇ 'ਤੇ ਹੱਥ ਮਾਰਿਆ, "ਲੈ ਨੀ ਭੈਣੇ। ਇਹ ਸੂਆ ਵੀ ਖ਼ਰਾਬ ਈ ਗਿਆ। ਤੂੰ ਲੋਕਾਂ ਦੇ ਭਲੇ ਕਰਦੀ ਫਿਰਦੀ ਐਂ, ਘਰੇ ਕੰਮ ਖ਼ਰਾਬ ਹੋ ਗਿਆ। ਇਹ ਵੱਛਰੂ ਬਿਨਾਂ ਮਿਲਦੀ ਨ੍ਹੀਂ। ਭਾੜੇ ਪਾ-ਪਾ; ਨਿਆਣਾ ਪਾ ਕੇ, ਟੀਕੇ ਲਾ ਕੇ ਚੋਣਾ ਤਾਂ ਅਣਸਰਦੇ ਦਾ ਤਰਲਾ ਹੁੰਦਾ।... ਨਹੀਂ ਪਸ਼ੂ ਦਾ ਵੱਛਰੂ ਛੱਡੋ, ਖੁਸ਼ ਹੋ ਜੇ ਖੜ੍ਹ ਜਾਂਦਾ, ਥਾਪੀ ਮਾਰ ਕੇ ਚੋਅ ਲੋ...।"

ਅੰਦਰੋਂ ਤਸਲੇ 'ਚ ਪਾ ਕੇ ਗੁੜ ਗਾਂ ਅੱਗੇ ਰੱਖ ਦਿੱਤਾ। ਮਿੱਠੋ ਦੀ ਲਾਲਚਣ ਤਸਲੇ 'ਚ ਪਏ ਗੁੜ ਵੱਲ ਝਾਕੀ ਵੀ ਨਾ। ਵੱਛਰੂ ਨੂੰ ਚੱਟੀ ਜਾਵੇ। ਦੁਖੀ ਮਨ ਕਰੇ, ਮਰੇ ਪਏ ਵੱਛਰੂ ਨੂੰ ਪਰ੍ਹੇ ਘੜੀਸ ਕੇ ਉੱਪਰ ਟੋਕਰਾ ਮੂਧਾ ਮਾਰਦਾਂ; ਕਿਤੇ ਕਾਂ ਕੁੱਤੇ ਈ ਨਾ ਆ ਪੈਣ। ਗਾਂ ਦੀ ਮਮਤਾ ਦੇਖ, ਵੱਛਰੂ ਪਰ੍ਹੇ ਕਰਨ ਦੀ ਹਿੰਮਤ ਨਾ ਪਈ।

ਚੁੱਲ੍ਹੇ 'ਚ ਅੱਗ ਬਾਲ਼ ਕੇ ਵੜੇਵੇਂ ਉਬਲਣੇ ਧਰ ਦਿੱਤੇ। ਦੁੱਧ ਉਤਾਰਨ ਨੂੰ ਸੇਵਾ ਤਾਂ ਕਰਨੀ ਈ ਪੈਂਦੀ ਆ। ਜਦੋਂ ਮੁੜਕੇ ਗਾਂ ਕੋਲ਼ ਗਈ, ਮੜਕੂ ਜਿਹੀ ਵੱਛੀ, ਖੜ੍ਹੀ ਦੇਖ ਖੁਸ਼ੀ 'ਚ ਚੀਕ ਨਿੱਕਲਗੀ।...ਜੈ ਹੋਵੇ ਲਾਲਾਂ ਆਲ਼ੇ ਪੀਰ ਦੀ, ਦੁੱਧ-ਪੁੱਤ ਬਖਸ਼ਣ ਆਲ਼ੇ ਬਾਬਾ ਜਾਹਰ ਪੀਰ ਦੀ, ਜੈ ਹੋਵੇ ਟਾਹਲੀ ਸਾਬ੍ਹ ਦੀ, ਜੈ ਹੋਵੇ ਮਾਤਾ ਰਾਣੀ ਗੁਲਗਲੇ ਖਾਣੀ ਦੀ...।

ਕਮਜ਼ੋਰ ਜਿਹੇ ਵੱਛਰੂ ਨੇ ਬਹੁਤੇ ਦੀ ਮੋਹ ਨਾਲ ਮੈਨੂੰ ਦੇਖਿਆ। ਮੈਂ ਜਾ ਕੇ ਜੱਫੀ ਪਾ ਲਈ। ਉਹਦੇ ਮੂੰਹ 'ਚ ਉਂਗਲ ਫੇਰ ਕੇ ਜਾਲ਼ੇ ਕੱਢੇ, ਗੁੜ ਦੀ ਉਂਗਲ ਲਬੇੜ ਕੇ ਉਹਦੇ ਤਾਲੂਏ ਲਾਈ ਜਿਵੇਂ ਧੀਆਂ ਧਿਆਣੀਆਂ ਨੂੰ ਗੁੜ੍ਹਤੀ ਦੇਈਦੀ ਆ। ਧਿਆਨ ਨਾਲ ਦੇਖਿਆ ਵੱਛੀ ਸੀ। ਵੀਰਵਾਰ ਪੀਰਾਂ ਦਾ ਦਿਨ, ਮੈਂ ਉਹਦਾ ਨਾਂ ਵੀਰੋ ਰੱਖ ਦਿੱਤਾ, ਸ਼ੁਕਰ ਆ ਬਾਗਰੂ ਦਾ, ਪੀੜ੍ਹੀ ਅੱਗੇ ਚੱਲੂ। ਤੇਰ੍ਹਵੇਂ ਰਤਨ ਨਾਲ ਘਰ ਹਰਿਆ-ਭਰਿਆ ਰਹੂ।

ਤਸਲਾ ਗੁੜ ਦਾ ਗਾਂ ਅੱਗੇ ਪਿਆ, ਉਹ ਉਹਦੇ ਵੱਲ ਮੂੰਹ ਨਾ ਕਰੇ। ਵੱਛੀ ਨੂੰ ਚੱਟੀ ਜਾਵੇ। ਤਸਲਾ ਹੋਰ ਖਿੱਚ ਕੇ ਉਹਦੇ ਅੱਗੇ ਕੀਤਾ, ਪਿਆਰ ਨਾਲ ਪੋਲਾ ਜਿਹਾ ਮੂੰਹ 'ਤੇ ਮਾਰ ਕੇ ਕਿਹਾ, "ਚੋਰਾਂ ਦੇ ਜਾਣੀਏ, ਇਹ ਬਾਅਲ਼ੀ ਮਿੱਠੀ ਆ?"

ਗਾਂ ਸੱਚੀ ਸੀ, ਔਲਾਦ ਨਾਲੋਂ ਇਸ ਦੁਨੀਆ 'ਤੇ ਕਿਹੜੀ ਚੀਜ਼ ਮਿੱਠੀ ਆ। ਵੀਰੋ ਦਾ ਨਾਂ ਬਦਲ ਕੇ ਮਿੱਠੋ ਰੱਖਤਾ, ਉਹਦੇ ਨਾੜੂ 'ਤੇ ਸਾਫ ਜਿਹੀ ਲੀਰ ਬੰਨ੍ਹਤੀ, ਕਿਤੇ ਕਾਂ-ਕੁੱਤੇ ਨਾ ਆ ਪੈਣ।

ਬਹੁਤ ਦੁੱਧ ਛੱਡ-ਛੱਡ ਪਾਲ਼ਿਆ।

ਮਿੱਠੋ ਦਿਨਾਂ 'ਚ ਈ ਦੜੰਗੇ ਮਾਰਨ ਲੱਗੀ।

– 0 –

ਮੇਰੇ 'ਚ ਕੋਈ ਕਾਣ ਨ੍ਹੀਂ। ਬਸ ਇਕ ਦੋ ਗੱਲਾਂ ਨੂੰ ਝੂਰੀ ਜਾਨੀ ਆਂ, ਜਿਵੇਂ ਪੈਰਾਂ ਨੂੰ ਦੇਖ ਕੇ ਮੋਰ ਝੂਰਦਾ।

ਇਕ ਝੋਰਾ ਤਾਂ ਹੱਲਿਆਂ-ਗੁੱਲਿਆਂ ਵੇਲ਼ੇ ਦਾ, ਚੰਦ ਦਰਜੀ ਦੱਸਦਾ, 'ਉਹ ਦਿਨ ਰਾਤ ਕਛਹਿਰੇ ਸਿਊਂਦਾ ਰਿਹਾ। ਸੈਂਕੜੇ ਕਛਹਿਰੇ ਸਿਊਂ 'ਤੇ।'

ਸਾਡਾ ਅੱਧਾ ਪਿੰਡ ਮੁਸਲਮਾਨਾਂ ਦਾ ਸੀ, ਅੱਧਾ ਸਿੱਖਾਂ-ਹਿੰਦੂਆਂ ਦਾ। ਜਗੀਰਦਾਰਾਂ ਆਲ਼ੀ ਅਬਾਦੀ 'ਚ ਮੁਸਲਮਾਨ 'ਕੱਠੇ ਕੀਤੇ ਹੋਏ ਸੀ। ਹਮੀਦਾ ਹੱਥ ਜੋੜ ਗਲ਼ 'ਚ ਪੱਲਾ ਪਾ ਕੇ ਰੋ ਹੀ ਰਿਹਾ ਤੀ, "…..ਇਕੋ ਗੋਤ ਆ ਆਪਣਾ, ਸਾਡੇ ਬਜੁਰਗਾਂ ਨੇ ਔਰੰਗਜੇਬ ਤੋਂ ਡਰਦਿਆਂ ਧਰਮ ਬਦਲ ਲਿਆ ਹੋਣਾ। ਹੁਣ ਸਾਡੀ ਘਰ-ਵਾਪਸੀ ਹੋ-ਗੀ। ਭਾਈ ਤਾਂ ਪਹਿਲਾਂ ਈ ਸੀ, ਹੁਣ ਧਰਮ ਦੇ ਭਾਈ ਬਣਗੇ... ਸਾਡੇ 'ਤੇ ਰਹਿਮ ਕਰੋ।"

ਸਾਰੇ ਪੰਜ ਕਕਾਰ ਪਹਿਨੀਂ ਖੜ੍ਹੇ ਸੀ। ਨਵੇਂ ਪਿੰਡ ਆਲ਼ਾ ਜੱਥਾ ਆ ਗਿਆ। ਉਦੋਂ ਪਤਾ ਨਹੀਂ ਕਿਹੋ ਜਿਹੀ ਹਵਾ ਵਗੀ ਸੀ, ਭਾਈਆਂ ਦੇ ਭਾਈ ਵੈਰੀ ਬਣ ਬੈਠੇ। ਪਿੰਡ ਦੇ ਲੋਕਾਂ ਦੇ ਰੋਕਦਿਆਂ ਉਹਨਾਂ ਹੱਲਾ ਬੋਲ ਦਿੱਤਾ। ਚੀਕ-ਚਿਹਾੜਾ, ਹਾਹਾਕਾਰ ਮੱਚ ਗਈ। ਜਗੀਰਦਾਰਾਂ ਆਲ਼ੀ ਅਬਾਦੀ 'ਚ ਲਾਸ਼ਾਂ ਦੇ ਢੇਰ ਲਾ ਦਿੱਤੇ। ਕਹਿੰਦੇ ਨੇ ਕਿਸੇ ਨੇ ਹਮੀਦੇ ਦੇ ਪਿੱਛਿਓਂ ਗਰਦਨ 'ਤੇ ਵਾਰ ਕੀਤਾ। ਟੱਕ ਡੂੰਘਾ ਨਹੀਂ ਸੀ ਸ਼ਾਹਰਗ ਬਚ-ਗੀ। ਉਹ ਲਾਸ਼ਾਂ ਹੇਠ ਦੱਬਿਆ ਗਿਆ। ਰਾਤ ਦੇ 'ਨ੍ਹੇਰੇ 'ਚ ਉਹ ਲਾਸ਼ਾਂ ਹੇਠੋਂ ਨਿੱਕਲਿਆ, ਮੱਥੇ 'ਤੇ ਹੱਥ ਲਾ ਕੇ ਗਰਦਨ ਪਿਛਾਂਹ ਨੂੰ ਧੱਕੀ ਰੱਖੀ। ਰਾਤੋ-ਰਾਤ ਮਲੇਰਕੋਟਲੇ ਕੈਂਪ 'ਚ, ਕੈਂਪ ਤੋਂ ਪਾਕਿਸਤਾਨ ਚਲਿਆ ਗਿਆ।

ਹਮੀਦ ਮੇਰਾ ਬਾਪੂ ਤੀ।

ਅੱਠਾਂ ਕੁ ਵਰ੍ਹਿਆਂ ਦਾ ਯਸੀਨ ਗੰਨੇ ਦੇ ਖੇਤ 'ਚ ਲੁਕਿਆ ਹੋਇਆ, ਉੱਥੋਂ ਉਹਨੂੰ ਤਾਰੇ ਦੇ ਜੱਥੇ ਨੇ ਕੱਢ ਲਿਆ। ਸਾਹਮਣੇ ਕਿਰਪਾਨਾਂ ਬਰਛਿਆਂ, ਗੰਡਾਸਿਆਂ ਆਲ਼ੇ ਦੇਖ ਉਹ ਡਰ ਗਿਆ। ਡਰੇ ਹੋਏ ਨੇ ਜੇਬ 'ਚ ਹੱਥ ਪਾ ਕੇ ਆਪਣੀ ਸਭ ਤੋਂ ਪਿਆਰੀ ਤੇ ਕੀਮਤੀ ਚੀਜ਼ ਕੱਢੀ, ਤਾਰੇ ਅੱਗੇ ਮੁੱਠੀ ਕੀਤੀ, "ਆਹ ਲੈ ਲੋ, ਮੈਨੂੰ ਮਾਰੋ ਨਾ।"

ਤਾਰਾ ਰਾਖਸ਼ੀ ਹਾਸਾ ਹੱਸਿਆ। ਬਰਛਾ ਯਸੀਨ ਦੇ ਆਰ-ਪਾਰ ਕਰਤਾ। ਉਹਦੀ ਚੀਕ ਗਲ਼ੇ 'ਚ ਦੱਬੀ ਗਈ, ਮੁੱਠੀ 'ਚ ਘੁੱਟ ਕੇ ਫੜੇ ਹੋਏ ਰੀਠੇ ਖਿੱਲਰ ਗਏ।

ਯਸੀਨ ਮੇਰਾ ਵੀਰ ਤੀ।

ਤਾਰੇ ਦੇ ਜੱਥੇ ਨੇ ਜਿਹੜੀਆਂ ਤੀਮੀਆਂ ਲੁੱਟੀਆਂ, ਉਹਨਾਂ 'ਚ ਮੇਰੀ ਮਾਂ ਵੀ ਤੀ। ਮੈਨੂੰ ਉਹਦੀ ਸ਼ਕਲ-ਸੂਰਤ ਤਾਂ ਯਾਦ ਨਹੀਂ। ਲੋਕਣੀਆਂ ਦੱਸਦੀਆਂ ਬਹੁਤ ਸੋਹਣੀ ਤੀ। ਜੱਥੇ ਦੇ ਸਾਰੇ ਬੰਦੇ ਉਹਨੂੰ ਰੱਖਣਾ ਚਾਹੁੰਦੇ। ਤਾਰਾ ਉਹਦੇ ਪੈਸੇ ਵੱਟਣਾ ਚਾਹੁੰਦਾ। ਮਾਂ ਦੇ ਟਿਕਾਣੇ ਬਦਲਦੇ ਰਹੇ। ਉਹਦਾ ਪੈਰ ਭਾਰੀ ਹੋ ਗਿਆ। ਸਾਰੇ ਉਹਨੂੰ ਰੱਖਣ ਤੋਂ ਭੱਜਣ ਲੱਗੇ, ਬੋਲ਼ੇ ਮੀਤ ਨੇ ਉਹਦੀ ਬਾਂਹ ਫੜ ਲਈ। ਉੱਚਾ ਸੁਣਦਾ ਕਰਕੇ ਉਹਨੂੰ ਬੋਲ਼ਾ ਕਹਿੰਦੇ। ਉਹਦੀ ਪਹਿਲੀ ਤੀਮੀ ਦੋ ਕੁ ਸਾਲ ਦਾ ਬੱਚਾ ਛੱਡ ਕੇ ਮਰ ਗਈ। ਘਰੇ ਅੰਤਾਂ ਦੀ ਗਰੀਬੀ। ਬੋਲ਼ੇ ਸੋਚਿਆ ਨਾਲੇ ਬੱਚਾ ਸਾਂਭੂ, ਨਾਲੇ ਘਰ ਦਾ ਕੰਮ ਕਰਨ ਨੂੰ ਮੁਫਤ ਦੀ ਨੌਕਰ ਮਿਲਜੂ।

ਮਾਂ ਗ਼ਮ 'ਚ ਸੁੱਕ ਕੇ ਤੀਲ੍ਹਾ ਹੋ-ਗੀ।

ਜਦੋਂ ਮੈਂ ਜੰਮੀ ਮਿੱਠੋ ਵਾਂਗ ਪਾਈਆ ਕੁ ਦੀ ਤੀ। ਬੋਲ਼ਾ ਬਾਪੂ ਚਾਹੁੰਦਾ ਸੀ, ਜੰਮਦੀ ਹੀ ਮਰ ਜਾਵਾਂ। ਉਹ ਕਿਉਂ ਪਾਲ਼ੇ ਕਿਸੇ ਦਾ ਪਾਪ। ਉਹਨੇ ਚੱਕ ਕੇ ਧੁੱਪੇ ਪਾ ਦਿੱਤਾ। ਜਦੋਂ ਮਾਂ ਨੂੰ ਸੁਰਤ ਜਿਹੀ ਆਈ, ਉਹਨੇ ਉਠਕੇ ਸੀਨੇ ਨਾਲ ਲਾ ਲਿਆ, ਮਾਂ ਨੇ ਮੇਰਾ ਨਾਂ ਨਸਰੀਨ ਰੱਖਿਆ।

ਮਾੜੋ ਜਿਹੀ ਨੂੰ ਦੇਖ ਬਾਪੂ ਆਖਦਾ, "ਜੂੰਅ ਨੇ ਧੱਖ ਜੰਮ-ਤੀ।"...

"ਲਿਆ ਫੜਾ ਮੈਨੂੰ।" ਇਕ ਦਿਨ ਬੋਲ਼ੇ ਬਾਪੂ ਨੇ ਮੈਨੂੰ ਮਾਂ ਤੋਂ ਫੜ ਲਿਆ। ਹੁਣ ਉਹ ਵੀ

ਮੋਹ ਜਿਹਾ ਕਰਨ ਲੱਗਾ।

ਲੋਕਣੀਆਂ ਦੱਸਦੀਆਂ, ਬਾਪੂ ਦੇ ਭਾਈਵਾਲ ਜਿਹੜੇ 'ਲੁੱਟ ਦੇ ਮਾਲ' 'ਚੋਂ ਹਿੱਸਾ ਲੈਣ ਆ ਜਾਂਦੇ, ਬਾਪੂ ਉਹਨਾਂ ਮਗਰ ਬਰਛਾ ਲੈ ਕੇ ਪੈ ਗਿਆ।

ਇਕ ਦਿਨ ਹਮੀਦਾ ਬਾਪੂ ਮਿਲਟਰੀ ਦੇ ਅਫ਼ਸਰਾਂ ਨਾਲ ਮਾਂ ਅਤੇ ਵੀਰੇ ਨੂੰ ਲੱਭਦਾ ਪਿੰਡ ਆ ਗਿਆ। ਬਾਪੂ ਦੇ ਭਾਈਵਾਲ ਹੀ ਉਹਨੂੰ ਸਾਡੇ ਘਰ ਲੈ ਆਏ। ਉਹਦੇ ਪੁੱਤ ਦਾ ਕਤਲ ਹੋ ਚੁੱਕਾ ਸੀ। ਪਤਨੀ ਕੋਲ਼ ਕਿਸੇ ਹੋਰ ਦੀ ਬੱਚੀ ਸੀ। ਉਹ ਸਾਨੂੰ ਹਰ ਹਾਲ 'ਚ ਲਿਜਾਣਾ ਚਾਹੁੰਦਾ ਸੀ। ਬੋਲ਼ਾ ਬਾਪੂ ਮਾਂ ਨੂੰ ਜਾਣ ਨਹੀਂ ਸੀ ਦੇਣਾ ਚਾਹੁੰਦਾ। ਮਿਲਟਰੀ ਦੇ ਅਫ਼ਸਰਾਂ ਕਰਕੇ ਚੁੱਪ ਸੀ। ਉਹਨੂੰ ਹੋਰ ਕੁਝ ਨਾ ਸੁੱਝਿਆ, ਮੈਨੂੰ ਗੋਦੀ ਚੁੱਕ ਕੇ ਖੜ੍ਹ ਗਿਆ, "ਮੇਰੀ ਧੀ ਆ, ਮਾਂ ਬਿਨਾਂ ਮੇਰੀ ਧੀ ਮਰਜੂ, ਮੈਂ ਨ੍ਹੀਂ ਦੋਹਾਂ ਨੂੰ ਪਾਕਿਸਤਾਨ ਜਾਣ ਦੇਣਾ ।"

ਮਾਂ ਦੇ ਜਿਵੇਂ ਔਸਾਨ ਈ ਮਾਰੇ ਗਏ ਹੋਣ, ਉਹਦਾ ਦਿਮਾਗ ਕੰਮ ਕਰਨੋਂ ਰੁਕ ਗਿਆ। ਉਹਦੀ ਅਗਨੀ ਪਰੀਖਿਆ ਸੀ। ਇਕ ਪਾਸੇ ਹਮੀਦਾ ਬਾਪੂ ਖੜ੍ਹਾ, ਜੀਹਨੇ ਉਹਦੇ ਨਾਲ ਨਿਕਾਹ ਕੀਤਾ। ਦੂਜੇ ਪਾਸੇ ਬੋਲ਼ਾ ਬਾਪੂ ਉਹਦੀ ਧੀ ਚੁੱਕੀ ਖੜ੍ਹਾ। ਉਹਦੇ ਲਈ ਧਰਮ ਸੰਕਟ ਖੜ੍ਹਾ ਹੋ ਗਿਆ। ਹਮੀਦਾ ਬਾਪੂ ਉਹਦੀ ਬਾਂਹ ਫੜ ਕੇ ਮਿਲਟਰੀ ਦੇ ਟਰੱਕ 'ਚ ਜਾ ਬੈਠਾ। ਉਹ ਮੇਰੇ ਵੱਲ ਹੱਥ ਕਰ ਕੇ ਰੋਂਦੀ ਚੀਕਦੀ ਰਹੀ। ਉਹ ਚੀਕਾਂ ਬੋਲ਼ੇ ਬਾਪੂ ਨੂੰ ਵੀ ਸੁਣ ਗਈਆ। ਉਹ ਮੈਨੂੰ ਰੋਂਦੀ ਨੂੰ ਲੈ ਕੇ ਟਰੱਕ ਦੇ ਪਿੱਛੇ ਭੱਜਿਆ। ਪਿੱਛੇ ਉੱਡਦੀ ਧੂੜ 'ਚ ਉਦੋਂ ਤਕ ਭੱਜਦਾ ਰਿਹਾ ਜਦੋਂ ਤਕ ਟਰੱਕ ਅੱਖੋ ਉਹਲੇ ਨਾ ਹੋ ਗਿਆ।

– 0 –

ਜਵਾਨ ਹੋਈ ਮੈਂ ਵੀ ਮਿੱਠੋ ਵਾਂਗ ਦੁੜੰਗੇ ਮਾਰਦੀ ਫਿਰਦੀ। ਸੋਲ੍ਹਵਾਂ ਲੱਗਿਆ ਤੀ ਮੈਨੂੰ।

"ਕੁੜੀਏ ਸਿਰ 'ਤੇ ਚੁੰਨੀ ਰੱਖਿਆ ਕਰ।" ਬੋਲ਼ੇ ਬਾਪੂ ਦੇ ਬੋਲਾਂ 'ਚ ਫਿਕਰ ਤੀ। "ਹੁਣ ਤੇਰੇ ਵਿਆਹ ਦਾ ਸਿਆਪਾ ਕਰਨਾ ਪੈਣਾ।"

ਮਕੰਦਾ ਮੈਥੋਂ ਤਿੰਨ ਵਰ੍ਹੇ ਵੱਡਾ। ਪਹਿਲਾਂ ਉਹਦਾ ਵਿਆਹ ਹੁੰਦਾ ਤਾਂ ਬਾਪੂ ਮੇਰਾ ਵਿਆਹ ਕਰਦਾ। ਉਹ ਸ਼ਰਾਬੀਆਂ, ਕਬਾਬੀਆਂ ਨਾਲ ਫਿਰਦਾ, ਨਸ਼ੇ ਪੱਤੇ ਕਰਦਾ, ਕੰਮ ਦਾ ਨਾ ਕਾਜ ਦਾ, ਦੁਸ਼ਮਣ ਅਨਾਜ ਦਾ। ਉਹਦਾ ਕਿਤੇ ਰਿਸ਼ਤਾ ਸਿਰੇ ਨਾ ਚੜ੍ਹੇ। ਸ਼ਾਮ ਨੂੰ ਬੋਲ਼ੇ ਬਾਪੂ ਨਾਲ ਲੜ ਪਿਆ ਕਰੇ, "ਘਰੇ ਮੁਸਲਮਾਨਣੀ ਰੱਖੀ ਤੀ, ਤਾਂ ਹੀ ਮੇਰਾ ਵਿਆਹ ਨ੍ਹੀਂ ਹੁੰਦਾ।"

ਮਕੰਦਾ ਨਸ਼ੇ 'ਚ ਟੁੰਨ ਰਹਿੰਦਾ। ਇਕ ਦਿਨ ਸ਼ਰਾਬੀ ਹੋਇਆ ਆਇਆ। ਉਹਦੇ ਕੋਲ਼ ਦਸਾਂ-ਦਸਾਂ ਦੇ ਨੋਟ, ਆਪਣੇ ਹੀ ਸਿਰ ਤੋਂ ਵਾਰ-ਵਾਰ ਆਪਣੇ ਪੱਲੇ 'ਚ ਪਾਈ ਜਾਵੇ। "...ਮਾਂ ਯਾਵ੍ਹੇ ਲੋਕ ਸਹੀ ਕਹਿੰਦੇ ਨੇ, ਆਪਾਂ ਬਾਹਰ ਲੱਭਦੇ ਫਿਰਦੇ ਆਂ, ਕੁੜੀ ਘਰੇ ਬੈਠੀ ਆ।" ਉਹਨੇ ਮੇਰੀ ਬਾਂਹ ਨੂੰ ਹੱਥ ਪਾ ਲਿਆ।

"ਸ਼ਰਮ ਕਰ ਸ਼ਰਮ, ਕਿਉਂ ਕੰਜਰ ਬਣਦੈਂ।" ਬੋਲ਼ਾ ਬਾਪੂ ਉਹਨੂੰ ਧੱਕੇ ਮਾਰਦਾ ਕਮਰੇ ਅੰਦਰ ਲੈ ਗਿਆ। ਬਾਹਰੋਂ ਕੁੰਡਾ ਲਾ-ਤਾ।

ਮੇਰੇ ਤਾਂ ਜਿਵੇਂ ਔਸਾਨ ਈ ਮਾਰੇ ਗਏ। ਕੀ ਹੋ ਗਿਆ ਮਕੰਦ ਵੀਰੇ ਦੀ ਮੱਤ ਨੂੰ।... ਕੋਈ ਐਂ ਵੀ ਕਰ ਸਕਦਾ? ਸਾਰੀ ਰਾਤ ਪਾਸੇ ਪਰਤਦਿਆਂ ਕੱਢੀ। ਅੱਚੋਤਾਈ ਜਿਹੀ ਲੱਗੀ ਰਹੀ।

ਬੋਲ਼ੇ ਬਾਪੂ ਨੂੰ ਵੀ ਚੈਨ ਨਾ ਆਈ।ਸਾਰੀ ਰਾਤ ਵਿਹੜੇ 'ਚ ਫਿਰਦਾ, ਪਤਾ ਨ੍ਹੀਂ ਕੀ ਭੰਨਾਂ-ਘੜਤਾਂ ਕਰਦਾ ਰਿਹਾ। ਮੈਨੂੰ ਲੱਗਿਆ ਸਵੇਰੇ ਮਕੰਦ ਦੀ ਖ਼ੈਰ ਨ੍ਹੀਂ, ਜਿਵੇਂ ਬਾਪੂ ਪਹਿਲਾਂ ਉਹਦਾ ਨਸ਼ਾ ਉਤਰੇ 'ਤੇ ਤੌਣੀ ਲਾਹੁੰਦਾ ਹੁੰਦਾ ਸੀ, ਉਵੇਂ ਲਾਹੂ। ਪਰ ਸਵੇਰੇ ਉਹਨੂੰ ਕੁੱਝ ਨਾ ਕਿਹਾ, ਸ਼ਾਇਦ ਉਹਨੇ ਮੰਨ ਲਿਆ, ਜਿਥੇ ਮੇਰਾ ਨੰਦ ਘੋਪ, ਉੱਥੇ ਗਧੀ ਮਰੀ ਦਾ ਕੀ ਦੋਸ਼।

ਕੁੱਝ ਦਿਨ ਕਿਸੇ ਤਨਾਅ 'ਚ ਲੰਘੇ। ਮੈਨੂੰ ਨੀਂਦ ਰਹੀ ਨਾ ਚੈਨ।... ਮੇਰਾ ਕੀ ਕਸੂਰ... ਇਹੀ ਮੇਰੀ ਮਾਂ ਇਹਨਾਂ ਦੇ ਜ਼ੁਲਮ ਦਾ ਸ਼ਿਕਾਰ ਸੀ... ਉਹ ਮੁਸਲਮਾਨ ਤੀ... ਇਹੀ ਕਸੂਰ ਆ, ਮਕੰਦਾ ਮੇਰਾ ਸਕਾ ਭਰਾ ਨ੍ਹੀਂ। ਪਰ ਮੈਂ ਤਾਂ ਵੀਰ ਮੰਨਦੀ ਆਂ।... ਬੋਲ਼ਾ ਤਾਂ ਮੇਰਾ ਬਾਪੂ ਆ...।

ਨਾ ਕਿਸੇ ਤੇਲ਼ ਚੋਇਆ। ਨਾ ਪਾਣੀ ਵਾਰ ਕੇ ਪੀਤਾ। ਨਾ ਨਵੇਂ ਕੱਪੜੇ, ਨਾ ਗਹਿਣਾ ਗੱਟਾ, ਨਾ ਕੋਈ ਸ਼ਗਨ ਮਨਾਇਆ।... ਬਸ ਗੁਰਦੁਆਰੇ ਜਾ ਕੇ ਮੱਥਾ ਟੇਕ ਆਏ। ਮਕੰਦ ਮੇਰੇ ਨਾਲ 'ਰਹਿਣ' ਲੱਗਿਆ।

ਲੋਕ ਗੱਲਾਂ ਕਰਦੇ, "ਬੋਲ਼ਿਆਂ ਦੇ ਟੱਬਰ ਦਾ ਕੀ ਕਹਿਣਾ, ਭੈਣ ਬਣਾ ਕੇ ਯਹਿਣਾ।"

"ਗਊ ਵਰਗੀ ਸਾਊ ਕੁੜੀ ਤੀ, ਗਊ ਹੱਤਿਆ ਹੋਈ ਆ।"

"ਬ੍ਰਹਮ ਹੱਤਿਆ ਹੋਈ ਆ, ਗੋਪਾਲ ਮੋਚਨੇ ਨਹਾ ਕੇ ਵੀ ਪਾਪ ਨ੍ਹੀਂ ਲਹਿਣਾ।" ਕੋਈ ਹੋਰ ਅਫ਼ਸੋਸ 'ਚ ਸਿਰ ਮਾਰਦਾ।

ਬੋਲ਼ਾ ਬਾਪੂ ਚੁੱਪ-ਚੁੱਪ ਰਹਿਣ ਲੱਗਿਆ। ਘਰੋਂ ਬਾਹਰ ਵੀ ਘੱਟ ਵੱਧ ਹੀ ਨਿਕਲਣਾ। ਮੁੜ ਕਦੇ ਮੇਰੇ ਨਾਲ ਅੱਖ ਨਾ ਮਿਲਾਈ।

ਉਹਨੀਂ ਦਿਨੀਂ ਮੀਂਹ ਬਹੁਤ ਪਏ। ਲਟੈਣ ਤਾਂ ਉਸ ਕਮਰੇ ਦੀ ਟੁੱਟਦੀ ਹੁੰਦੀ ਆ ਜਿੱਥੇ ਭੈਣ-ਭਰਾ ਇਕੱਠੇ ਸੌਣ, ਪਰ ਛੱਤ ਬੋਲ਼ੇ ਬਾਪੂ ਦੇ ਕਮਰੇ ਦੀ ਢਹੀ। ਦੂਜੇ ਦਿਨ ਉਹਨੂੰ ਦਾਗ ਲਾਤਾ।

"ਜਿਹੜੇ ਇਹਨਾਂ ਦੇ ਕਾਰੇ ਨੇ ਸ਼ੁਕਰ ਕਰੋ ਛੱਤ ਹੀ ਡਿੱਗੀ ਆ, ਅਸਮਾਨ ਨ੍ਹੀਂ ਡਿੱਗਿਆ।" ਲੋਕ ਘੁਸਰ-ਮੁਸਰ ਕਰਦੇ।

"ਉਏ ਇਹ 'ਕੌਮ' ਕਰਾ ਲੈਂਦੀ ਆ, ਮਾਮੇ-ਮਾਸੀਆਂ ਦੇ ਭਰਾਵਾਂ ਨਾਲ ਵਿਆਹ।" ਕਿਸੇ ਹੋਰ ਦੇ ਬੋਲ ਮੇਰੇ ਕੰਨੀਂ ਪਏ।

ਮੇਰੇ 'ਤੇ ਤਾਂ ਸੱਚਮੁੱਚ ਅਸਮਾਨ ਹੀ ਡਿੱਗਿਆ ਸੀ। ਮੇਰੇ ਸੁਪਨਿਆਂ 'ਚ ਰਾਜ ਕੁਮਾਰ ਤਾਂ ਵਾਜਿਆਂ ਗਾਜਿਆਂ ਨਾਲ ਸਿਹਰੇ ਬੰਨ੍ਹ ਕੇ ਆਉਂਦਾ।... ਮੈਂ ਬਹੁਤ ਰੋਈ ਕੁਰਲਾਈ, ਕੀਹਨੇ ਸੁਣਨਾ ਤੀ। ਦੋ ਬੱਚੇ ਹੋਏ, ਹੁੰਦਿਆਂ ਈ ਮਰਗੇ। ਫਿਰ ਪਤਾ ਨ੍ਹੀਂ ਕੀ ਬਿਜ ਪੈਗੀ, ਮੁੜ ਗੋਦ ਹਰੀ ਨਾ ਹੋਈ।

ਮੁਕੰਦ ਨਸ਼ਿਆਂ ਬਿਨਾਂ ਮੂੰਹ ਨਾ ਖੋਲ੍ਹਦਾ। ਨਸ਼ਾ ਦਿਖਾ ਕੇ ਭਾਵੇਂ ਉਹਨੂੰ ਦਿੱਲੀ-ਦੱਖਣ ਲੈ ਜੋ। ਲਾਹਣ ਦੇ ਘੜੇ ਪਾਈ ਰੱਖਦਾ, ਘਰੇ ਸ਼ਰਾਬ ਕੱਢ ਕੇ ਵੇਚਦਾ। ਲੋਕ ਕਹਿੰਦੇ, "ਮਕੰਦ ਅਮਲੀ ਤਾਂ ਰਾਤ ਨੂੰ ਬਲ਼ਦੇ ਸਿਵੇ 'ਤੇ ਦਾਰੂ ਕੱਢ ਲਿਆਉਂਦਾ।"

ਜੋ ਵੀ ਨਸ਼ਾ ਮਿਲਦਾ, ਛੱਡਦਾ ਨਾ। ਕੰਮ ਦੇ ਨਾਂ 'ਤੇ ਉਹਨੂੰ ਮੌਤ ਪੈਂਦੀ ਏ।

ਮੈਂ ਲੋਕਾਂ ਦੇ ਘਰੀਂ ਕੰਮ ਕਰਦੀ ਤਾਂ ਰੋਟੀ-ਪਾਣੀ ਤੇ ਇਹਦਾ ਨਸ਼ਾ ਚੱਲਦਾ। ਪਿੰਡ ਦੇ ਬਹੁਤੇ ਲੋਕਾਂ ਦੇ ਜੁਆਕ ਮੇਰੇ ਹੱਥੀਂ ਜੰਮੇ।

– 0 –

ਮੇਰਾ ਮਨ ਕਹਿੰਦਾ ਮਿੱਠੋ ਨੇ ਮੁੜ ਆਉਣਾਂ। ਸਾਡੇ ਨਾਲ, ਇਸ ਘਰ ਨਾਲ ਬਹੁਤ ਮੋਹ ਆ ਉਹਨੂੰ। ਕਈ ਵਾਰ ਅਮਲੀ 'ਤੇ ਗੁੱਸਾ ਆਉਂਦਾ, ਲੋਕ ਪੰਜ-ਪੰਜ, ਸੱਤ-ਸੱਤ ਮੱਝਾਂ ਗਾਈਆਂ ਰੱਖਦੇ ਨੇ, ਇਹਤੋਂ ਇਕ ਨ੍ਹੀਂ ਸਾਂਭ ਹੁੰਦੀ। ਇਹਦੀ ਨਿਕੰਮੀ ਰੂਹ ਕਰਕੇ ਘਰ 'ਚ ਭੈਇਤਾ ਜਿਹੀ ਨਹੀਂ ਰਹਿੰਦੀ। ਮੈਂ ਕਾਲ਼ੇ ਬਲਦ ਵਾਂਗ ਦਿਨ ਰਾਤ ਨ੍ਹੀਂ ਟਿਕਦੀ। ਸੋਚਿਆ ਰੱਬ ਦੇ ਦਰ ਦਾ ਪੱਲਾ ਫੜ ਲੈਨੀ ਆਂ, ਖਬਰੈ ਕੰਮ ਲੋਟ ਆ ਜੇ, ਕਦੇ ਮਾਈ ਰਾਣੀ ਗੁਲਗਲੇ ਖਾਣੀ ਦੇ ਮੱਥਾ ਟੇਕ ਆਉਨੀ ਆਂ। ਨਿਆਣਾ ਦੇਵੀ ਦੀ ਚਾਲੇ ਜਾਂ ਆਉਣਾ, ਹਦਰ ਸੇਖ ਦੇ ਚੌਕੀਆਂ ਭਰ ਆਉਂਦੀ।

ਉਦਣ ਰਾਤ ਨੂੰ ਪੀਰਾਂ ਦੇ ਚੌਂਕੀਆ ਭਰ ਕੇ ਮੁੜੀ, ਬੱਸ ਉਤਰ ਕੇ ਘਰ ਨੂੰ ਤੁਰੀ ਜਾਵਾਂ, ਮਾਂਹਪੁਰ ਆਲ਼ਾ ਲੰਮਾ ਮਹੰਤ ਮਿਲ ਗਿਆ, ਕਹਿੰਦਾ, "ਡਾਕਦਾਰਨੀ ਮੈਂ ਤੈਨੂੰ ਈ ਲੱਭਦਾ ਫਿਰਦਾਂ, ਮੇਰੀ ਧੀ 'ਵਿਦਾ' ਹੋ ਕੇ ਆਈ ਹੋਈ ਆ ਬਾਅਲ਼ੀ ਔਖੀ ਆ, ਬੈਠ ਮੇਰੇ ਸਕੂਟਰ 'ਤੇ। ਮੈਂ ਉਹਦੀ ਧੀ ਦਾ ਜਣੇਪਾ ਕਰਵਾ ਕੇ ਗੋਡੇ-ਗੋਡੇ ਦਿਨ ਚੜ੍ਹੇ ਘਰੇ ਗਈ। ਅਮਲੀ ਵੱਧ ਨਸ਼ਾ ਕੀਤਾ ਹੋਣ ਕਰਕੇ ਸੁੱਤਾ ਪਿਆ। ਖੁਰਲੀ 'ਤੇ ਮਿੱਠੋ ਨਾ ਦਿਸੀ।

ਮੇਰੇ ਹੌਲ ਪੈ ਗਿਆ। ਮੱਥਾ ਠਣਕਿਆ, ਲੱਗਦਾ ਚੋਰ ਲੈ-ਗੇ। ਅਸੀਂ ਪੈੜੂ ਮੰਗਵਾ ਲਿਆ,

ਉਹਨੇ ਮਿੱਠੋ ਦੀ ਪੈੜ ਕੱਢਲੀ। ਚਕੋਹੀ ਆਲ਼ੇ ਨਿੰਮੇ ਸਹਿੰਸੀ ਦੇ ਘਰ ਜਾ ਪਹੁੰਚੇ। ਉਹਨੇ ਹਰਾਮੀ ਨੇ, ਘਰੇ ਲਿਜਾ ਕੇ ਰੇਤ ਨਾਲ ਸਿੰਗ ਤਿੱਖੇ ਕਰਤੇ। ਤੇਲ ਲਾ ਕੇ ਲਿਸ਼ਕਾ 'ਤੇ। ਗਲ਼ 'ਚ ਨਮਾਂ ਰੱਸਾ ਪਾ-ਤਾ। ਅਗਲੇ ਦਿਨ ਖੰਨੇ ਦੀ ਮੰਡੀ ਤੀ ਉੱਥੇ ਵੇਚ ਆਉਣੀ ਤੀ।

ਮੈਨੂੰ ਉਹ-'ਤੇ ਸ਼ੱਕ ਤਾਂ ਪਹਿਲਾਂ ਈ ਤੀ। ਉਹ ਅਮਲੀ ਕੋਲ਼ ਆ ਕੇ ਬੈਠ ਜਾਂਦਾ, ਨਾਲੇ ਨਸ਼ਾ ਕਰ ਜਾਂਦਾ, ਚਾਹ ਪੀ ਜਾਂਦਾ, ਨਾਲੇ ਪੁੱਛਦਾ, "ਗਾਂ ਹੇਠਾਂ ਦੁੱਧ ਬਹੁਤ ਆ। ਜੇ ਵੇਚਣੀ ਆ ਮੂੰਹੋਂ ਮੰਗੇ ਪੈਸੇ ਦਵਾ ਦੂੰ।"

ਰੁੜ੍ਹ ਜਾਣਾ ਵਪਾਰੀ ਨਾਲੋਂ ਵੱਧ ਚੋਰ ਲੱਗਦਾ।

ਮਿੱਠੋ ਸਾਨੂੰ ਦੇਖ ਕੇ ਰੰਭੇ। ਰੱਸਾ ਤੁੜਾ-ਤੁੜਾ ਜਾਵੇ। ਨਿੰਮਾ ਪੈਰਾਂ 'ਤੇ ਪਾਣੀ ਨਾ ਪੈਣ ਦੇਵੇ। ਕਹਿੰਦਾ, "ਮੈਂ ਮੁੱਲ ਲਿਆਂਦੀ ਆ।"

ਇਕ ਆਪਣੇ ਵਰਗਾ ਚੋਰ ਜਿਹਾ, ਟੋਭੇ ਦਾ ਗਵਾਹ ਡੱਡੂ ਖੜ੍ਹਾ ਕਰ ਲਿਆ, ਉਹ ਕਹੇ, "ਜੀ ਮੈਥੋਂ ਮੁੱਲ ਲਈ ਆ।"

ਚਕੋਹੀ ਆਲ਼ਾ ਸਰਪੰਚ ਸਿਆਣਾ ਤੀ। ਉਹਨੇ ਜੁਗਤ ਲੜਾਈ, ਨਿੰਮੇ ਦੇ ਕੀਲੇ ਨਾਲੋਂ ਮਿੱਠੋ ਖੋਲ੍ਹ-ਲੀ। ਬਾਹਰ ਬੀਹੀ 'ਚ ਲਿਜਾ ਕੇ ਉਹਦੇ ਗਲ਼ 'ਚ ਰੱਸਾ ਲਪੇਟਤਾ। ਕਹਿੰਦਾ, "...ਪਸ਼ੂ ਆ, ਆਪਣਾ ਸਿਖਾਇਆ ਹੋਇਆ ਤਾਂ ਹੈ ਨ੍ਹੀਂ। ਨਿੰਮਿਆ ਤੇਰਾ ਘਰ ਨੇੜੇ ਆ, ਖਲ ਵੜੇਮੇ ਵੀ ਤੈਂ ਚਾਰੇ ਨੇ।... ਪਸ਼ੂਆਂ ਨੂੰ ਆਪਣੇ ਕੀਲੇ ਨਾਲ ਪਿਆਰ ਹੁੰਦਾ। ਦੇਖਦੇ ਆਂ, ਤੇਰੇ ਕੀਲੇ ਖੜ੍ਹਦੀ ਕਿ ਅਮਲੀ ਦੇ।"

ਮਿੱਠੋ ਉੱਥੋਂ ਭੱਜਲੀ। ਨਿੰਮਾ ਬਥੇਰਾ ਅੱਗੇ ਹੋ-ਹੋ ਰੋਕੇ, ਉਹ ਮੋੜੀ ਨਾ ਮੁੜੀ। ਪੰਜ ਪਿੰਡ ਟੱਪ ਕੇ ਆਪਣੇ ਘਰ ਆ ਕੇ ਰੁਕੀ।

ਸਰਪੰਚ ਕਹਿੰਦਾ, "ਨਿੰਮੇ ਨੂੰ ਠਾਣੇ ਦੇਣਾ।"

ਨਿੰਮਾ ਫਫੇ-ਕੁੱਟਣਾ ਰੋਣ ਲੱਗਿਆ, "ਮੈਂ ਤਾਂ ਮੁੱਲ ਲਈ ਤੀ। ਮੇਰੇ ਪੈਸੇ ਖੂਹ 'ਚ ਗਏ।"

ਮੈਂ ਸਰਪੰਚ ਨੂੰ ਕਿਹਾ, "ਲੀਲੀ ਛੱਤ ਆਲ਼ਾ ਸਭ ਕੁੱਝ ਦੇਖਦਾ। ਕੋਈ ਨਾ ਉਹ ਜਾਣੇ। ਸਾਨੂੰ ਸਾਡੀ ਮਿੱਠੋ ਮਿਲਗੀ।"

- 0 -

ਰੇਲ ਦੀ ਲਾਈਨ ਤਕ ਲੱਭ ਕੇ ਮੁੜ ਆਈ।

ਮਿੱਠੋ... ਮਿੱਠੋ ਕਹਿ ਕੇ ਆਵਾਜ਼ਾਂ ਵੀ ਮਾਰੀਆਂ। ਰੁੜ੍ਹ ਜਾਣਾ ਅਮਲੀ ਖਬਰੈ ਕਿੱਥੇ ਛੱਡ ਆਇਆ। ਘਰ ਵੀ ਨਹੀਂ ਮੁੜਿਆ, ਉਹਨੂੰ ਪਤਾ, ਜਦੋਂ ਆਊ ਉਹਦੀ ਖ਼ੈਰ ਨ੍ਹੀਂ।

ਅਮਲੀ ਦੇ ਚਾਲਿਆਂ ਤੋਂ ਪਹਿਲਾਂ ਈ ਲੱਗਣ ਲੱਗ ਗਿਆ ਸੀ ਇਹਦੇ ਮਨ 'ਚ ਬਦੀ ਉੱਠੀ ਹੋਈ ਆ, ਕੋਈ ਕਾਰਾ ਕਰੂ। ਮੈਂ ਦੁੱਧ ਪੀ ਕੇ ਲੋਕਾਂ ਦੀਆਂ ਛੱਡੀਆਂ ਗਾਵਾਂ ਰੁਲ਼ਦੀਆਂ ਦੇਖੀਆਂ ਨੇ। ਹਰ ਕੋਈ ਸੋਟੀ ਮਾਰ ਜੇ ਗਾਹਾਂ ਤੋਰ ਦਿੰਦਾ, ਬਾਅਲ਼ੀ ਦੁਰਦਸ਼ਾ ਹੁੰਦੀ ਆ। ਫਿਰ ਹੱਡਾ ਰੋੜੀ ਆਲ਼ੇ ਕੁੱਤਿਆਂ ਦੇ ਅਜਿਹਾ ਲਹੂ ਮੂੰਹ ਲੱਗਿਆ ਜਿਉਂਦੀ ਨੂੰ ਈ ਖਾ ਜਾਂਦੇ ਨੇ।

ਬਹੁਤ ਸੋਚ-ਸੋਚ ਕੇ ਮੈਂ ਉਹਨੂੰ ਗਊਸ਼ਾਲਾ ਦੇਣ ਦੀ ਸੋਚੀ। ਉੱਥੇ ਗਊਆਂ ਦੀ ਬਥੇਰੀ ਸੇਵਾ ਹੁੰਦੀ ਆ। ਇਹ ਗਊਸ਼ਾਲਾ ਸਮਾਜ ਸੇਵੀ ਸ਼ਾਸਤਰੀ ਜੀ ਨੇ ਖੋਲ੍ਹੀ ਹੋਈ ਆ, ਉਹਨਾਂ ਨੂੰ ਗਊਆ ਦੀ ਸੇਵਾ ਦਾ ਪੁੰਨ ਲੱਗ ਗਿਆ, ਹੁਣ ਸਰਕਾਰ 'ਚ ਮੰਤਰੀ ਨੇ।

ਜਦੋਂ ਮੈਂ ਗਊਸ਼ਾਲਾ ਗਈ, ਭਗਵੇਂ ਕੱਪੜਿਆਂ ਵਾਲਾ, ਬਾਬਾ ਗਲ਼ 'ਚ ਰਾਮ-ਰਾਮ ਲਿਖੇ ਵਾਲਾ ਪਰਨਾ ਪਾਇਆ ਹੋਇਆ। ਉਹ ਗਊਸ਼ਾਲਾ ਦਾ ਮੁੱਖ ਸੇਵਾਦਾਰ ਸੀ। ਮੈਨੂੰ ਦਾਨੀ ਸਮਝ ਕੇ ਉਹ ਪ੍ਰਵਚਨ ਕਰਨ ਲੱਗਾ, "ਗਊਆ ਦੀ ਸੇਵਾ ਦਾ ਸਭ ਤੋਂ ਵੱਧ ਫਲ ਮਿਲਦਾ। ਅਸੀਂ ਇਹਨੂੰ ਮਾਤਾ ਇਸ ਲਈ ਨਹੀਂ ਕਹਿੰਦੇ ਬਈ ਇਹ ਦੁੱਧ ਦਿੰਦੀ ਆ। ਇਹਦੇ ਸਿੰਗਾਂ ਦੀਆਂ ਜੜਾਂ ਵਿਚ ਬ੍ਰਹਮਾ, ਬਿਸ਼ਨੂੰ ਭਗਵਾਨ ਨਿਵਾਸ ਕਰਦੇ ਨੇ। ਮਸਤਕ ਵਿਚ ਪਾਰਵਤੀ, ਖੱਬੀ ਅੱਖ 'ਚ ਚੰਦਰਮਾ, ਸੱਜੀ ਅੱਖ 'ਚ ਸੂਰਜ ਦਾ ਨਿਵਾਸ ਆ। ਇਹਦੀ ਅਵਾਜ 'ਚ ਸਰਸਵਤੀ, ਪੇਟ 'ਚ

ਅਗਨ ਦੇਵਤਾ ਰਹਿੰਦਾ, ਖੁਰਾਂ 'ਚ ਅਪਸਰਾਵਾਂ ਰਹਿੰਦੀਆਂ ਨੇ। ਥਣਾਂ 'ਚ ਸਮੁੰਦਰ ਦੇਵਤਾ ਬਿਰਾਜਮਾਨ ਆ। ਵਾਲ਼ਾਂ ਦੇ ਰੋਮਾਂ 'ਚ ਰਿਸ਼ੀ ਲੋਕ ਰਹਿੰਦੇ ਨੇ, ਪਿਸ਼ਾਬ 'ਚ ਗੰਗਾ ਮਾਤਾ ਅਤੇ ਕਮਰ 'ਤੇ ਪਿੱਤਰਾਂ ਦਾ ਨਿਵਾਸ ਆ।" ਬਾਬਾ ਜੀ ਦੱਸੀ ਜਾ ਰਹੇ ਸੀ, "ਗਊ ਦੀ ਸੇਵਾ ਤੇਤੀ ਹਜ਼ਾਰ ਦੇਵੀ-ਦੇਵਤਿਆਂ ਨੂੰ ਖੁਸ਼ ਕਰਦੀ ਆ।"

"ਮੈਂ ਹੱਥ ਜੋੜ ਕੇ ਕਿਹਾ; ਤੁਸੀਂ ਮਹਾਂਪੁਰਸ਼ ਓ, ਕਲਯੁੱਗ 'ਚ ਗਊਆਂ ਦੀ ਸੇਵਾ ਕਰਦੇ ਓ।ਅਸੀਂ ਗਰੀਬਾਂ ਗਊਸ਼ਾਲਾ 'ਚ ਗਊ ਛੱਡਣੀ ਆ।"

ਬਾਬਾ ਜੀ ਦੀਆਂ ਅੱਖਾਂ ਬਦਲ ਗਈਆਂ। ਕਹਿੰਦੇ "ਮਾਈ ਗਾਂ ਛੱਡਣ ਦੇ ਪੰਜ ਹਜਾਰ ਰੁਪਈਏ, ਅਤੇ ਤੂੜੀ ਦੀ, ਟਰਾਲੀ ਲੈਨੇ ਆਂ।"

"ਅਸੀਂ ਗਰੀਬ ਆਂ ਬਾਬਾ ਜੀ।" ਮੇਰੇ ਫਿਰ ਹੱਥ ਜੁੜ ਗਏ।

"ਮਾਈ ਗਊਸ਼ਾਲਾ ਚਲਾਉਣੀ ਸੌਖੀ ਨ੍ਹੀਂ। ਐਂ ਤਾਂ ਹਜਾਰਾਂ ਗਾਵਾਂ ਅਵਾਰਾ ਫਿਰਦੀਆਂ। ਅਸੀਂ ਉਹਨਾਂ ਨਾਲ ਗਊਸ਼ਾਲਾ ਭਰ ਲੈਂਦੇ।"

"ਬਾਬਾ ਜੀ ਆਪ ਹੀ ਗਾਂ ਨੂੰ ਮਾਂ ਕਹਿੰਨੇ ਓ। ਮਾਂ ਕਦੇ ਅਵਾਰਾ ਨ੍ਹੀਂ ਹੁੰਦੀ। ਤੁਸੀਂ ਅਵਾਰਾ ਦੱਸਦੇ ਓ।"

ਤੁਰਨਾ ਤਾਂ ਮੈਂ ਸੀ। ਬਾਬਾ ਬੁਸ-ਬੁਸ ਕਰਦਾ, ਰਾਮ ਰਾਮ ਲਿਖੇ ਆਲ਼ੇ ਪਰਨੇ ਨਾਲ ਮੂੰਹ ਪੂੰਝਦਾ, ਪਰ੍ਹਾਂ ਨੂੰ ਤੁਰ ਗਿਆ।

ਮੈਂ ਫੈਸਲਾ ਕਰ ਲਿਆ, ਮੈਂ ਨ੍ਹੀਂ ਮਿੱਠੋ ਆਬਦੇ ਤੋਂ ਦੂਰ ਕਰਨੀ, ਆਪੇ ਸਾਂਭੂੰ। ਢੱਠੇ-ਖੂਹ 'ਚ ਜਾਵੇ ਅਮਲੀ।

ਬਾਅਦ 'ਚ ਪਤਾ ਲੱਗਾ ਜੇ ਮੈਂ ਮਿੱਠੋ ਨੂੰ ਉੱਥੇ ਛੱਡ ਆਉਂਦੀ, ਉਹਨਾਂ ਰਾਤ ਨੂੰ ਡੰਡੇ ਮਾਰ ਕੇ ਗਊਸ਼ਾਲਾ 'ਚੋਂ ਕੱਢ ਦੇਣੀ ਤੀ। ਫੰਡਰਾਂ ਨੂੰ ਉੱਥੇ ਨਹੀਂ ਰੱਖਦੇ।

- 0 -

ਮਿੱਠੋ ਸਵੇਰੇ ਬੁਰੀ ਤਰ੍ਹਾਂ ਲਹੂ-ਲੁਹਾਣ ਹੋਈ ਘਰੇ ਆਈ। ਖ਼ਬਰੈ ਜਿਹਨਾਂ ਦੇ ਖੇਤਾਂ 'ਚ ਵੜੀ ਹੋਊ ਉਹਨਾਂ ਇਹ ਹਾਲ ਕਰਤਾ, 'ਥੇਹ ਹੋਇਓ, ਜੇ ਫਸਲਾਂ ਨੂੰ ਮੂੰਹ ਮਾਰ ਲਿਆ, ਕੀ ਪਰਲੋ ਆਗੀ। ਜਿੱਥੇ-ਜਿੱਥੇ ਗਾਂ ਖਾਂਦੀ ਆ, ਫਸਲ ਦੁੱਗਣੀ ਹੁੰਦੀ ਆ।'

ਖਬਰੈ ਛੱਡ ਕੇ ਮੁੜਨ ਲੱਗੇ ਅਮਲੀ ਦੇ ਮਗਰ ਭੱਜੀ ਹੋਵੇ, ਉਹਨੇ ਗੰਡਾਸੇ ਦੇ ਟੱਕ ਮਾਰ ਦਿੱਤੇ ਹੋਣ। ਜਿਵੇਂ ਲਹੂ-ਲੁਹਾਣ ਹੋਈ ਪਈ ਆ, ਇਹ ਕੰਮ ਹਰਾਮ ਦੇ ਹੱਡਾ-ਰੋੜੀ ਦੇ ਕੁੱਤਿਆਂ ਦਾ ਲੱਗਦਾ। ਉਹ ਤਾਂ ਕਿਸੇ ਨੂੰ ਜਿਉਂਦੀ ਨ੍ਹੀਂ ਨਿਕਲਣ ਦਿੰਦੇ, ਇਹ ਹਿੰਮਤ ਆਲ਼ੀ ਆ, ਘਰ ਮੁੜ ਆਈ।

ਮੈਂ ਮਿੱਠੋ ਨੂੰ ਜੱਫੀ ਪਾ ਲਈ। ਉਹਦੀ ਹਾਲਤ ਦੇਖ ਮੇਰੀਆਂ ਅੱਖਾਂ 'ਚੋਂ ਤਿੱਪ-ਤਿੱਪ ਹੰਝੂ ਵਗਣ ਲੱਗੇ। ਮਿੱਠੋ ਵੀ ਰੋ ਰਹੀ ਸੀ, ਜਿਵੇਂ ਕਹਿ ਰਹੀ ਹੋਵ੍ਹੇ, 'ਤੁਸੀਂ ਇਹ ਕੀ ਕੀਤਾ, ਮੇਰੇ ਨਾਲ?'

ਡਾਕਟਰ ਬੁਲਾ ਲਿਆਈ। ਉਹ ਸਿਰ ਮਾਰ ਗਿਆ। ਖ਼ੂਨ ਏਨਾ ਵਗ ਗਿਆ। ਬਹੁਤ ਉਹੜ-ਪੋਹੜ ਕੀਤੇ, ਰਾਤ ਭਰ ਤੜਫ ਕੇ ਮਿੱਠੋ ਪੂਰੀ ਹੋਗੀ।

ਅਸੀਂ ਰੇਹੜੀ ਮੰਗ ਲਿਆਂਦੀ, ਕਈ ਬੰਦਿਆਂ ਚੁੱਕ ਦੇ ਉਹ 'ਤੇ ਪਾ ਦਿੱਤੀ। ਹੱਡਾ-ਰੋੜੀ ਲੈ ਕੇ ਜਾਣੀ ਸੀ। ਸਾਰੇ ਪਿੰਡ 'ਚ ਰੌਲ਼ਾ ਪੈ ਗਿਆ।

ਮੈਂ ਅੰਦਰੋਂ ਕੱਪੜਾ ਲੱਭਣ ਲੱਗੀ, ਪੁੱਤਾਂ ਵਾਂਗ ਪਾਲੀ 'ਤੇ ਕੱਫਣ ਪਾਉਣ ਲਈ।

ਮੋਰਾਂ ਆਲ਼ੀ ਆਲ਼ਾ ਲੰਬੜਦਾਰ ਸਕੂਟਰ 'ਤੇ ਮੈਨੂੰ ਲੈਣ ਆ ਗਿਆ। ਉਹਦੀ ਨੂੰਹ ਦੇ ਜੰਮਣ ਪੀੜਾ ਉਠ ਖੜ੍ਹੀਆਂ ਸੀ।

ਪਿੰਡ ਦੇ ਲੋਕਾਂ ਦੀ ਭੀੜ ਸਾਡੇ ਘਰ ਜਮ੍ਹਾਂ ਹੋ ਰਹੀ ਸੀ।

ਕਈ ਓਪਰੇ ਬੰਦੇ ਸਾਡੇ ਘਰ ਆਏ। ਉਹਨਾਂ ਅਮਲੀ ਦੀਆਂ ਬਾਹਾਂ ਪਿੱਛੇ ਬੰਨ੍ਹੀਆਂ ਹੋਈਆਂ

ਸੀ। ਉਹਨਾਂ ਨਾਲ ਗਊ ਰੱਖਿਆ ਦਲ ਆਲ਼ਾ ਰਾਜੂ, ਗਊਸ਼ਾਲਾ ਆਲ਼ਾ ਬਾਬਾ ਵੀ ਸੀ। ਪਤਾ ਨਹੀਂ ਉਹਨਾਂ ਨੂੰ ਮਿੱਠੋ ਦੇ ਮਰਨ ਦੀ ਖਬਰ ਕੀਹਨੇ ਦੇ ਦਿੱਤੀ।

ਕਹਿੰਦੇ, "ਤੁਸੀਂ ਗਊ ਮਾਤਾ ਦੀ ਹੱਤਿਆ ਕੀਤੀ ਆ।"

"ਭਾਈ ਅਸੀਂ ਤਾਂ ਆਪ ਦੁੱਖ 'ਚ ਆਂ, ਸਾਡੇ ਘਰ ਦਾ ਜੀਅ ਚਲਿਆ ਗਿਆ।" ਮੈਂ ਹੱਥ ਜੋੜਾਂ।

"ਅਣ ਤੋਲੀ ਧਰਤੀ 'ਤੇ ਖੜ੍ਹੇ ਆਂ। ਇਹ ਸਾਡਾ ਕੰਮ ਨ੍ਹੀਂ। ਚਾਹੇ ਪਿੰਡ ਤੋਂ ਪੁੱਛਲੋ।" ਅਮਲੀ ਬੋਲਿਆ।

"ਤੂੰ ਚੁੱਪ ਰਹਿ ਉਏ ਮੁੱਛ ਮੁੰਨਿਆ। ਜੀਹਦੇ ਮੁੱਛ ਨ੍ਹੀਂ ਉਹ ਦੇ ਕੁੱਛ ਨ੍ਹੀਂ।"

"ਸਾਰਾ ਵਿਹੜਾ ਲਹੂ ਲੁਹਾਣ ਹੋਇਆ ਪਿਆ। ਊ ਤਾਂ ਸਾਨੂੰ ਪਤਾ ਈ ਆ, ਮਾਈ ਸੱਚ ਦੱਸ ਤੇਰਾ ਧਰਮ ਕਿਹੜਾ?" ਗਊ ਰੱਖਿਆ ਦਲ ਵਾਲਾ ਪੁੱਛਦਾ।

ਮੈਂ ਉਹਨਾਂ ਦੇ ਮੂੰਹ ਵੱਲ ਦੇਖਣ ਲੱਗੀ।

"ਕੀਹਨੂੰ ਮੰਨਦੇ ਓ?" ਉਹ ਕੜਕਿਆ।

"ਭਾਈ ਤੁਸੀਂ ਪੁੱਛੋ ਅਸੀਂ ਕੀਹਨੂੰ ਨ੍ਹੀਂ ਮੰਨਦੇ। ਸਭ ਨੂੰ ਮੰਨਦੇ ਆਂ, ਬਾਬੇ ਸ਼ਹੀਦਾਂ ਨੂੰ, ਗੁਰਦੁਆਰੇ ਨੂੰ, ਮਾਈ ਰਾਣੀ ਨੂੰ, ਲਾਲਾਂ ਆਲ਼ੇ ਨੂੰ, ਗੁੱਗੇ ਜਾਹਰ ਪੀਰ ਨੂੰ, ਹਦਰ ਸੇਖ ਨੂੰ, ਉਸ ਖ਼ੁਦਾ ਨੂੰ...।"

ਉਹਨਾਂ ਨੇ ਜਿਵੇਂ ਖੁਦਾ ਦਾ ਨਾਂ ਹੀ ਸੁਣਿਆ ਹੋਵੇ।

"ਇਹਨਾਂ ਮੁਸਲਿਆਂ ਸਾਡੀ ਮਾਂ ਮਾਰ 'ਤੀ ਓਏ।" ਰਾਜੂ ਲਲਕਾਰਾ ਮਾਰ ਕੇ ਬੋਲਿਆ।

ਉਹ ਗਊ, ਗੰਗਾ, ਗੀਤਾ, ਗਾਇਤਰੀ ਦੇ ਅਤੇ ਗਊ ਰਕਸ਼ਾ ਦਲ ਜ਼ਿੰਦਾਬਾਦ ਦੇ ਨਾਅਰੇ ਮਾਰਨ ਲੱਗੇ।

ਮੋਰਾਂ ਆਲ਼ੀ ਆਲ਼ਾ ਲੰਬੜਦਾਰ ਅੱਗੇ ਆਇਆ, ਆਖਣ ਲੱਗਾ, "ਨਿਰੀ ਗਊ ਆ ਡਾਕਦਾਰਨੀ, ਜਾਣਦੇ ਤੁਸੀਂ ਵੀ ਓਂ ਗਾਂ ਦਾ ਇਹ ਹਾਲ਼ ਕੁੱਤਿਆ ਨੇ ਕੀਤਾ, ਜਾਣਦੇ ਅਸੀਂ ਵੀ ਆਂ ਬਈ ਵੋਟਾਂ ਨੇੜੇ ਨੇ। ਸ਼ਾਸਤਰੀ ਦਾ 'ਦੂਆ' ਕੰਪਨੀ 'ਚ ਹਿੱਸਾ, ਜਿਹੜੀ ਸਭ ਤੋਂ ਵੱਧ ਗਊ ਮਾਸ ਬਾਹਰਲੇ ਮੁਲਕਾਂ ਨੂੰ ਭੇਜਦੀ ਆ, ਅਸੀਂ ਇਹ ਵੀ ਜਾਣਦੇ ਆਂ।"

ਪਰ ਉਹ 'ਲੋਕ' ਸਾਡੇ 'ਤੇ ਟੁੱਟ ਪਏ। ਪਿੰਡ ਦੇ ਲੋਕਾਂ ਮਸਾਂ ਛੁਡਾਇਆ। ਅਮਲੀ ਦੇ ਸਿਰ 'ਚ ਸੱਟ ਵੱਜੀ, ਉਹ ਬੇਸੁੱਧ ਹੋ ਗਿਆ। 'ਉਹ ਲੋਕ' ਆਪਣਾ ਕੰਮ ਕਰਕੇ ਤੁਰਦੇ ਬਣੇ। ਪਿੰਡ ਨਾ ਛੁੜਾਉਂਦਾ, ਮਾਰ ਈ ਦਿੰਦੇ।

ਗੱਡੀ ਮੰਗਵਾ ਕੇ ਜ਼ਖ਼ਮੀ ਹੋਈ ਨੂੰ ਮੈਨੂੰ ਤੇ ਅਮਲੀ ਨੂੰ ਗੱਡੀ 'ਚ ਪਾਇਆ, ਮੇਰੇ ਪਈ ਦੇ ਕੰਨਾਂ 'ਚ ਮੋਰਾਂ ਆਲ਼ੀ ਆਲ਼ੇ ਲੰਬੜਦਾਰ ਦੇ ਬੋਲ ਕੰਨੀਂ ਪਏ; "ਇਹਨਾਂ ਪਾਪੀਆ ਸਾਡੀ ਗਰੀਬਾਂ ਦੀ ਡਾਕਦਾਰਨੀ ਮਾਰ ਦੇਣੀ ਸੀ, ਉਧਰ ਮੇਰੀ ਨੂੰਹ ਦਰਦ ਨਾਲ ਤੜਫ ਰਹੀ ਆ। ਮੈਂ ਤਾਂ ਇਹਨੂੰ ਲੈਣ ਆਇਆ ਤੀ। ਹੁਣ ਕੀ ਕਰੀਏ?"

ਮੈਂ ਦਰਦਾਂ ਨਾਲ ਕਰਾਹੁੰਦੀ ਨੇ ਅੱਖ ਪੱਟੀ, ਬੈਠਣ ਲੱਗੀ।

"ਪੈ ਜਾ ਪੈ ਜਾ ਡਾਕਦਾਰਨੀਏ ਸੱਟਾਂ ਬਹੁਤ ਲੱਗੀਆਂ ਨੇ ਤੇਰੇ, ਮੱਲ੍ਹਮ ਪੱਟੀ ਕਰਵਾ ਕੇ ਲਿਆਉਨੇ ਆਂ।" ਲੰਬੜਦਾਰ ਕਹਿ ਰਿਹਾ ਸੀ।

ਮੈਂ ਬੇਹੋਸ਼ ਪਏ ਅਮਲੀ ਵੱਲ ਦੇਖਿਆ। ਰੇਹੜੇ 'ਤੇ ਪਈ ਮਿੱਠੋ ਵੱਲ ਦੇਖਿਆ। ਹੌਲ਼ੀ-ਹੌਲ਼ੀ ਉਠ ਕੇ ਬੈਠ ਗਈ, "ਚੱਲ ਭਾਈ ਪਹਿਲਾਂ ਤੇਰਾ ਕੰਮ ਕਰ ਆਉਨੀ ਆਂ, ਜੇ ਐਂ ਹਸਪਤਾਲ ਚਲੀ ਗਈ, ਮੇਰੀ ਰੂਹ ਨੂੰ ਚੈਨ ਨ੍ਹੀਂ ਆਉਣਾ।... ਸੱਟਾਂ ਦਾ ਕੀ ਆ, ਜਿਵੇਂ ਪਹਿਲੀਆਂ ਠੀਕ ਹੋਗੀਆਂ ਇਹਨਾਂ ਨੂੰ ਵੀ 'ਰਾਮ ਆਜੂ।" ਮੈਂ ਮੋਰਾਂ ਆਲ਼ੀ ਆਲ਼ੇ ਲੰਬੜਦਾਰ ਨੂੰ ਕਿਹਾ। 000

***(ਫੋਨ: +9194633-52107 ਈਮੇਲ: jatinderhaans@gmail.com)***

# ਬਾਈਕਾਟ: ਕਹਾਣੀ: ਗੁਰਮੀਤ ਕੜਿਆਲਵੀ

ਠੋਲ੍ਹੇ ਨੇ ਛੱਤ ਚੋਣ ਨਾਲ ਕੰਧਾਂ ਉਪਰ ਵਗੀਆਂ ਪਾਣੀ ਦੀਆਂ ਘਰਾਲਾਂ ਵੱਲ ਬੇਬਸੀ ਭਰੀਆਂ ਅੱਖਾਂ ਨਾਲ ਵੇਖਿਆ। ਨੀਹਾਂ 'ਚ ਪਾਣੀ ਪੈਣ ਨਾਲ ਚੜ੍ਹਦੇ ਪਾਸੇ ਦੀ ਕੰਧ ਬੈਠ ਗਈ ਸੀ। ਉਸ ਨੇ ਪਹਾੜ ਵਰਗਾ ਹਉਂਕਾ ਖਿੱਚਿਆ।

"ਕਿਉਂ ਬਦਲੇ ਲੈਨੈਂ--।" ਉਸਦੇ ਮੂੰਹ 'ਚੋਂ ਰੱਬ ਨੂੰ ਮੋਟੀ ਸਾਰੀ ਗਾਲ੍ਹ ਆਪ ਮੁਹਾਰੇ ਨਿਕਲ ਗਈ।

ਝੜੀ ਦਾ ਅੱਜ ਚੌਥਾ ਦਿਨ ਸੀ। ਵੀਰਵਾਰ ਦਾ ਮੀਂਹ ਪੈਣਾ ਸ਼ੁਰੂ ਹੋਇਆ ਸੀ। ਲੋਕ ਆਖਦੇ-ਵੀਰਵਾਰ ਦੀ ਲੱਗੀ ਝੜੀ ਔਖੀ ਹਟਦੀ ਹੁੰਦੀ ਐ। ਆਮ ਤੌਰ 'ਤੇ ਇਹਨਾਂ ਦਿਨਾਂ 'ਚ ਕੜਾਕੇਦਾਰ ਧੁੱਪ ਵਰ੍ਹਦੀ। ਗਰਮੀ ਤੋਂ ਬਾਅਦ ਬੱਦਲਵਾਈ ਹੁੰਦੀ ਜਿਸ ਨਾਲ ਹੁੰਮਸ ਜਿਹਾ ਹੁੰਦਾ ਤੇ ਵਿੰਹਦਿਆਂ ਵਿੰਹਦਿਆਂ ਗੜੈਂ ਗੜੈਂ ਹੋਣ ਲੱਗ ਜਾਂਦੀ। ਵੱਟਾਂ ਤੋੜ ਮੀਂਹ ਪੈਂਦਾ, ਪਰਨਾਲੇ ਧਰਲ ਧਰਲ ਵਗਦੇ ਤੇ ਪਾਣੀ ਬਿਨਾਂ ਧਰਤੀ ਦੀ ਪਿਆਸ ਬੁਝਾਏ ਕਿਤੇ ਦੀ ਕਿਤੇ ਰੁੜ੍ਹ ਜਾਂਦਾ। ਪਰ ਹੁਣ-ਹੁਣ ਤਾਂ ਨਿੱਕੀ ਨਿੱਕੀ ਕਣੀ ਪੈ ਰਹੀ ਸੀ। ਮੀਂਹ ਦੇ ਪਾਣੀ ਨੇ ਧਰਤੀ ਦੀ ਹਿੱਕ 'ਤੇ ਹੀ ਸਲਾਭ ਨਹੀਂ ਸੀ ਚਾੜ੍ਹ ਦਿੱਤੀ, ਬਲਕਿ ਉਹ ਧੁਰ ਅੰਦਰ ਤਕ ਰੱਜ ਗਈ ਸੀ।

ਠੋਲ੍ਹੇ ਨੇ ਵਾਣ ਦੀ ਅਲਾਣੀ ਮੰਜੀ 'ਤੇ ਬੇਸੁੱਧ ਪਈ ਬੰਸੋ ਵੱਲ ਤਰਸ ਤੇ ਮੋਹ ਭਰੀਆਂ ਅੱਖਾਂ ਨਾਲ ਵੇਖਿਆ।

"ਐਨਾ ਈ ਸਾਥ ਸੀ ਤੇਰਾ! ਚਲੋ ਫੇਰ ਵੀ ਬਥੇਰੀ ਨਿਭਾਤੀ। ਕਿਤੇ ਥੋੜ੍ਹੀ ਧੰਦ ਪਿੱਟੀ ਤੈਂਅ ਏਸ ਘਰ ਆ ਕੇ। ਹੁਣ ਤਾਂ ਨਰਕ 'ਚੋਂ ---" ਉਸ ਨੇ ਆਖਰੀ ਸ਼ਬਦ 'ਛੁੱਟ ਈ ਜਾਏਂ ਤਾਂ ਚੰਗਾ' ਮੂੰਹ 'ਚ ਈ ਘੁੱਟ ਲਏ। ਘਰਵਾਲੀ ਦੀ ਮੌਤ ਬਾਰੇ ਸੋਚਦਿਆਂ ਠੋਲ੍ਹੇ ਦੇ ਦਿਲ ਨੂੰ ਹੌਲ ਪਿਆ।

ਕੀ ਕਰਾਂ ? ਤੈਨੂੰ ਆਏਂ ਜੂਨ ਵਰੋਲਦੀ ਵੀ ਤਾਂ ਦੇਖਿਆ ਨ੍ਹੀ ਜਾਂਦਾ। ਨਾ ਹੂੰ—ਨਾ ਹਾਂ !" ਮਨ 'ਚ ਆਏ ਬੁਰੇ ਖਿਆਲਾਂ ਬਾਰੇ ਠੋਲ੍ਹੇ ਨੇ ਜਿਵੇਂ ਬੰਸੋ ਤੋਂ ਮੁਆਫੀ ਮੰਗੀ।

ਹੈਗੀ ਤਾਂ ਔਖੀਓਂ ਈ---ਪਰ ਜੇ ਔਖੀ ਸੌਖੀ ਕੁਛ ਦਿਨ ਕੱਢਜੇਂ, ਚੰਗਾ ਈ ਐ। ਸ਼ੈਂਤ ਉਦੋਂ ਨੂੰ ਘਾਣੀ ਕਿਸੇ ਸਿਰੇ ਬੰਨੇ ਲੱਗਜੇ? ਸ਼ੈਂਤ ਪਿੰਡ ਆਲ਼ਿਆਂ ਦਾ ਮਨ ਭੌਂਅ ਪਏ? ਕੀ ਪਤਾ ਨੈਬੇ ਅਰਗਿਆਂ ਦਾ ਈ ਡਮਾਕ ਟਿਕਾਣੇ ਆਜੇ?" ਠੋਲ੍ਹੇ ਨੂੰ ਨੈਬ 'ਤੇ ਰਹਿ ਰਹਿ ਕੇ ਗੁੱਸਾ ਆਉਂਦਾ। ਗੁੱਸੇ ਦੀ ਇਹ ਘੁੰਮੇਰ ਕਈ ਦਿਨਾਂ ਤੋਂ ਉਸਦੇ ਦਿਮਾਗ਼ ਨੂੰ ਚੜ੍ਹਦੀ ਆ ਰਹੀ ਸੀ।

ਨੈਬਾ ਮਜ਼ਦੂਰ ਧਿਰ ਦਾ ਮੁਹਰੈਲੀ ਸੀ ਜਿਸਨੇ ਝੋਨੇ ਦੀ ਵੱਧ ਲਵਾਈ ਦਾ ਮੁੱਦਾ ਚੁੱਕਿਆ ਸੀ। ਬਾਈਕਾਟ ਤੋਂ ਬਾਅਦ ਬਹੁਤੇ ਘਰ ਕੰਮ ਕਰਨ ਲਈ ਸਾਕ ਸਕੀਰੀਆਂ ਵਾਲੇ ਦੂਜੇ ਪਿੰਡਾਂ 'ਚ ਵਗ ਗਏ ਸਨ। ਕੁੱਝ ਬੰਦੇ ਸ਼ਹਿਰ ਉਸਾਰੀ ਦੇ ਕੰਮ ਲਈ ਮਿਸਤਰੀਆਂ ਨਾਲ ਜਾ ਲੱਗੇ। ਠੋਲ੍ਹੇ ਦੇ ਆਪਣੇ ਪੁੱਤਾਂ, ਨੂੰਹਾਂ ਤੇ ਉਹਨਾਂ ਦੇ ਜੁਆਕਾਂ ਨੂੰ ਦੂਜੇ ਪਿੰਡਾਂ 'ਚ ਝੋਨਾ ਲਾਉਣ ਲਈ ਜਾਣਾ ਪੈ ਰਿਹਾ ਸੀ।

-ਨਾ ਭਲਾ ਕੀ ਲੋੜ ਸੀ ਐਨਾ ਉੱਦਮੂਲ ਖੜ੍ਹਾ ਕਰਨਾ ਦੀ? ਕੰਜਰ ਆਪ ਤਾਂ ਸੈਂਕਲ ਚੱਕ ਕੇ ਸ਼ਹਿਰ ਵਗ ਜਾਊ ਮਿਸਤਰੀਆਂ ਨਾਲ ਦਿਹਾੜੀ ਮਜ਼ਦੂਰੀ ਕਰਨ, ਪਿੰਡ ਦੇ ਬਾਕੀ ਗਰੀਬ ਗੁਰਬੇ ਦਾ ਕੀ ਬਣੂ? ਐਨੀ ਗੱਲ ਕਾਹਨੂੰ ਸੋਚੀ ਹੋਊ? ਅਖੇ ਜੀ ਹਮ ਤੋ ਝੋਨੇ ਕੀ ਲਵਾਈ ਕੇ ਐਨੇ ਈ ਲਮੇਂਗੇ। ਲੈ ਲੋ ਖੜਕਦੇ ਖੜਕਦੇ। ਵੇਖਿਓ ਕਿਤੇ ਲੋਟਾਂ 'ਚ ਭਾਨ ਨਾ ਪੈਜੇ। ਅਗਲਿਆਂ ਨੇ ਜਮਾ ਈ ਝੱਗਾ ਚੱਕਤਾ। ਲਵਾਈ ਪਿਛਲੇ ਸਾਲ ਨਾਲੋਂ ਤਾਂ ਕੀ ਵਧਾਉਣੀ ਸੀ-ਉਲਟਾ ਬਾਈਕਾਟ ਈ ਠੋਕਤਾ। ਹੁਣ ਤੁਰੇ ਫਿਰੋ ਕੰਮ ਧੰਦੇ ਆਸਤੇ ਬਾਹਰਲੇ ਪਿੰਡਾਂ 'ਚ ਖੁੱਚਾਂ ਕਢਾਉਂਦੇ।" ਠੋਲ੍ਹੇ ਨੂੰ ਨੈਬ

ਅਤੇ ਉਸਦੇ ਸਾਥੀਆਂ ਦਾ ਫੈਸਲਾ ਉੱਕਾ ਹੀ ਮੂਰਖਾਨਾ ਲੱਗਦਾ ਸੀ।

ਉਂ ਪਿੰਡ ਆਲ਼ੇ ਕਿਹੜਾ ਕੁਛ ਸੋਚਦੇ ਵਿਚਾਰਦੇ---ਮੰਘਿਆਈ ਕਿੱਥੋਂ ਦੀ ਕਿੱਥੇ ਤੁਰਗੀ। ਸੌ ਦਾ ਲੋਟ ਤਾਂ ਸਮਝ ਲੈ ਵਈ ਦਸਾਂ 'ਚ ਈ ਚੱਲਦਾ। ਝੋਨੇ ਦੀ ਲਵਾਈ ਓਥੇ ਦੀ ਓਥੇ ਖੜ੍ਹੀ ਐ ਕੈਅ ਸਾਲਾਂ ਦੀ। ਐਸ ਗੱਲੋਂ ਤਾਂ ਨੈਬੇ ਅਰਗੇ ਵੀ ਸੱਚੇ ਈ ਪਿੱਟਦੇ।" ਕਦੇ ਠੋਲ੍ਹੇ ਨੂੰ ਨੈਬੇ ਹੋਰੀਂ ਪਿੰਡ ਵਾਲਿਆਂ ਨਾਲੋਂ ਜ਼ਿਆਦਾ ਸਹੀ ਲੱਗਦੇ।

ਬਾਕੀ ਘੱਟ ਕੋਈ ਵ੍ਹਨੀ। ਦੋਵੇਂ ਧਿਰਾਂ ਈ ਲੀੜਿਆਂ 'ਚੋਂ ਬਾਹਰ ਹੋਈਆਂ ਫਿਰਦੀਆਂ। ਝਉਂ ਕੇ ਤਾਂ ਕੋਈ ਰਾਜੀ ਈ ਨ੍ਹੀ। ਐਹੇ ਜਾ ਕਿਹੜਾ ਮਸਲਾ ਹੁੰਦਾ ਜਿਹੜਾ ਬਹਿ ਕੇ ਹੱਲ਼ ਨੀ ਹੁੰਦਾ। ਕਤਲਾਂ ਦੇ ਵੀ ਰਾਜੀਨਾਮੇ ਹੋ ਜਾਂਦੇ ਐ-ਇਹ ਕਿੱਡੀ ਕੁ ਗੱਲ ਐ? ਪਰ ਨਾ ਜੀ---ਘਰੋ ਘਰੀ ਆਗੂ ਹੋਏ ਪਏ ਐ। ਆਗੂ ਨ੍ਹੀ ਹੋਏ ਤਾਂ।" ਠੋਲੇ ਦੇ ਮੱਥੇ ਉੱਤਲੇ ਵੱਟ ਸੰਘਣੇ ਹੋ ਗਏ।

_ਏਹ ਕਹਿੰਦੇ ਐਨੇ ਈ ਲੈਣੇ ਲਵਾਈ ਦੇ—ਓਹ ਕਹਿੰਦੇ ਪਿਛਲੀ ਵਾਰ ਨਾਲੋਂ ਧੇਲਾ ਵੱਧ ਨ੍ਹੀ ਦੇਣਾ। ਸੱਪ ਵਾਂਗੂੰ ਫੰਨ ਖਿਲਾਰੀ ਖੜ੍ਹੇ। ਐਂ ਕਿਮੇ ਚੱਲੂ? ਕੋਈ ਨਗਰ ਖੇੜੇ ਆਲ਼ੀ ਗੱਲ ਤਾਂ ਨਾ ਰਹੀ ਨਾ ਫਿਰ। ਆਏਂ ਤਾਂ ਪਿੰਡ ਜਮਾ ਈ ਮਰ ਮੁੱਕਜੂ। ਪੁੱਛਣ ਆਲ਼ਾ ਹੋਵੇ-ਆਏਂ ਕਿਤੇ ਸਰਦਾ ਇਕ ਦੂਜੇ ਬਿਨਾਂ?" ਠੋਲ੍ਹੇ ਨੂੰ ਪਿੰਡ ਵਾਲਿਆਂ ਵੱਲੋਂ ਕੀਤੇ ਬਾਈਕਾਟ ਕਾਰਨ ਭਾਈਚਾਰਕ ਸਾਂਝ ਟੁੱਟਣ ਦਾ ਝੋਰਾ ਤੋੜ ਤੋੜ ਖਾਂਦਾ।

ਚੰਗੇ ਭਲੇ ਵਸਦੇ ਰਸਦੇ ਹੁੰਦੇ, ਥੋੜ੍ਹੇ ਕੁ ਸਾਲਾਂ ਮਗਰੋਂ ਪਤਾ ਨ੍ਹੀ ਕੀ ਬਿੱਜ ਆ ਪੈਂਦੀ ਪਿੰਡ 'ਤੇ।" ਠੋਲ੍ਹੇ ਨੇ ਅੱਖਾਂ 'ਤੇ ਹੱਥਾਂ ਦਾ ਛੱਪਰ ਬਣਾ ਕੇ ਚੜ੍ਹਦੇ ਪਾਸੇ ਦੇ ਘਰਾਂ ਵੱਲ ਨਿਗਾਹ ਮਾਰੀ, ਪਿੰਡ ਜਿਵੇਂ ਘੂਕ ਸੁੱਤਾ ਪਿਆ ਸੀ। ਠੋਲ੍ਹੇ ਨੂੰ ਪਹਾੜ ਵਾਲੇ ਪਾਸਿਓਂ ਕਾਲ਼ਾ ਸ਼ਾਹ ਬੱਦਲ਼ ਚੜ੍ਹਿਆ ਆਉਂਦਾ ਜਾਪਿਆ। ਉਸਦਾ ਅੰਦਰ ਕੰਬ ਗਿਆ। ਕਈ ਵਰ੍ਹੇ ਪਹਿਲਾਂ ਵਾਪਰੀ ਘਟਨਾ ਉਸਦੀਆਂ ਅੱਖਾਂ ਅੱਗੋਂ ਲੰਘ ਗਈ।

ਰਵੰਸ ਕੁਰੇ! ਓਦੋਂ ਵੀ ਆਹੀ ਦਿਨ ਸੀਗੇ। ਝੋਨੇ ਦੀ ਲਵਾਈ ਦੇ ਰੇਟਾਂ ਨੂੰ ਲੈ ਕੇ ਖਾਸਾ ਰੱਫੜ ਪਿਆ ਸੀਗਾ। ਦੋਏ ਧਿਰਾਂ ਤਣਕੇ ਖੜ੍ਹ ਗਈਆਂ ਸੀਗੀਆਂ ਇਕ ਦੂਏ ਮੂਹਰੇ। ਗੁਰੂ ਘਰ ਦੇ ਸਪੀਕਰ ਤੋਂ ਵਿਹੜੇ ਆਲ਼ਿਆਂ ਦੇ ਬਾਈਕਾਟ ਦੀਆਂ ਲੌਸਮੈਂਟਾਂ ਹੋਗੀਆਂ। ਪਿੰਡ ਆਲ਼ਿਆਂ ਨੇ ਮਤਾ ਪਾਸ ਕਰਕੇ ਗਰੀਬ ਗੁਰਬੇ ਨੂੰ ਖੇਤਾਂ ਬੰਨਿਆਂ 'ਚ ਵੜਨੋਂ ਡੱਕਤਾ। ਅੱਜ ਤਾਂ ਹਜੇ ਹੋਰ ਗੱਲ ਐ-ਓਦੋਂ ਤਾਂ ਸਾਰਾ ਗਰੀਬ ਗੁਰਬਾ ਸੀਗਾ ਈ ਖੇਤਾਂ ਆਸਰੇ। ਯਾਦ ਈ ਹੋਊ ਤੈਨੂੰ?" ਠੋਲ੍ਹੇ ਨੇ ਘਰਵਾਲੀ ਤੋਂ ਹੁੰਗਾਰਾ ਭਰਾਉਣਾ ਚਾਹਿਆ ਪਰ ਹਰਬੰਸ ਕੌਰ ਤਾਂ ਉੱਕਾ ਈ ਬੇਸੁੱਧ ਪਈ ਸੀ।

ਲੋਕ ਜੰਗਲ ਪਾਣੀ ਜਾਣ ਤੋਂ ਵੀ ਔਖੇ ਹੋਗੇ। ਕਿੱਲਿਆਂ ਨਾਲ ਬੰਨ੍ਹੇ ਪਸ਼ੂ ਭੁੱਖ ਨਾਲ ਅੜਿੰਗਣ ਲੱਗੇ। ਬੇਜ਼ੁਬਾਨਿਆਂ ਦਾ ਹਊ ਕੁਰਲਾਪ ਦੇਖਿਆ ਨਾ ਜਾਏ। ਜਾਣੀਦਾ ਜਾਨ ਮੁੱਠੀ 'ਚ ਆਗੀ। ਉੱਤੋਂ ਪਿੰਡ ਆਲ਼ਿਆਂ ਦੀਆਂ ਦਿਲ ਸਾੜਵੀਆਂ ਗੱਲਾਂ ਅੰਦਰ ਚੀਰਦੀਆਂ ਜਾਣ-ਅਖੇ ਦੋ ਦਿਨਾਂ 'ਚ ਈ ਮਿਆਂਕ ਪੈਣਗੇ। ਗੋਡੇ ਰਗੜ ਰਗੜ ਕੇ ਮਾਫ਼ੀਆਂ ਮੰਗਣਗੇ। ਪਾਣੀ ਤਾਂ ਪੁਲਾਂ ਥੱਲਿਓਂ ਈ ਵਗਣਾ।"

ਦੂਜੇ ਪਾਸਿਓਂ ਵਿਹੜੇ ਵਾਲੇ ਕਿਹੜਾ ਘੱਟ ਸੀਗੇ ਕਿਸੇ ਦੀ ਧੀ ਭੈਣ ਨਾਲੋਂ। ਉਹ ਅੱਡ ਆਖਣ, 'ਵੇਖਲਾਂਗੇ ਸਾਡੇ ਬਿਨਾਂ ਸਾਰਦਿਆਂ ਨੂੰ। ਜਿਹੜੀਆਂ ਜਨਾਨੀਆਂ ਸਾਰੀ ਸਾਰੀ ਦਿਹਾੜੀ ਖੁਰਿਆਂ 'ਤੇ ਅੱਡੀਆਂ ਕੂਚਦੀਆਂ, ਉਹ ਤਾਂ ਝੋਨਾ ਲਾਉਣੋਂ ਰਹੀਆਂ। ਆਖਰ ਨੂੰ ਤਾਂ ਅਸੀਂਓਂ ਕੰਮ ਆਉਣਾ।" ਸਾਲਾਂ ਦੇ ਸਾਲ ਬੀਤ ਜਾਣ 'ਤੇ ਵੀ ਠੋਲ੍ਹੇ ਨੂੰ ਸਾਰੀਆਂ ਗੱਲਾਂ ਇੰਨ ਬਿੰਨ ਯਾਦ ਸਨ।

ਵਿਹੜੇ ਆਲ਼ੇ ਇਕ ਦੂਏ ਨੂੰ ਹੱਲਾਸ਼ੇਰੀ ਦੇਈ ਜਾਣ, 'ਬੱਸ ਜਿਮੇ ਕਿਮੇ ਕੱਢਲੋ ਚਾਰ ਦਿਨ ਔਖੇ ਸੌਖੇ। ਭਿਆਂ ਬੋਲ ਜਾਣੀ ਪਿੰਡ ਆਲ਼ਿਆਂ ਦੀ। ਸਰਨਾ ਨੀ ਆਪਣੇ ਬਿਨਾਂ।' ਰਵੰਸ ਕੁਰੇ, 'ਆਪਣਾ ਇਕ ਦੂਏ ਬਿਨਾਂ ਨ੍ਹੀ ਸਰਨਾ' ਆਲ਼ੀ 'ਵਾਜ ਤਾਂ ਕਿਸੇ ਪਾਸਿਓਂ ਆਉਂਦੀਓ ਨ੍ਹੀ

ਸੀਗੀ। ਕੋਈ ਤਾਂ ਕਿਸੇ ਪਾਸਿਓਂ ਤਾਂ ਹਾਅ ਦਾ ਨਾਅਰਾ ਮਾਰਦਾ। ਦੋਏ ਧਿਰਾਂ ਨੂੰ ਇਕ ਥਾਏਂ ਬਹਾ ਕੇ ਸਮਝੌਤਾ ਕਰਾਉਣ ਵੱਲ ਵੀ ਨਾ ਆਇਆ। ਪਿੰਡ ਤਾਂ ਜਿਮੇਂ ਉੱਕਾ ਈ ਬਿਗਾਨਾ ਹੋ ਗਿਆ ਸੀਗਾ।" ਠੋਲ੍ਹੇ ਨੇ ਗਲ਼ੇ 'ਚ ਆ ਫਸਿਆ ਬਲਗਮ ਦਾ ਲੋਥੜਾ ਦੂਰ ਵਿਹੜੇ 'ਚ ਵਗਾਹ ਮਾਰਿਆ।

ਉਂ ਵੇਖਿਆ ਜਾਏ, ਹੱਕ 'ਚ ਆਉਂਦਾ ਵੀ ਕੌਣ? ਪਿੰਡ ਦੇ ਗੁਰਮੁੱਖ ਸਿਓਂ ਅਰਗੇ ਦਾਨੇ ਬਾਨੇ ਬੰਦੇ ਤਾਂ ਮੰਜੇ ਨਾਲ ਮੰਜਾ ਹੋਏ ਪਏ ਸਨ। ਘਰਾਂ ਦੀ ਵਾਗਡੋਰ ਆਗੀ ਨਵੇਂ ਛੋਹਰਾਂ ਹੱਥੀਂ। ਉਹਨਾਂ ਨੂੰ ਕੀ ਪਤਾ ਵ੍ਹੀ ਪਿੰਡ ਦੀ ਭੋਂਇੰ 'ਚ ਗਰੀਬ ਗੁਰਬੇ ਦਾ ਵੀ ਮੁੜ੍ਹਕਾ ਡੁੱਲ੍ਹਿਆ। ਹੋਰ ਐਮੇਂ ਤਾਂ ਨ੍ਹੀ ਟਿੱਬਿਆਂ 'ਚ ਵੀ ਝਰਮਲ ਝਰਮਲ ਹੋਣ ਲੱਗਗੀ।" ਠੋਲ੍ਹੇ ਨੂੰ ਲੱਗਿਆ ਜਿਵੇਂ ਬੰਸੋ ਬੋਲੀ ਹੋਵੇ ਪਰ ਉਹ ਤਾਂ ਜਵਾਂ ਚੁੱਪ ਤਾਣੀ ਪਈ ਸੀ। ਆਵਾਜ਼ ਤਾਂ ਠੋਲ੍ਹੇ ਦੇ ਆਪਣੇ ਅੰਦਰੋਂ ਆਈ ਸੀ।

ਰਵੰਸ ਕੁਰੇ ਵਿਹੜੇ ਵਾਲੇ ਆਖਦੇ, 'ਮਸਟਰ ਮਹਿੰਦਰ ਸਿਹੁੰ ਜਾਣ ਬੁੱਝ ਕੇ ਟਲ਼ ਗਿਆ। ਉਹ ਤਾਂ ਕਈ ਦਿਨਾਂ ਦਾ ਪਿੰਡ 'ਚ ਦਿਖਿਆ ਈ ਨਹੀਂ।' ਲੋਕਾਂ ਦੀਆਂ ਗੱਲਾਂ ਸੁਣ ਸੁਣ ਕੇ ਤੇਰੇ ਦਿਲ ਨੂੰ ਘੁਮੇਰ ਚੜ੍ਹਦੀ। ਤੇਰੀਆਂ ਆਖੀਆਂ ਗੱਲਾਂ ਮੈਨੂੰ ਅੱਜ ਵੀ ਯਾਦ ਐ, 'ਮਰੀਕੇ ਦੇ ਚਾਚਾ, ਮੇਰਾ ਮਨ ਨ੍ਹੀ ਮੰਨਦਾ। ਮਸਟਰ ਟਲ਼ ਨ੍ਹੀ ਸਕਦਾ। ਦੋਆਂ ਜੀਆਂ ਦੇ ਦਿਲ 'ਚ ਤਾਂ ਗਰੀਬਾਂ ਆਸਤੇ ਹੈਦਿਆ ਈ ਬਾਹਲੀ ਐ। ਉਹਨਾਂ ਦੋਆਂ ਜੀਆਂ ਨੇ ਜਨੂਰ ਵਿਹੜੇ ਆਲ਼ਿਆਂ ਦੇ ਹੱਕ 'ਚ ਡੱਕਾ ਸਿੱਟਣਾ ਸੀਗਾ। ਮਸਟਰ ਹੁੰਦਾ ਆਹ ਨੌਬਤ ਨ੍ਹੀ ਸੀ ਆਉਣੀ।' ਤੂੰ ਲੋਕਾਂ ਨੂੰ ਵੀ ਏਹੀ ਆਖਦੀ ਫਿਰਦੀ ਸੀਗੀ।"

ਤੂੰ ਮੈਂ ਕੀਹਨੂੰ ਕੀਹਨੂੰ ਸਮਝਾਉਂਦੇ? ਲੋਕ ਆਂਹਦੇ, 'ਆਖਰ ਨੂੰ ਮਸਟਰ ਨੇ ਵੀ ਆਵਦੇ ਸ਼ਰੀਕੇ ਕਬੀਲੇ 'ਚ ਰਹਿਣਾ। ਬਾਹਰ ਥੋੜ੍ਹੀ ਹੋਜੂ ? ਅਗਲਿਆਂ ਗੁਰਦੁਆਰੇ ਬਹਿ ਕੇ ਸੌਂਹ ਪੁਆਈ ਐ। ਜੀਹਨੇ ਵਿਹੜੇ ਆਲ਼ਿਆਂ ਦਾ ਸਾਥ ਦਿੱਤਾ-ਅਗਲਿਆਂ ਭੌਂਅ ਭਾਂਡਾ ਤਿਆਗ ਦੇਣਾ।' ਜਿੰਨੇ ਮੂੰਹ ਓਨੀਆਂ ਈ ਗੱਲਾਂ ਸੀਗੀਆਂ।" ਠੋਲ੍ਹੇ ਨੇ ਪਰਨੇ ਦੀ ਝੱਲ ਮਾਰ ਕੇ ਬੰਸੋ ਦੇ ਮੂੰਹ 'ਤੇ ਭਿਣਕਦੀਆਂ ਮੱਖੀਆਂ ਨੂੰ ਉਡਾਇਆ।

ਵੇਖੀਂ ਕਿਤੇ ---ਬੁੜ੍ਹੀ ਹਰਨਾਮੀ ਵਾਲੀ ਨਾ ਹੋਵੇ ਤੇਰੇ ਨਾਲ।" ਠੋਲ੍ਹੇ ਨੇ ਹਰਬੰਸ ਕੌਰ ਨੂੰ ਸੁਣਾਉਣ ਲਈ ਆਵਾਜ਼ ਉੱਚੀ ਕੀਤੀ। ਉਸਨੂੰ ਕਈ ਵਰ੍ਹੇ ਪਹਿਲਾਂ ਹੋਏ ਬਾਈਕਾਟ ਦੇ ਦਿਨਾਂ 'ਚ ਬੁੜ੍ਹੀ ਹਰਨਾਮੀ ਦੇ ਮਰਨ ਵਾਲੀ ਘਟਨਾ ਚੇਤੇ ਆਈ ਸੀ।

ਉਦੋਂ ਵੀ ਅੱਜ ਵਾਂਗੂੰ ਈ ਝੜੀ ਲੱਗੀ ਸੀ। ਵਿਹੜੇ ਦੇ ਕੱਚੇ ਘਰ ਦੜੈਂ ਦੜੈਂ ਕਰਕੇ ਡਿੱਗੇ ਸਨ। ਪਾਲੂ ਟੈਟ ਦੇ ਕੱਚੇ ਘਰ ਦੀ ਕੰਧ ਦੇ ਡਿੱਗਣ ਦਾ ਖੜਾਕ ਅੱਧੇ ਪਿੰਡ ਨੇ ਸੁਣਿਆ ਸੀ। ਖੜਾਕ ਸੁਣਦਿਆਂ ਹੀ, ਕਈ ਦਿਨਾਂ ਤੋਂ ਮੰਜੇ 'ਤੇ ਹੱਡ ਗੋਡੇ ਰਗੜਦੀ ਹਰਨਾਮੀ ਦਾ ਭੌਰ ਲੰਮੀ ਉਡਾਰੀ ਮਾਰ ਗਿਆ। ਉਸਦੀ ਲਾਸ਼ ਤਿੰਨ ਦਿਨ ਧਰਮਸ਼ਾਲਾ ਦੀ ਚੋਂਦੀ ਛੱਤ ਦੇ ਥੱਲੇ ਹੀ ਪਈ ਰਹੀ। ਪਿੰਡ 'ਚੋਂ ਨਾ ਤਾਂ ਸੁੱਕਾ ਬਾਲਣ ਹੀ ਮਿਲਿਆ ਤੇ ਨਾ ਹੀ ਸਸਕਾਰ ਕਰਨ ਲਈ ਸਿਵਿਆਂ 'ਚ ਜਗ੍ਹਾ ਮਿਲੀ ਸੀ। ਪਿੰਡ ਆਲ਼ਿਆਂ ਨੇ ਸਾਂਝੇ ਸਿਵਿਆਂ 'ਚ ਸਸਕਾਰ ਕਰਨੋਂ ਡੱਕ ਦਿੱਤਾ। ਹਰਨਾਮੀ ਦੀ ਲਾਸ਼ ਦਾ ਮੁਸ਼ਕ ਵਿਹੜੇ ਦੇ ਘਰਾਂ 'ਚੋਂ ਨਿਕਲ ਕੇ ਪਿੰਡ ਦੇ ਚੜ੍ਹਦੇ ਪਾਸੇ ਦੇ ਘਰਾਂ ਵੱਲ ਨੂੰ ਹੋ ਤੁਰਿਆ ਸੀ।

ਵਿਹੜੇ ਦੇ ਬੰਦਿਆਂ ਨੂੰ ਕੁੱਝ ਸਮਝ ਨਹੀਂ ਸੀ ਆ ਰਹੀ। ਉਹਨਾਂ ਸਾਰਿਆਂ ਦੇ ਚਿਹਰਿਆਂ 'ਤੇ, "ਜੇ ਨੇੜੇ ਤੇੜੇ ਦਰਿਆ ਵਗਦਾ ਹੁੰਦਾ ਤਾਂ ਮੁਰਦੇ ਨੂੰ ਦਰਿਆ ਬੁਰਦ ਈ ਕਰ ਦਿੰਦੇ। ਹੁਣ ਕੀ ਕੀਤਾ ਜਾਵੇ ?" ਦਾ ਸਵਾਲ ਲਟਕਣ ਲੱਗਾ ਸੀ।

ਚਿੰਤਾ ਨਾਲ ਘਿਰੇ ਚਿਹਰੇ ਇਕ ਪਾਸਿਓਂ ਨਹੀਂ ਕਈ ਪਾਸਿਆਂ ਤੋਂ ਘਿਰ ਗਏ ਸਨ। ਵਿਹੜੇ ਦੇ ਮੁਹਰੈਲੀ ਪ੍ਰਸ਼ਾਸਨ ਨੂੰ ਅਰਜੀ ਵੀ ਦੇ ਆਏ ਸਨ ਜਿਸ 'ਤੇ ਉਹਨਾਂ ਦੀਆਂ ਅੱਖਾਂ ਪੂੰਝਣ ਲਈ ਪਹਿਲਾਂ ਬੀ ਡੀ ਪੀ ਓ ਤੇ ਫਿਰ ਤਹਿਸੀਲਦਾਰ ਗੇੜਾ ਮਾਰ ਕੇ ਆਪਣੀ ਕਾਰਵਾਈ ਪਾ ਗਏ ਸਨ।

ਜਦੋਂ ਸਾਰਾ ਵਿਹੜਾ 'ਹੁਣ ਕੀ ਕਰੀਏ? ਹੁਣ ਕਿਧਰ ਜਾਈਏ?' ਦੀ ਘੁੰਮਣਘੇਰੀ 'ਚ ਉਲਝਿਆ ਪਿਆ ਸੀ, ਉਦੋਂ ਹੀ ਮਹਿੰਦਰ ਮਾਸਟਰ ਕਿਧਰੋਂ ਆ ਬਹੁੜਿਆ ਸੀ, "ਚੱਕੋ ਲਾਸ਼— ਮੇਰੇ ਖੇਤਾਂ 'ਚ ਸਸਕਾਰ ਹੋਊ। ਬਾਲਣ ਜਿੰਨਾ ਚਾਹੀਦਾ ਸਾਡੇ ਦਲਾਨ 'ਚੋਂ ਲੈ ਆਓ।"

ਹਰਨਾਮੀ ਦਾ ਸਸਕਾਰ ਉਸਦੀ ਮੌਤ ਤੋਂ ਚੌਥੇ ਦਿਨ ਹੋ ਸਕਿਆ ਸੀ। ਵਿਹੜੇ ਦੇ ਸਿਆਣੇ ਬਿਆਣੇ ਦਾੜ੍ਹੀਆਂ ਵਾਲੇ ਬੰਦੇ ਮਾਸਟਰ ਮਹਿੰਦਰ ਦੇ ਗਲ਼ ਲੱਗ ਕੇ ਰੋ ਪਏ ਸਨ। ਭੁੱਖ ਨਾਲ ਤੜਫਦੇ ਪਸ਼ੂਆਂ ਨੂੰ ਚੌਥੇ ਦਿਨ ਪੱਠੇ ਨਸੀਬ ਹੋਏ ਸਨ।

ਰਵੰਸ ਕੁਰੇ—-ਸਮਝ ਲੈ ਮਸਟਰ ਨੇ ਬੜੀ ਵੱਡੀ ਲਾਹਨਤ ਪਿੰਡ ਦੇ ਲੋਕਾਂ 'ਤੇ ਪਾਈ ਸੀਗੀ। ਲੋਕਾਂ ਨੇ ਵੀ ਆਵਦੇ ਅੰਦਰੋਂ ਕੁਛ ਨਾ ਕੁਛ ਟੁੱਟਦਾ ਮਸੂਸ ਕੀਤਾ। ਐਂ ਕਿਤੇ ਪਿੰਡ ਵਸਤੀ ਟੁੱਟਿਆ ਜਾਂਦੈ? ਵੇਖਾ ਵੇਖੀ ਹੋਰ ਲੋਕ ਵੀ ਢੈਲ਼ੇ ਪੈਗੇ। ਹਰਨਾਮੀ ਦਾ ਫਸੋਸ ਕਰਨ ਦੇ ਬਹਾਨੇ ਪਿੰਡ ਆਲ਼ੇ ਉਹਨਾਂ ਦੇ ਘਰ ਆਗੇ। ਬਾਈਕਾਟ ਟੁੱਟ ਗਿਆ। ਓਸ ਨਰ ਬੰਦੇ ਕਰਕੇ ਪਿੰਡ 'ਚ ਠੰਡੀ ਮਿੱਠੀ ਹਵਾ ਦੇ ਬੁੱਲੇ ਵਗਣ ਲੱਗੇ ਸੀਗੇ। ਐਹੇ ਜ੍ਹੇ ਬੰਦੇ ਕਿਤੇ ਨਿੱਤ ਨਿੱਤ ਜੰਮਦੇ ?" ਮਾਸਟਰ ਨੂੰ ਯਾਦ ਕਰਦਿਆਂ ਠੋਲ੍ਹੇ ਦਾ ਗਲ਼ਾ ਭਰ ਆਇਆ ਸੀ।

ਹੁਣ ਕੀ ਹੋਊ? ਬਾਈਕਾਟ ਤਾਂ ਓਨ੍ਹਾਂ ਦਿਨਾਂ ਆਂਗੂੰ ਚੱਲੀ ਜਾਂਦਾ। ਉਦੋਂ ਆਂਗੂੰ ਈ ਮੀਂਹ ਪਈ ਜਾਂਦਾ। ਡੰਗਰ ਵੱਛਾ ਵੀ ਓਕਣ ਈ ਭੁੱਖ ਨਾ' ਵਿਲਕੀ ਜਾਂਦਾ। ਉਦੋਂ ਮੰਜੇ 'ਤੇ ਹਰਨਾਮੀ ਬੁੜ੍ਹੀ ਪਈ ਸੀ-ਹੁਣ ਮੇਰੀ ਜਾਨ ਅੜੀ ਪਈ ਐ ਸੰਘ 'ਚ। ਜੇ ਕੁਛ ਹੋ ਕਰ ਗਿਆ, ਥੋਨੂੰ ਤਾਂ ਮਿੱਟੀ ਕਿਉਂਟਣੀ ਵੀ ਔਖੀ ਹੋਜੂ।" ਠੋਲ੍ਹੇ ਨੂੰ ਲੱਗਾ ਜਿਵੇਂ ਹਰਬੰਸ ਕੌਰ ਬੋਲੀ ਹੋਵੇ। ਉਹ ਅੱਖਾਂ ਖੋਹਲ ਕੇ ਹੈਰਾਨੀ ਨਾਲ ਬੰਸੋ ਵੱਲ ਝਾਕਿਆ। ਉਹ ਤਾਂ ਲੰਮੀ ਚੁੱਪ ਵੱਟੀ ਪਈ ਸੀ। ਇਹ ਆਵਾਜ਼ ਤਾਂ ਉਸਦੇ ਆਪਣੇ ਅੰਦਰੋਂ ਹੀ ਆਈ ਸੀ।

ਕਿੱਲੇ ਨਾਲ ਬੱਝੀ ਅੱਠ ਮਹੀਨਿਆਂ ਦੀ ਗੱਭਣ ਝੋਟੀ ਆਵਾਗੌਣ ਹੀ ਕਿੱਲੇ ਦੁਆਲ਼ੇ ਗੇੜੇ ਦਿੰਦੀ, ਮੂੰਹ ਉੱਪਰ ਚੁੱਕ ਕੇ 'ਔਂ ਔਂ' ਦੀ ਆਵਾਜ਼ ਕੱਢਦੀ ਸਿੰਗਾਂ ਨਾਲ ਵਾਰ ਵਾਰ ਕਿੱਲੇ ਨੂੰ ਠਕੋਰੀ ਜਾਂਦੀ ਸੀ। ਠੋਲ੍ਹੇ ਤੋਂ ਝੋਟੀ ਦੀ ਭੁੱਖ ਜਰੀ ਨਾ ਗਈ।

'ਬੇਜਬਾਨ ਜੀਆਂ ਦਾ ਪਾਪ ਮਾਰਜੂ' ਝੋਟੀ ਵੱਲ ਵੇਖਦਿਆਂ ਠੋਲ੍ਹੇ ਨੇ ਅੱਖਾਂ ਦੇ ਕੋਇਆਂ 'ਚ ਉੱਤਰ ਆਇਆ ਪਾਣੀ ਸਾਫ਼ ਕੀਤਾ। ਇਹ ਝੋਟੀ ਨਿੰਮ ਵਾਲਿਆਂ ਤੋਂ ਅਧਿਆਰੇ 'ਤੇ ਲਿਆਂਦੀ ਸੀ। ਉਸਦਾ ਜੀਅ ਕੀਤਾ ਹੁਣੇ ਨਿੰਮ ਵਾਲਿਆਂ ਦੇ ਘਰ ਜਾਵੇ ਤੇ ਉਹਨਾਂ ਨੂੰ ਦੱਸੇ ਕਿ ਥੋਡੀ ਝੋਟੀ ਦਾ ਭੁੱਖ ਨਾਲ ਬੁਰਾ ਹਾਲ ਐ। ਹੋ ਸਕਦਾ ਪੰਡ ਚਾਰੇ ਦੀ ਈ ਦੇ ਦੇਣ।

ਆਹ ਬਾਈਕਾਟ ਆਲ਼ਾ ਸਾਰਾ ਟਟਵੈਰ ਤਾਂ ਖੜ੍ਹਾ ਈ ਨਿੰਮ ਆਲ਼ਿਆਂ ਦੇ ਚਿੱਬੇ ਨੇ ਕੀਤਾ। ਉਹਦੀ ਤਾਂ ਜਬਾਨ ਵੀ ਗਿੱਠ ਲੰਮੀ ਐ। ਓਨ੍ਹੇ ਤਾਂ ਝੱਟ ਆਖ ਦੇਣਾ,'ਬੰਦਾ ਬਣਕੇ ਝੋਟੀ ਸਾਡੇ ਕਿੱਲੇ 'ਤੇ ਬੰਨ੍ਹ ਜਾ।' ਚਿੱਬੇ ਨੂੰ ਕੀ ਪਤਾ ਕੀ ਕੀ ਆਸਾਂ ਲਾਈ ਬੈਠਾ ਸਾਰਾ ਟੱਬਰ ਕਰਮਾਂ ਵਾਲੀ ਦੇ ਸੂਏ 'ਤੇ। ਸੌ ਖੁੱਡਾਂ ਬੰਦ ਕਰਨੀਆਂ ਏਹਦੀ ਕਮਾਈ ਨਾਲ।" ਠੋਲ੍ਹਾ ਆਪਣੇ ਆਪ ਨਾਲ ਹੀ ਗੱਲਾਂ ਕਰੀ ਜਾ ਰਿਹਾ ਸੀ।

ਰਵੰਸ ਕੁਰੇ! ਨਰਮਾ ਕਪਾਹ ਤਾਂ ਲੋਕ ਲਾਉਣੋਂ ਈ ਹਟਗੇ। ਜੇ ਲਾ ਦਿੰਦੇ ਆ ਤਾਂ ਟੀਂਡੇ ਨ੍ਹੀ ਲੱਗਦੇ। ਜੇ ਭੁੱਲ ਭੁਲੇਖੇ ਟੀਂਡੇ ਲੱਗ ਜਾਣ ਤਾਂ ਖਿੜਦੇ ਨ੍ਹੀ। ਨਕਲੀ ਰ੍ਹੇਆਂ, ਸਪਰੇਆਂ ਨੇ ਝੁੱਗਾ ਚੌੜ ਕਰਤਾ। ਮੱਕੀ ਤਾਂ ਕੋਈ ਨ੍ਹੀ ਬੀਜਦਾ। ਵਾਢੀ ਦਾ ਕੰਮ ਵੀ ਹੱਥੀਂ ਨ੍ਹੀ ਹੁੰਦਾ। ਹਾੜ੍ਹੀ ਸਾਰੀ ਕਰਪੈਨਾਂ ਦੇ ਢਿੱਡ 'ਚ ਜਾ ਵੜਦੀ ਐ। ਲਾ ਪਾ ਕੇ ਝੋਨੇ ਦੀ ਲਵਾਈ ਰਹਿਗੀ। ਸਾਰਾ ਟੱਬਰ-ਟ੍ਹੀਰ ਰਲ਼ਕੇ ਚਾਰ ਦਿਨ ਹੰਭਲਾ ਮਾਰ ਲੈਂਦਾ। ਚਾਰ ਦਮੜੇ ਜੁੜ ਜਾਂਦੇ ਧੀ ਪੁੱਤ ਦੀ ਸ਼ਾਦੀ ਵਿਆਹ ਆਸਤੇ। ਹੋਰ ਹੁਣ ਕੰਮ ਰਹਿ ਕਿਹੜਾ ਗਿਆ ਗਰੀਬ ਗੁਰਬੇ ਦੇ ਕਰਨ ਗੋਚਰਾ? ਗਰੀਬ ਜਾਵੇ ਤਾਂ ਜਾਵੇ ਕਿੱਥੇ?" ਠੋਲ੍ਹੇ ਨੇ ਜਿਵੇਂ ਪਿੰਡ ਵਾਲਿਆਂ ਨੂੰ ਸਵਾਲ ਕੀਤਾ ਸੀ।

ਪਿੰਡ 'ਚ ਤਾਂ ਜਣੀਦਾ ਰੂਹ ਈ ਨ੍ਹੀ ਰਹੀ। ਲੈ ਹੋਰ ਸੁਣਲਾ, ਬਾਰ ਆਲ਼ਿਆਂ ਦਾ ਬਲਦੇਵ ਸਿਹੁੰ ਕੈਅ ਵਰ੍ਹਿਆਂ ਬਾਅਦ ਲਟੈਰ ਹੋ ਕੇ ਪਿੰਡ ਰਹਿਣ ਆ ਗਿਆ। ਕਿਤੇ ਚੰਦੀਗੜ੍ਹ ਪਟਿਆਲੇ ਕੰਨੀਂ ਵੱਡਾ ਅਪਸਰ ਸੀਗਾ। ਅਖੇ ਜੀ ਪਿੰਡ ਰਹਿ ਕੇ ਪਿੰਡ ਆਲ਼ਿਆਂ ਦੀ ਸੇਵਾ ਕਰੂੰ। ਸੋਚਦਾ ਹੋਊ ਕੁਛ ਨਾ ਕੁਛ ਸੁਧਾਰ ਕਰੂੰ ਪਿੰਡ ਦਾ। ਮੀਨ੍ਹਾ ਨ੍ਹੀ ਟਿਕਿਆ, ਭੱਜ ਗਿਆ। ਭੱਜ ਕੀ ਗਿਆ–ਭਜਾਤਾ ਪਿੰਡ ਆਲ਼ਿਆਂ। ਵਤੀਰਾ ਈ ਐਹੇ ਜ੍ਹਾ ਕਰਿਆ ਅਗਲੇ ਨਾਲ। ਅਖੇ ਜੀ ਫੈਲਸੂਫੀਆਂ ਘੋਟਦਾ। ਦਿੱਲੀ ਦੱਖਣ ਘੁੰਮਿਆ ਬੰਦਾ ਏਨ੍ਹਾਂ ਨੂੰ ਫੈਲਸੂਫ਼ੀਆਂ ਘੋਟਦਾ ਲੱਗਾ। ਰਵੰਸ ਕੁਰੇ, ਜਦੋਂ ਪਿੰਡ ਆਲ਼ਿਆਂ ਤੋਂ ਐਹੇ ਜ੍ਹਾ ਬੰਦਾ ਨ੍ਹੀ ਬਰਦਾਸ਼ ਹੋਇਆ–ਹਮੀ ਤੁਮੀ ਕਿਆ ਚੀਜ ਐ?" ਠੋਲ੍ਹੇ ਨੇ ਹਰਬੰਸ ਕੌਰ ਦੇ ਗਿੱਚੀ ਪਿੱਛੇ ਹੱਥ ਰੱਖ ਕੇ ਬਿਠਾਉਣ ਦੀ ਕੋਸ਼ਿਸ਼ ਕੀਤੀ ਪਰ ਅਸਫਲ ਰਿਹਾ। ਉਸਨੂੰ ਹਰਬੰਸ ਕੌਰ ਦੇ ਥੱਲੇ ਵਿਛਿਆ ਗਦੈਲਾ ਗਿੱਲਾ ਗਿੱਲਾ ਲੱਗਾ।

ਬੰਦਾ ਆਵਦੀ ਕਿਰਿਆ ਸੋਧਣ ਜੋਕਰਾ ਤਾਂ ਹੋਵੇ।" ਠੋਲ੍ਹੇ ਦਾ ਸਿਰ ਨਿਰਾਸ਼ਾ 'ਚ ਏਧਰ ਓਧਰ ਹਿਲਣ ਲੱਗਾ। ਉਸਦੇ ਚਿਹਰੇ 'ਤੇ ਉਦਾਸੀ ਦੀ ਗੂੜ੍ਹੀ ਪਰਤ ਫਿਰ ਗਈ। ਉਸਨੇ ਇਕ ਹੱਥ ਨਾਲ ਹਰਬੰਸ ਨੂੰ ਮੋਢਿਆਂ ਤੋਂ ਫੜ ਕੇ ਪਾਸਾ ਦੁਆਇਆ ਤੇ ਦੂਜੇ ਹੱਥ ਨਾਲ ਸੁੱਕੇ ਖੇਸ ਦੀ ਤਹਿ ਮਾਰ ਕੇ ਉਸਦੇ ਥੱਲੇ ਦੇ ਦਿੱਤਾ।

ਪਤਾ ਨ੍ਹੀ ਤੇਰੀ ਜਾਨ ਕਿੱਥੇ ਅੜੀ ਪਈ ਐ?" ਠੋਲ੍ਹੇ ਨੇ ਦਾੜ੍ਹੀ ਤਕ ਵਗ ਆਏ ਅੱਥਰੂਆਂ ਨੂੰ ਸਿਰ 'ਤੇ ਬੰਨ੍ਹੇ ਸਾਫੇ ਨਾਲ ਪੂੰਝਿਆ।

ਮੈਨੂੰ ਲੱਗਦਾ ਡਰਦੀ ਏਂ ਕਿਤੇ ਹਰਨਾਮੀ ਬੁੜ੍ਹੀ ਆਲ਼ੀ ਨਾ ਹੋਜੇ। ਸੋਚਦੀ ਹੋਮੇਂਗੀ ਜੇ ਹਬੀ ਨਬੀ ਹੋਗੀ–ਅਗਲਿਆਂ ਨੇ ਮੜ੍ਹੀਆਂ 'ਚ ਵੀ ਨ੍ਹੀ ਵੜਨ ਦੇਣਾ। ਹੁਣ ਤਾਂ ਮਹਿੰਦਰ ਮਸਟਰ ਵੀ ਹੈਨੀ। ਰੱਬ ਕੋਲ਼ ਗਏ ਨੂੰ ਵੀ ਕੈਅ ਸਾਲ ਹੋਗੇ। ਮਸਟਰਨੀ ਵੀ ਹੈਨੀ ਤੁਰਨ ਫਿਰਨ ਜੋਕਰੀ।"

ਕਰਮਾ ਵਾਲੀਏ! ਮੈਨੂੰ ਤਾਂ ਪਿੰਡ ਵਾਲਿਆਂ ਦੀ ਸਮਝ ਨ੍ਹੀ ਲੱਗਦੀ—ਹਜੇ ਕੱਲ੍ਹ ਦੀਆਂ ਗੱਲਾਂ। ਕਰੋਨੇ ਦੀ ਬਿਮਾਰੀ ਦੇ ਦਿਨਾਂ 'ਚ ਘਰੋ ਘਰੀ ਰਾਸ਼ਨ ਵੰਡਦੇ ਫਿਰਦੇ ਸੀਗੇ। ਫਿਰ ਜਦੋਂ ਆਹ ਕਾਨੂੰਨਾਂ ਆਲ਼ਾ ਰੌਲ਼ਾ ਪਿਆ, ਓਦੋਂ ਵੀ 'ਕਿਸਾਨ ਮਜ਼ਦੂਰ ਏਕਤਾ ਜਿੰਦਾਬਾਦ' ਦੇ ਨਾਰ੍ਹੇ ਲੱਗਦੇ ਸੀਗੇ। ਆਹ ਝੋਨਿਆਂ ਦੀ ਲਵਾਈ ਵੇਲ਼ੇ ਪਤਾ ਨ੍ਹੀ ਕੀ ਸਾੜ੍ਹਸਤੀ ਫਿਰ ਜਾਂਦੀ।" ਠੋਲ੍ਹੇ ਨੇ ਆਪਣਾ ਸੱਜਾ ਹੱਥ ਪੋਲੇ ਜਿਹੇ ਹਰਬੰਸ ਕੌਰ ਦੀ ਛਾਤੀ 'ਤੇ ਰੱਖਿਆ ਤੇ ਫਿਰ ਖੱਬਾ ਕੰਨ ਛਾਤੀ ਨਾਲ ਲਾ ਕੇ ਦਿਲ ਦੀ ਧੜਕਣ ਸੁਣਨ ਦਾ ਯਤਨ ਕੀਤਾ।

ਰਵੰਸ ਕੁਰੇ ਚਾਹ ਬਣਾਮਾ? ਲੈ ਲੀਂ ਦੋ ਘੁੱਟਾਂ। ਜਿੰਨਾ ਚਿਰ ਨੈਣ ਪਰਾਣ ਚੱਲਦੇ, ਕੁੱਛ ਤਾਂ ਅੰਦਰ ਜਾਵੇ। ਕੀ ਪਤਾ ਹਜੇ ਕਿੰਨੇ ਦਿਨ ਰਿੜਕਣਾ ਪਿਆ ਰਹੇ।" ਉਸਨੇ ਘਰਵਾਲੀ ਦੇ ਕੰਨਾਂ ਕੋਲ਼ ਮੂੰਹ ਲਿਜਾ ਕੇ ਉੱਚੀ ਆਵਾਜ਼ 'ਚ ਆਖਿਆ ਪਰ ਓਧਰੋਂ ਹਾਂ–ਨਾਂਹ 'ਚ ਜੁਆਬ ਤਾਂ ਕੀ ਆਉਣਾ ਸੀ, ਕੋਈ ਹਿੱਲਜੁੱਲ ਵੀ ਨਾ ਹੋਈ।

ਹੱਛਿਆ! ਜਿਮੇਂ ਤੇਰੀ ਇੱਛਾ।" ਆਖਦਿਆਂ ਠੋਲ੍ਹਾ ਨਿਤਾਣਾ ਜਿਹਾ ਹੋ ਕੇ ਆਪਣੇ ਮੰਜੇ 'ਤੇ ਜਾ ਢੱਠਾ। ਕੁੱਝ ਚਿਰ ਉਸੇ ਤਰ੍ਹਾਂ ਗੁੰਮ ਸੁੰਮ ਜਿਹਾ ਪਿਆ ਰਿਹਾ। ਫੇਰ ਹੰਭਲਾ ਮਾਰ ਕੇ ਉਠਿਆ ਤੇ ਦੁਬਾਰਾ ਹਰਬੰਸ ਕੌਰ ਦੇ ਮੰਜੇ ਦੀ ਬਾਹੀ 'ਤੇ ਜਾ ਬੈਠਾ।

ਸੱਚ ਰਵੰਸ ਕੁਰੇ! ਤੈਨੂੰ ਤਾਂ ਮੈਂ ਦੱਸਣਾ ਈ ਭੁੱਲ ਗਿਆ। ਕੱਲ੍ਹ ਮੈਂ ਛੋਟੇ ਸਕੂਲ ਅੱਲੀਂ ਗਿਆ ਸੀ। ਮਾਸਟਰ ਮਹਿੰਦਰ ਦਾ ਮੁੰਡਾ ਮਿਲਿਆ ਓਥੇ 'ਰਮੇਲ। ਪਤਾ ਈ ਐ ਤੈਨੂੰ ਮਰੀਕਾ ਰਹਿੰਦੈ ਕੈਅ ਸਾਲਾਂ ਦਾ। ਕਮਰੇ ਪੁਆ ਰਿਐ ਮਸਟਰ ਦੇ ਨਾਓਂ 'ਤੇ ਸਕੂਲ 'ਚ।" ਠੋਲ੍ਹੇ ਨੂੰ ਹਰਬੰਸ ਕੌਰ ਵੱਲੋਂ ਹਿਚਕੀ ਲੈਣ ਦੀ ਆਵਾਜ਼ ਸੁਣਾਈ ਦਿੱਤੀ। ਠੋਲ੍ਹੇ ਨੂੰ ਲੱਗਾ ਹਰਬੰਸ ਕੌਰ ਨੇ ਉਸਦੀ ਗੱਲ ਦਾ ਹੁੰਗਾਰਾ ਭਰਿਆ ਹੈ।

ਸੁਣਿਐ ਪਿੰਡ 'ਚੋਂ ਕਈ ਬੰਦੇ ਗਏ ਸੀਗੇ ਮੁੰਡੇ ਕੋਲ਼। ਕੋਈ ਕਹਿੰਦਾ ਲੰਗਰ ਲਾਉਣਾ ਤਪ

ਸਥਾਨਾਂ 'ਤੇ। ਕੋਈ ਆਂਹਦਾ ਝੰਡੇ ਚੜ੍ਹਾਉਣ ਜਾਣੈ। ਹੋਰ ਵੀ ਗਏ ਸੀਗੇ, ਅਖੇ ਹਾਲ ਵੱਡਾ ਕਰਨਾ। ਲੰਬੜਦਾਰ ਆਂਹਦਾ ਮਸਟਰ ਦੇ ਨਾਂ 'ਤੇ ਪਿੰਡ ਆਲ਼ੀ ਸੜਕ 'ਤੇ ਵੱਡਾ ਗੇਟ ਬਣਾ ਦੇ। ਮੁੰਡੇ ਨੇ ਸਾਰੇ ਦਬੱਲਤੇ ਪੁੱਠੇ ਪੈਰੀਂ। ਆਂਹਦਾ ਮੇਰੇ ਕੋਲ਼ੇ ਹੈਨੀ ਵਾਧੂ ਪੈਸੇ ਫਜ਼ੂਲ ਕੰਮਾਂ ਆਸਤੇ। ਹਾ ਹਾ ਹਾ।" ਉਹ ਕਈ ਦਿਨਾਂ ਬਾਅਦ ਹੱਸਿਆ ਸੀ।

ਹਰਬੰਸ ਕੌਰ ਦੇ ਮਾੜੇ ਮਾੜੇ ਬੁੱਲ੍ਹ ਹਿੱਲੇ। ਠੋਲ੍ਹੇ ਦੇ ਸਰੀਰ 'ਚ ਖੁਸ਼ੀ ਦੀ ਲਹਿਰ ਦੌੜ ਗਈ।

ਮੁੰਡੇ ਦੀਆਂ ਤਾਂ ਭਾਈ ਗੱਲਾਂ ਈ ਹੋਰ ਐ। ਆਂਹਦਾ ਸਰਕਾਰੂ ਸਕੂਲ 'ਤੇ ਪੈਸੇ ਲਾਊਂ ਜਿੱਥੇ ਗਰੀਬ ਗੁਰਬੇ ਦੇ ਜੁਆਕ ਪੜ੍ਹਦੇ। ਉਨ੍ਹੇ ਤਾਂ ਬਾਜ਼ੀਗਰਾਂ ਦੀ ਧਰਮਸ਼ਾਲਾ ਆਸਤੇ ਵੀ ਡੂਢ ਲੱਖ ਦੇਤਾ ਅਖੇ ਗਰੀਬਾਂ ਨੇ ਸ਼ਾਦੀ ਗਮੀ ਆਲ਼ੇ ਸਮਾਗਮ ਏਥੇ ਈ ਕਰਨੇ ਹੁੰਦੇ ਆ। ਸੁਣਿਆ ਸ਼ਰੀਕਾ 'ਰਮੇਲ ਨਾਲ ਤੜਿੰਗ ਹੋਇਆ ਫਿਰਦੈ। ਉਹ ਤਾਂ ਕਹਿੰਦੇ ਰਮੇਲ ਜਾਤਾਂ ਨੂੰ ਸਿਰ ਚੜ੍ਹਾਈ ਜਾਂਦਾ।" ਬੰਸੋ ਦੇ ਲੰਮਾ ਸਾਹ ਲੈਣ ਦੀ ਆਵਾਜ਼ ਆਈ ।

ਬਸ਼ਕੀਂ ਬਾਬਾ ਨਾਨਕਾ !" ਠੋਲ੍ਹੇ ਦੇ ਹੱਥ ਆਪ ਮੁਹਾਰੇ ਅਰਦਾਸ ਕਰਨ ਲਈ ਜੁੜ ਗਏ।

ਮੁੰਡਾ ਬੜੇ ਤਪਾਕ ਨਾਲ ਮਿਲਿਆ ਮੇਰੇ ਗੋਡੀਂ ਹੱਥ ਲਾ ਕੇ। ਘੁੱਟ ਕੇ ਜੱਫ਼ੀ ਪਾ ਲਈ। ਆਂਹਦਾ, 'ਚਾਚਾ ਘਾਬਰਨਾ ਨ੍ਹੀ ਕਿਸੇ ਗੱਲੋਂ। ਮੈਂ ਕੱਲ੍ਹ ਨੂੰ ਗੇੜਾ ਮਾਰੂੰ ਥੋਡੇ ਘਰਾਂ ਅੱਲੀਂ।" ਹਰਬੰਸ ਕੌਰ ਦੀਆਂ ਅੱਖਾਂ ਦੀਆਂ ਝਿੰਮਣੀਆਂ ਕਾਹਲ਼ੀ ਕਾਹਲ਼ੀ ਉੱਪਰ ਥੱਲੇ ਹੋਈਆਂ। ਠੋਲ੍ਹਾ ਅੰਦਰ ਤੀਕ ਖਿੜ ਗਿਆ। ਉਸਨੇ ਘਰਵਾਲੀ ਦਾ ਸਿਰ ਬੁੱਕਲ 'ਚ ਲੈ ਲਿਆ।

ਬਾਈਕਾਟ ਬਾਹਲ਼ਾ ਚਿਰ ਨ੍ਹੀ ਚੱਲਦਾ।" ਠੋਲ੍ਹੇ ਦੀ ਆਵਾਜ਼ 'ਚ ਹੁਣ ਪੂਰੀ ਖਣਕ ਸੀ।

ਹੈ ਕਮਲੀ ਨਾ ਹੋਵੇ---ਐਮੇਂ ਦਿਲ ਛੱਡੀ ਪਈ ਐਂ।" ਠੋਲ੍ਹੇ ਨੇ ਹਰਬੰਸ ਕੌਰ ਨੂੰ ਪਿਆਰ ਨਾਲ ਨਿੱਕਾ ਜਿਹਾ ਨਿਹੋਰਾ ਮਾਰਿਆ।

ਹਰਬੰਸ ਕੌਰ ਨੇ ਪੂਰਾ ਜੋਰ ਲਾ ਕੇ ਅੱਖਾਂ ਪੱਟੀਆਂ। ਠੋਲ੍ਹੇ ਨੂੰ ਉਸਦੀਆਂ ਅੱਖਾਂ 'ਚ ਭਰਵੀਂ ਲਿਸ਼ਕ ਦਿਖਾਈ ਦਿੱਤੀ। ਹਰਬੰਸ ਕੌਰ ਨੇ ਬੋਲਣ ਦੀ ਕੋਸ਼ਿਸ਼ ਕੀਤੀ ਪਰ ਆਵਾਜ਼ ਨਾ ਨਿਕਲੀ। ਉਸਦੇ ਬੁੱਲ੍ਹਾਂ 'ਤੇ ਮੁਰਮਰੀ ਜਿਹੀ ਮੁਸਕਾਣ ਉੱਭਰੀ ਤੇ ਸਿਰ ਇਕ ਪਾਸੇ ਨੂੰ ਲੁੜ੍ਹਕ ਗਿਆ।

-ਪਿੰਡ ਆਏਂ ਨ੍ਹੀ ਮਰਦਾ ਹੁੰਦਾ ਰਵੰਸ ਕੁਰੇ!" ਹਰਬੰਸ ਕੌਰ ਦੇ ਸਿਰ ਨੂੰ ਛਾਤੀ ਨਾਲ ਲਾਉਂਦਿਆਂ ਠੋਲ੍ਹੇ ਦੀ ਭੁੱਬ ਨਿਕਲ ਗਈ।000

***(ਫੋਨ: +91-98726-40994)***

## ***ਮੁਬਾਰਕਾਂ***

*ਇਸ ਵਰ੍ਹੇ ਦੇ ਵੱਡੇ ਸਾਹਿਤ ਇਨਾਮ ਦੋ ਧਨੰਤਰ ਪੰਜਾਬੀ ਕਹਾਣੀਕਾਰਾਂ ਬਲਵਿੰਦਰ ਗਰੇਵਾਲ ਅਤੇ ਸੁਖਜੀਤ ਦੀ ਝੋਲ਼ੀ ਪਏ ਹਨ। ਬਲਵਿੰਦਰ ਗਰੇਵਾਲ ਨੂੰ ਉਸਦੀ ਪੁਸਤਕ 'ਡਬੋਲ਼ੀਆ' ਉੱਤੇ ਅੰਤਰਰਾਸ਼ਟਰੀ ਢਾਹਾਂ ਸਾਹਿਤ ਇਨਮਾਨ ਨਾਲ ਸਨਮਾਨਿਆ ਗਿਆ ਹੈ ਜਦਕਿ ਪੰਜਾਬੀ ਵਿਚ ਸ੍ਰੇਸ਼ਟ ਰਚਨਾ ਲਈ ਕਹਾਣੀ ਸੰਗ੍ਰਹਿ 'ਮੈਂ ਅਯਨਘੋਸ਼ ਨਹੀਂ' ਉੱਤੇ ਸੁਖਜੀਤ ਨੂੰ ਸਾਹਿਤ ਅਕਾਦਮੀ ਪੁਰਸਕਾਰ ਲਈ ਚੁਣੇ ਜਾਣ ਦਾ ਐਲਾਨ ਹੋਇਆ ਹੈ। ਉਨੇ ਹੀ ਵਕਾਰੀ ਦੂਜੇ ਸਥਾਨ ਦੇ ਦੋ ਢਾਹਾਂ ਇਨਾਮ ਅਰਵਿੰਦਰ ਕੌਰ ਧਾਲੀਵਾਲ ਅਤੇ ਅਮਰੀਕਾ ਵਸਦੇ ਲਹਿੰਦੇ ਪੰਜਾਬ ਦੇ ਮੂਲ ਦੇ ਲੇਖਕ ਜਾਵੇਦ ਬੂਟਾ ਨੂੰ ਮਿਲੇ ਹਨ, ਜਿਨ੍ਹਾਂ ਦੀਆਂ ਗੁਰਮੁਖੀ ਤੇ ਸ਼ਾਹਮੁਖੀ ਵਿਚ ਛਪੀਆਂ ਕਹਾਣੀ ਪੁਸਤਕਾਂ ਕ੍ਰਮਵਾਰ 'ਝਾਂਜਰਾਂ ਵਾਲੇ ਪੈਰ' ਅਤੇ 'ਚੌਲ਼ਾਂ ਦੀ ਬੁਰਕੀ' ਜੇਤੂ ਰਹੀਆਂ ਸਨ। ਇਹਨਾਂ ਚੌਹਾਂ ਲੇਖਕਾਂ ਨੂੰ 'ਸਿਰਜਣਾ' ਵੱਲੋਂ ਢੇਰ ਮੁਬਾਰਕਾਂ।*

*-ਸੰਪਾਦਕ*

# ਭਲਾ ਐਉਂ ਵੀ ਕੋਈ ਕਰਦਾ ਹੁੰਦਾ!: ਕਹਾਣੀ: ਬਲਬੀਰ ਪਰਵਾਨਾ

ਸਾਡੀ ਕਾਰ ਮਨਾਲੀ ਦੀਆਂ ਰੰਗੀਨ ਵਾਦੀਆਂ ਨੂੰ ਬਹੁਤ ਪਿੱਛੇ ਛੱਡ ਆਈ ਸੀ। ਅਗਾਂਹ ਹੁਸ਼ਿਆਰਪੁਰ ਨੇੜੇ ਆ ਰਿਹਾ ਸੀ, ਪਰ ਮੌਸਮ ਦੀ ਖੂਬਸੂਰਤੀ ਪਹਾੜਾਂ ਵਰਗੀ ਹੀ ਬਣੀ ਹੋਈ। ਮੀਂਹ ਕੁਝ ਚਿਰ ਪਹਿਲਾਂ ਹੀ ਪੈ ਕੇ ਹਟਿਆ ਲਗਦਾ ਸੀ; ਬੱਦਲ਼ਾਂ ਨਾਲ ਲੁਕਨਮੀਟੀ ਖੇਡਦਾ ਸੂਰਜ। ਕਦੀ ਧੁੱਪ ਨਿਕਲ ਆਉਂਦੀ ਤੇ ਕਦੀ ਕੋਈ ਬੱਦਲ਼ੀ ਉਸ ਅੱਗੇ ਆ ਜਾਂਦੀ। ਭਿੱਜੀ ਹੋਈ ਸੜਕ। ਦੋਹੀਂ ਪਾਸੀਂ ਖਤਾਨਾਂ, ਖੇਤਾਂ 'ਚ ਭਰਿਆ ਪਾਣੀ; ਵੱਟਾਂ ਬੰਨਿਆਂ ਤੋਂ ਟੱਪਦਾ ਨਿਵਾਣਾਂ ਵੱਲ ਨੂੰ ਵਹਿੰਦਾ ਹੋਇਆ। ਦੂਰ-ਦੂਰ ਜਿੱਥੋਂ ਤਕ ਨਜ਼ਰ ਜਾਂਦੀ; ਖੇਤ, ਨੀਵੀਆਂ ਥਾਵਾਂ ਪਾਣੀ ਨਾਲ ਭਰੀਆਂ ਹੋਈਆਂ ਸਨ। ਭਿੱਜੇ ਹੋਏ ਰੁੱਖ-ਬੂਟੇ, ਝਾੜੀਆਂ। ਵਗਦੀਆਂ ਘਰਾਲਾਂ ਵੀ ਦਿਸਦੀਆਂ, ਜਿਹੜੀਆਂ ਭਾਵੇਂ ਹੁਣ ਮਾਮੂਲੀ ਰਹਿ ਗਈਆਂ ਸਨ, ਪਰ ਉਹਨਾਂ ਥਾਵਾਂ 'ਤੇ ਪਈ ਹੋਈ ਰੋਹੜ ਦੱਸਦੀ ਸੀ, ਚੰਗਾ ਤਕੜਾ ਮੀਂਹ ਪੈ ਕੇ ਹਟਿਆ। ਸਵੇਰੇ ਲਲਿਤਾ ਨੇ ਫੋਨ 'ਤੇ ਵੀ ਦੱਸਿਆ ਸੀ, "ਤੁਸੀਂ ਪੈਸੇ ਖਰਚ ਕੇ ਹਿੱਲ-ਸਟੇਸ਼ਨਾਂ 'ਤੇ ਤੁਰੇ ਫਿਰਦੇ ਹੋ?... ਸਾਡੇ ਲਈ ਰੱਬ ਨੇ ਇੱਥੇ ਹੀ ਹਿੱਲ-ਸਟੇਸ਼ਨ ਬਣਾ ਦਿੱਤਾ! ਬੀਤੇ ਦਿਨ ਦੀ ਝੜੀ ਲੱਗੀ ਹੋਈ ਐ... ਮੌਸਮ ਬਹੁਤ ਖੁਸ਼ਗਵਾਰ ਬਣ ਗਿਆ...ਪੱਖਾ ਵੀ ਚਲਾਓ ਤਾਂ ਠੰਢ ਲੱਗਣ ਲੱਗਦੀ ਐ!"

"ਤੂੰ ਆਪਣੀ ਮਰਜ਼ੀ ਨਾਲ ਹੀ ਰਹੀ।" ਪਹਿਲਾਂ ਸਲਾਹ ਤਾਂ ਇਹੀ ਬਣੀ ਸੀ, 'ਸਾਰਾ ਪਰਿਵਾਰ ਹੀ ਜਾਵਾਂਗੇ'। ਜਿਉਂ ਗਰਮੀਆਂ ਦੀਆਂ ਛੁੱਟੀਆਂ ਹੋਈਆਂ, ਰੋਬਿਨ ਕਹੀ ਜਾਂਦਾ ਸੀ, 'ਮੇਰੇ ਸਾਰੇ ਦੋਸਤ ਕਿਤੇ ਨਾ ਕਿਤੇ ਜਾ ਕੇ ਆਉਣਗੇ...ਮੈਂ ਕੀ ਦੱਸੂੰ ਜਾ ਕੇ!' ਇਹ ਪਬਲਿਕ ਸਕੂਲ ਵੀ ਬਸ...!... ਪੜ੍ਹਨ-ਲਿਖਣ, ਸਮਝਣ ਦੀ ਹੋੜ ਭਾਵੇਂ ਬਣੇ ਨਾ ਬਣੇ; ਪਰ ਖਾਣ-ਪੀਣ, ਪਹਿਨਣ, ਘੁੰਮਣ-ਫਿਰਨ ਦੀ ਹੋੜ ਜ਼ਰੂਰ ਸਿਰ ਚੜ੍ਹ ਕੇ ਬੋਲਦੀ ਹੈ! ਕੌਣ ਟਿਫ਼ਨ-ਬਾਕਸ 'ਚ ਕੀ ਲੈ ਕੇ ਆਇਆ, ਛੁੱਟੀਆਂ 'ਚ ਕਿੱਥੇ ਘੁੰਮਣ ਗਿਆ; ਇਹ ਗੱਲਾਂ ਬੱਚੇ ਵਧਾ-ਚੜ੍ਹਾ ਕੇ ਕਰਦੇ! 'ਪੇਰੈਂਟਸ ਮੀਟਿੰਗ' ਵਾਲੇ ਦਿਨ ਬੱਚਿਆਂ ਨੂੰ ਮਨਮਰਜ਼ੀ ਦੇ ਕਪੜੇ ਪਾਉਣ ਦੀ ਖੁੱਲ੍ਹ ਹੁੰਦੀ! ਉਸ ਇਕ ਦਿਨ ਲਈ ਉਹ ਹਫ਼ਤਾ-ਹਫ਼ਤਾ ਪਹਿਲਾਂ ਹੀ ਸੋਚਣ ਲੱਗ ਪੈਂਦੇ, 'ਕੀ ਪਾ ਕੇ ਜਾਣਾ!' ਨਾ ਕੇਵਲ ਰੋਬਿਨ, ਸਗੋਂ ਉਸ ਨਾਲ ਲਲਿਤਾ ਵੀ। ਉਸ ਦਿਨ ਸਕੂਲ ਇੰਝ ਲੱਗਦਾ, ਜਿਵੇਂ ਕੋਈ ਫੈਸ਼ਨ ਦਾ ਉਤਸਵ ਚਲ ਰਿਹਾ ਹੋਵੇ!

"ਕਦੋਂ ਕੁ ਤਕ ਪਹੁੰਚ ਜਾਣਾ?" ਉਸਨੇ ਪੁੱਛਿਆ। ਪਰ ਆਵਾਜ਼ 'ਚੋਂ ਮੈਨੂੰ ਕੋਈ ਹੁਲਾਸ ਝਲਕਦਾ ਨਾ ਲੱਗਾ, ਬਿਲਕੁਲ ਸਾਧਾਰਨ ਸੁਰ, ਆਮ ਦਿਨਾਂ ਵਰਗੀ, ਜਦੋਂ ਥੱਕੇ-ਟੁੱਟੇ ਸ਼ਾਮ ਨੂੰ ਨੌਕਰੀ ਤੋਂ ਮੁੜੀਦਾ।

"ਸ਼ਾਮ ਤਕ... ਸ਼ਾਇਦ ਪੰਜ-ਛੇ ਵੱਜ ਜਾਣ।"

"ਓ.ਕੇ. " ਕਹਿੰਦਿਆਂ ਉਸਨੇ ਫੋਨ ਕੱਟ ਦਿੱਤਾ। ਅਗਾਂਹ ਦੀ ਗੱਲ ਨਾ ਸੁਣੀ। ਮੈਂ ਕਹਿਣਾ ਚਾਹੁੰਦਾ ਸੀ 'ਘਰ ਡਿਨਰ ਦਾ ਝੰਜਟ ਨਾ ਪਾਈਂ... ਆ ਕੇ ਕੁਝ ਚਿਰ ਆਰਾਮ ਕਰ ਕਿਸੇ ਰੈਸਟੋਰੈਂਟ 'ਚ ਚਲੇ ਚਲਾਂਗੇ।' ਉਸਦੇ ਫੋਨ ਕੱਟਣ ਨਾਲ ਗੱਲ ਰਹਿ ਗਈ। ਪਹਿਲਾਂ ਜੀਅ ਕੀਤਾ, ਦੁਬਾਰਾ ਫੋਨ ਮਿਲਾ ਕੇ ਕਹਿ ਦਿਆਂ, ਪਰ ਫਿਰ ਮਨ ਬਦਲ ਲਿਆ। ਛੇ ਕੁ ਵਜੇ ਤਕ ਤਾਂ ਪੁੱਜ ਹੀ ਜਾਣਾ! ਜਾ ਕੇ ਪ੍ਰੋਗਰਾਮ ਬਣਾਉਂਦੇ ਹਾਂ। ਨਾਲੇ ਇਕ ਤਰ੍ਹਾਂ ਦਾ 'ਸਰਪਰਾਈਜ਼' ਹੋ ਜਾਊ। ਰੋਬਿਨ ਵੀ ਖੁਸ਼ ਹੋ ਜਾਵੇਗਾ। ਕੁਝ ਇਕਬਾਲ ਸਾਹਮਣੇ ਵੀ ਬਹੁਤੀ ਰੁਮਾਂਟਿਕਤਾ ਕੀ ਖਿਲਾਰਨੀ! ਜਦੋਂ ਲਲਿਤਾ ਨੇ ਆਪਣੇ ਜਾਣ ਦਾ ਪ੍ਰੋਗਰਾਮ ਰੱਦ ਕਰ ਦਿੱਤਾ ਸੀ ਤਾਂ ਇਕਬਾਲ ਦੀ ਪਤਨੀ ਗੁਰਲੀਨ ਦਾ

ਪ੍ਰੋਗਰਾਮ ਵੀ ਰੱਦ ਹੋ ਗਿਆ। ਉਹ ਜਾਣਾ ਤਾਂ ਚਾਹੁੰਦੀ ਸੀ, ਪਰ ਸਾਥ ਤੋਂ ਬਿਨਾਂ...?... ਮਜਬੂਰੀ 'ਚ ਹੀ ਉਸਨੇ ਜਾਣਾ ਰੱਦ ਕੀਤਾ, "ਤੁਸੀਂ ਦੋਹਾਂ ਨੇ ਤਾਂ ਸ਼ਾਮ ਪੈਂਦਿਆਂ ਹੀ ਵਿਸਕੀ ਖੋਹਲ ਲਿਆ ਕਰਨੀ ਐਂ... ਮੈਂ ਬੋਰ ਹੀ ਹੋਊਂ।" ਪਰ ਅਸੀਂ ਦੋਵੇਂ ਗੱਡੀ ਚੁੱਕ ਕੇ ਤੁਰ ਪਏ। ਮਨ 'ਚ ਲਲਿਤਾ 'ਤੇ ਗ਼ੁੱਸਾ ਵੀ ਆਉਂਦਾ ਰਿਹਾ, 'ਇਹ ਕੀ ਹੋਇਆ, ਕਿਸੇ ਹੋਰ ਦੇ ਪ੍ਰੋਗਰਾਮ ਨਾਲ ਆਪਣੀ ਜ਼ਿੰਦਗੀ ਦੇ ਸੁਆਦ ਨੂੰ ਖੇਹ-ਖਰਾਬ ਕੀਤਾ ਜਾਵੇ! ਉਸਨੂੰ ਉਸਤੋਂ ਛੋਟੀ ਸੋਨਿਕਾ ਦਾ ਫੋਨ ਆ ਗਿਆ ਸੀ, "ਦੀਦੀ, ਪਰੀ ਕਹਿੰਦੀ ਐ, ਮਾਸੀ ਨੂੰ ਮਿਲਣ ਜਾਣਾ... ਅਸੀਂ ਆ ਰਹੇ ਹਾਂ ਪਰਸੋਂ ਨੂੰ... ਤੁਹਾਡਾ ਕੋਈ ਪ੍ਰੋਗਰਾਮ ਤਾਂ ਨੀ ਕਿਤੇ ਜਾਣ ਦਾ?" ਉਸਨੇ ਪੁੱਛਣ ਨਾਲੋਂ ਬਹੁਤਾ ਦੱਸਿਆ ਸੀ। ਹਾਜੀਪੁਰ ਨੇੜੇ ਇਕ ਪਿੰਡ 'ਚ ਵਿਆਹੀ ਸੋਨਿਕਾ ਦੇ ਘਰਵਾਲਾ ਅਵਿਨਾਸ਼ ਪਸ਼ੂ ਪਾਲਣ ਵਿਭਾਗ 'ਚ ਕੰਪਾਊਂਡਰ ਸੀ ਤੇ ਉਹ ਇਕ ਪ੍ਰਾਇਮਰੀ ਸਕੂਲ 'ਚ ਅਧਿਆਪਕਾ। ਉਸਦਾ ਫੋਨ ਆਇਆ ਤਾਂ ਲਲਿਤਾ ਨੇ ਉਸਨੂੰ ਇਹ ਨਾ ਦੱਸਿਆ 'ਅਸੀਂ ਮਨਾਲੀ ਜਾਣ ਦਾ ਪ੍ਰੋਗਰਾਮ ਬਣਾਇਆ ਹੋਇਆ... ਤੁਸੀਂ ਇਸ ਹਫ਼ਤੇ ਦੀ ਬਜਾਏ ਅਗਲੇ ਹਫ਼ਤੇ ਆ ਜਾਣਾ।'

"ਕੀ ਪਤਾ, ਅਗਲੀ ਨੇ ਉਸ ਸਾਂਝੇ ਘਰ 'ਚੋਂ ਕਿਵੇਂ ਪ੍ਰੋਗਰਾਮ ਬਣਾਇਆ ਹੋਵੇ! ਆ ਕੇ ਦੁੱਖ-ਸੁੱਖ ਕਰਕੇ ਕੁਝ ਰਾਹਤ ਮਿਲ ਜਾਂਦੀ ਐ ਤਾਂ ਸਾਡਾ ਕੀ ਜਾਂਦਾ... ਪਤਾ ਨੀ ਕਿੰਨੀ ਭਰੀ-ਪੀਤੀ ਹੋਵੇ ਅੰਦਰੋਂ...ਅਸੀਂ ਉਸ ਤੋਂ ਅਗਲੇ ਹਫ਼ਤੇ ਦਾ ਬਣਾ ਲੈਂਦੇ ਹਾਂ!"

"ਲਲਿਤਾ,ਤੈਨੂੰ ਪਤਾ ਛੁੱਟੀ ਕਿੰਨੀ ਔਖੀ ਮਿਲਦੀ ਐ... ਵਰਕ-ਲੋਡ ਕਿੰਨਾ ਵਧਿਆ ਹੋਇਆ... ਬਰਾਂਚ 'ਚ ਪਹਿਲਾਂ ਇੱਕੀ ਜਣੇ ਹੁੰਦੇ ਸੀ, ਹੁਣ ਕੇਵਲ ਨੌਂ... ਆਪਣੀ ਛੁੱਟੀ ਲਈ ਵੀ ਮੈਨੇਜਰ ਦੀ ਕਿੰਨੀ ਖੁਸ਼ਾਮਦ ਕਰਨੀ ਪਈ, ਇਸਦਾ ਮੈਨੂੰ ਹੀ ਪਤਾ!" ਮੈਂ ਰੋਸ ਨਾਲ ਕਿਹਾ ਤਾਂ ਉਸਨੇ ਕੁਝ ਸਮਝਣ ਦੀ ਬਜਾਏ ਠੰਢੀ ਸੁਰ 'ਚ ਕਿਹਾ, "ਤਾਂ ਫਿਰ ਤੁਸੀਂ ਹੋ ਆਓ।" ਉਸਦੀ ਸੁਰ ਮੈਨੂੰ ਵੰਗਾਰਦੀ ਹੋਈ ਲੱਗੀ। ਉਸ 'ਚ ਕੋਈ ਤਰਕ ਨਹੀਂ, ਵੰਗਾਰ ਸੀ! ਜੇ ਤਰਕ ਹੁੰਦਾ ਤਾਂ ਸ਼ਾਇਦ ਮੈਂ ਵੀ ਨਾ ਜਾਂਦਾ; ਪਰ ਵੰਗਾਰ ਦੇ ਸਾਹਮਣੇ ਆਪਣਾ ਮਨ ਕਰੜਾ ਕਰ ਲਿਆ, 'ਜੇ ਇਕਬਾਲ ਵੀ ਨਾ ਗਿਆ ਤਾਂ ਵੀ ਜਾਵਾਂਗਾ!' ਹਾਲਾਂਕਿ ਵਿਆਹ ਤੋਂ ਬਾਅਦ ਇਕੱਲਾ ਘੱਟ ਹੀ ਨਿਕਲਿਆ ਸੀ। ਮੈਨੂੰ ਆਪਣੇ ਵੈਲੀ ਬਾਪ ਦੀ ਯਾਦ ਆ ਗਈ। ਉਂਝ ਉਹ ਮੈਨੂੰ ਉੱਕਾ ਹੀ ਪਸੰਦ ਨਹੀਂ ਸੀ। ਨਾ ਹੀ ਸਾਡੀ ਕਦੀ ਬਣੀ, ਸਗੋਂ ਕੁਝ-ਕੁਝ ਖਹਿਬੜਬਾਜ਼ੀ ਵਾਲਾ ਰਿਸ਼ਤਾ ਰਿਹਾ। ਕੰਮਕਾਜ ਤੋਂ ਟਾਲ਼ਾ ਵੱਟਣ ਵਾਲਾ ਬਾਪ ਆਪਣੇ ਆਪ ਨੂੰ 'ਵੈਲੀ ਸੂਰਤਾ ਸਿੰਘ' ਕਹਾ ਕੇ ਖੁਸ਼ ਹੁੰਦਾ। ਆਸੇ-ਪਾਸੇ ਦੇ ਦੋ-ਚਾਰ ਪਿੰਡਾਂ 'ਚ ਉਸਦੀ ਅਜਿਹੀ ਹੀ ਭੱਲ ਸੀ। ਖੁੱਲ੍ਹੇ ਖਰਚਿਆਂ 'ਚ ਜਦੋਂ ਹੱਥ ਤੰਗ ਹੋਣ ਲਗਦਾ ਤਾਂ ਜ਼ਮੀਨ ਦੀਆਂ ਦੋ ਚਾਰ ਕਨਾਲਾਂ ਗਹਿਣੇ-ਬੈਅ ਹੋ ਜਾਂਦੀਆਂ। ਪਰ ਉਸਦੀ ਇਕ ਗੱਲ ਪਤਾ ਨਹੀਂ ਕਿਉਂ ਮੇਰੇ ਮਨ 'ਚ ਕਿਤੇ ਧੁਰ ਅੰਦਰ ਤਕ ਬੈਠੀ ਹੋਈ ਸੀ, ਮੈਨੂੰ ਕਿਤੇ ਨਾ ਕਿਤੇ ਪ੍ਰਭਾਵਤ ਵੀ ਕਰਦੀ। ਉਦੋਂ ਮੈਂ ਦਸਵੀਂ 'ਚ ਪੜ੍ਹਦਾ ਸੀ...

...ਅਸੀਂ ਕੁਝ ਜਣਿਆਂ ਨੇ ਨੇੜੇ ਦੇ ਪਿੰਡ ਲਗਦੇ ਪੀਰ ਦੇ ਮੇਲੇ 'ਤੇ ਜਾਣ ਦੀ ਸਲਾਹ ਬਣਾਈ। "ਸਾਈਕਲਾਂ 'ਚ ਮਾੜੇ ਮੋਟੇ ਸੋਟੇ ਫਸਾ ਲੈਣੇ... ਜੇ ਬਲਕਾਰੇ ਹੁਰਾਂ ਨੇ ਛੇੜ ਕਰਨ ਦੀ ਹਿੰਮਤ ਕੀਤੀ ਤਾਂ ਝੱਫ਼ ਦਿਆਂਗੇ।" ਸਕੂਲ 'ਚ ਸਾਡੇ ਦੋਹਾਂ ਗਰੁੱਪਾਂ 'ਚ ਅਕਸਰ ਬੋਲ-ਬੁਲਾਰਾ ਹੋਇਆ ਰਹਿੰਦਾ ਪਰ ਗੱਲ ਬਹਿਸਬਾਜ਼ੀ ਤੋਂ ਅਗਾਂਹ ਨਾ ਵਧਦੀ। ਮੇਲੇ ਤੋਂ ਇਕ ਦਿਨ ਪਹਿਲਾਂ ਬਲਕਾਰੇ ਨੇ ਬਹਾਦਰ ਨੂੰ ਕਿਹਾ, "ਤੁਹਾਨੂੰ ਦੇਖਦੇ ਹਾਂ ਪੀਰ ਦੇ ਮੇਲੇ 'ਚ।" ਇਸਨੂੰ ਚੈਲਿੰਜ ਸਮਝ ਕੇ ਅਸੀਂ ਛੇ-ਸੱਤ ਜਣਿਆਂ ਨੇ ਤਿਆਰੀ ਕੀਤੀ। ਪਿੰਡ ਦੇ ਇਕ-ਦੋ ਵੱਡੇ ਮੁੰਡਿਆਂ ਨੂੰ ਵੀ ਨਾਲ ਲੈ ਲਿਆ, ਜਿਨ੍ਹਾਂ ਦਾ ਅਕਸ ਕੁਝ ਮਾਰਖੋਰੇ ਕਿਸਮ ਦਾ ਸੀ। ਪਰ ਤੁਰਨ ਤੋਂ ਐਨ ਪਹਿਲਾਂ ਬਹਾਦਰ ਦੇ ਵੱਡੇ ਭਰਾ ਨੂੰ ਪਤਾ ਲੱਗ ਗਿਆ ਇਸ ਖਹਿਬਾਜ਼ੀ ਦਾ। ਉਸਨੇ ਝਿੜਕ ਕੇ ਉਸਨੂੰ ਮੇਲੇ ਜਾਣ ਤੋਂ ਮਨ੍ਹਾ ਕਰ ਦਿੱਤਾ। ਉਹ ਸਾਡੇ ਸਾਰਿਆਂ 'ਚੋਂ ਸਿਰ-ਕੱਢਵਾਂ ਸੀ। ਉਸਦੇ ਘਰ ਬਹਿ ਜਾਣ ਨਾਲ

ਬਾਕੀਆਂ ਵੀ ਨਾ ਜਾਣ ਦਾ ਮਨ ਬਣਾ ਲਿਆ। ਘਰ ਮੁੜ ਕੇ ਮੈਂ ਸਾਈਕਲ ਖੜ੍ਹਾ ਕਰਨ ਲੱਗਾ ਤਾਂ ਬਾਪ ਨੇ ਪੁੱਛਿਆ, "ਕੀ ਗੱਲ, ਹੁਣ ਗਿਆ ਕਿਉਂ ਨੀ?"

"ਊਂਈਂ... ਬਹਾਦਰ ਹੁਰੀਂ ਕਹਿੰਦੇ ਕੀ ਜਾਣਾ?" ਮੈਂ ਸਾਧਾਰਨ ਕਿਹਾ। ਭਾਵੇਂ ਬਾਪ ਨੂੰ ਪਿਛੋਕੜ ਦੀ ਕਿਸੇ ਗੱਲ ਦਾ ਪਤਾ ਨਹੀਂ ਸੀ, ਉਸਨੇ ਸਾਧਾਰਨ ਹੀ ਕਿਹਾ, ਆਪਣੀ ਜੀਵਨ-ਜਾਚ 'ਚੋਂ, "ਕਿਸੇ ਦੀਆਂ ਬਾਹਾਂ ਦੇ ਸਿਰ 'ਤੇ ਪ੍ਰੋਗਰਾਮ ਨੀ ਬਣਾਈਦੇ ਹੁੰਦੇ! ਪ੍ਰੋਗਰਾਮ ਆਪਣਾ ਬਣਾਓ, ਉਸ 'ਚ ਕੋਈ ਰਲ਼ ਜਾਵੇ, ਭਲੀ ਵਾਹਵਾ...!... ਕਿਸੇ ਦੇ ਸਿਰ 'ਤੇ ਪ੍ਰੋਗਰਾਮ ਬਣਾਓਗੇ ਤਾਂ ਇੰਝ ਹੀ ਹੁੰਦਾ!" ਉਸਦੀ ਗੱਲ ਮੈਨੂੰ ਚੁਭ ਗਈ ਤੇ ਮੈਂ ਖੜ੍ਹਾ ਕੀਤਾ ਸਾਈਕਲ ਰੇੜ੍ਹ ਲਿਆ। ਨਾਲ ਮਿੰਦਰ ਬਹਿ ਗਿਆ।

ਅਸੀਂ ਮੇਲੇ 'ਚ ਘੁੰਮਦੇ ਰਹੇ। ਬਲਕਾਰੇ ਹੁਰਾਂ ਨੂੰ ਦੇਖਿਆ ਵੀ। ਕੁਝ ਥਾਵਾਂ ਤੋਂ ਉਹ ਸਾਥੋਂ ਅੱਖ ਬਚਾ ਕੇ ਪਾਸਾ ਵੱਟ ਗਏ, ਕੁਝ ਥਾਵਾਂ ਤੋਂ ਅਸੀਂ। ਅਸੀਂ ਤਾਂ ਵੱਟਣਾ ਹੀ ਸੀ ਕਿ ਇਕੱਲੇ ਸਾਂ! ਬਾਅਦ 'ਚ ਪਤਾ ਲੱਗਾ ਉਨ੍ਹਾਂ ਨੂੰ ਸ਼ੱਕ ਪੈ ਗਿਆ ਸੀ; ਇਹ ਖਾਸ ਤਿਆਰੀ ਕਰਕੇ ਆਏ ਹੋਏ ਐ। ਇਹਨਾਂ ਨੂੰ ਤਾਂ ਲੜਾਈ ਸ਼ੁਰੂ ਕਰਨ ਲਈ ਅਗਾਂਹ ਭੇਜਿਆ, ਬਾਕੀ ਜਣੇ ਕਿਤੇ ਨੇੜੇ ਲੁਕੇ ਬੈਠੇ ਹੋਣਗੇ ਹਥਿਆਰਾਂ ਸਮੇਤ...

...ਲਲਿਤਾ ਨੂੰ ਇਹ ਪਤਾ ਸੀ, ਮੈਨੂੰ ਇਕੱਲਿਆਂ ਘੁੰਮਣ ਫਿਰਨ ਜਾਣਾ ਬਹੁਤਾ ਪਸੰਦ ਨਹੀਂ। ਪਰ...?... ਇਕਬਾਲ ਦੇ ਤਿਆਰ ਹੋ ਜਾਣ ਨਾਲ ਵੀ, ਕੁਝ ਦੁਬਿਧਾਵਾਂ ਦੂਰ ਹੋ ਗਈਆਂ। ਮਨਾਲੀ ਕਈ ਵਾਰ ਲਲਿਤਾ ਤੇ ਰੋਬਿਨ ਦੀ ਯਾਦ ਆਈ, 'ਜੇ ਨਾਲ ਆਏ ਹੁੰਦੇ ਤਾਂ...?... ਰੋਬਿਨ ਕਿੰਨਾ ਇੰਜੁਆਏ ਕਰਦਾ। ਝਰਨੇ, ਨਦੀ, ਨਾਲਿਆਂ ਨੂੰ ਦੇਖ ਕਿੰਝ ਉਤੇਜਤ ਹੁੰਦਾ... ਕਿਸੇ ਝਰਨੇ ਦੇ ਵਹਿਣ ਵਿਚਾਲੇ ਵੱਡੇ ਪੱਥਰ 'ਤੇ ਬਹਿ ਕੇ ਕੌਫੀ ਪੀਂਦੇ।' ਉਹ ਲਲਿਤਾ ਦੇ ਦਿੱਤੇ ਲਾਲਚਾਂ 'ਹਰਨੂਰ ਨਾਲ ਫਨ-ਪਾਰਕ 'ਚ ਜਾਣ, ਵਾਟਰ-ਗੇਮਾਂ ਖੇਡਣ, ਝੂਲਿਆਂ ਦੇ ਰੁਮਾਂਸ' 'ਚ ਭੌਂਚਲ ਗਿਆ ਸੀ। ਹਰਨੂਰ ਉਸਦਾ ਹਾਣੀ ਜੁ ਸੀ, ਉਸ ਦੀ ਉਮਰ ਦਾ। ਇਹ ਗੱਲਾਂ ਸੋਚਦਿਆਂ ਮਨ 'ਚ ਗ਼ੁੱਸਾ ਵੀ ਭਰਨ ਲੱਗਦਾ, 'ਪਤਾ ਨੀ ਇਸਨੂੰ ਸਮਝ ਕਿਉਂ ਨੀ ਆਉਂਦੀ, ਵਿਆਹ ਤੇ ਬੱਚਿਆਂ ਤੋਂ ਬਾਅਦ ਤੁਹਾਡਾ ਇਕ ਘਰ ਹੁੰਦਾ ਹੈ! ਉਸ ਘਰ ਦੀਆਂ ਆਪਣੀਆਂ ਲੋੜਾਂ ਤੇ ਸੁਪਨੇ ਹੁੰਦੇ ਹਨ! ਜੇ ਇਹਨਾਂ ਲੋੜਾਂ ਤੇ ਸੁਪਨਿਆਂ ਨੂੰ ਇਕਸੁਰ ਨਹੀਂ ਕਰ ਸਕਦੇ ਤਾਂ ਹੌਲ਼ੀ-ਹੌਲ਼ੀ ਉਸ ਘਰ 'ਚ ਤ੍ਰੇੜਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ। ਇਹਨਾਂ ਤ੍ਰੇੜਾਂ ਨੂੰ ਮੇਟਣਾ ਬਹੁਤ ਮੁਸ਼ਕਲ ਹੁੰਦਾ! ਬਹੁਤ ਯਤਨ ਨਾਲ ਹੀ ਕੋਈ ਮੇਟ ਸਕਦਾ! ਨਹੀਂ ਤਾਂ ਅਕਸਰ ਵਧ ਕੇ ਉਹ ਦਰਾੜਾਂ 'ਚ ਵੱਟਦੀਆਂ ਰਹਿੰਦੀਆਂ ਹਨ ਤੇ ਦਰਾੜਾਂ, ਕੰਧਾਂ-ਕੌਲ਼ਿਆਂ ਦੇ ਢਹਿਣ ਵੱਲ! ਦਰਾੜਾਂ, ਡਿੱਗਦੀਆਂ ਕੰਧਾਂ ਦੇ ਸਿਰ 'ਤੇ ਫਿਰ ਕੋਈ ਛੱਤ ਵੀ ਕਾਇਮ ਨਹੀਂ ਰਹਿੰਦੀ!

ਦਿਨੇ ਘੁੰਮਣਾ-ਫਿਰਨਾ ਤੇ ਸ਼ਾਮ ਨੂੰ ਵਿਸਕੀ ਦੇ ਪੈੱਗ। ਬਹੁਤੀਆਂ ਗੱਲਾਂ ਬੱਚਿਆਂ ਜਾਂ ਪਤਨੀਆਂ ਦੁਆਲ਼ੇ ਹੀ ਘੁੰਮਦੀਆਂ। ਡਿਨਰ ਮੁਕਾਉਂਦਿਆਂ ਦਸ, ਸਾਢੇ ਦਸ ਤਾਂ ਆਮ ਹੀ ਵੱਜ ਜਾਂਦੇ। ਫਿਰ ਇਕਬਾਲ ਫੋਨ ਫੜ ਹੋਟਲ ਦੀ ਟੈਰਸ 'ਤੇ ਜਾ ਘੰਟਾ-ਘੰਟਾ ਘਰ ਫੋਨ ਕਰਦਾ ਰਹਿੰਦਾ, ਹੱਸਦਾ ਰਹਿੰਦਾ। ਪਰ ਮੈਂ... ਮੇਰਾ ਜੀਅ ਹੀ ਨਾ ਕਰਦਾ ਫੋਨ ਕਰਨ ਨੂੰ! ਹੋਈਆਂ ਬੀਤੀਆਂ ਘਟਨਾਵਾਂ ਇਕ-ਇਕ ਕਰ ਕੇ ਜ਼ਿਹਨ 'ਚ ਆਉਂਦੀਆਂ ਰਹਿੰਦੀਆਂ। ਇਹ ਤ੍ਰੇੜ ਕੋਈ ਪਹਿਲੀ ਤ੍ਰੇੜ ਨਹੀਂ ਸੀ; ਸਗੋਂ ਇਹ ਤਾਂ ਬਹੁਤ ਪਹਿਲਾਂ ਤੋਂ ਸ਼ੁਰੂ ਹੋ ਗਈਆਂ ਸਨ, ਵਿਆਹ ਤੋਂ ਛੇਤੀ ਹੀ ਬਾਅਦ। ਹੁੰਦਾ ਇਹ ਕਿ ਸ਼ਾਮ ਨੂੰ ਘਰ ਮੁੜਦਿਆਂ ਉਸਦਾ ਤਣਾਅ ਭਰਿਆ ਚਿਹਰਾ ਦੇਖ ਕੇ ਪੁੱਛਦਾ, "ਕੀ ਹੋਇਆ?" ਮਨ ਸਹਿਮ ਜਾਂਦਾ, ਪਤਾ ਨੀ ਕੀ ਵਾਪਰ ਗਿਆ ਹੈ! ਪਰ ਉਹ 'ਕੁਝ ਨਹੀਂ' ਕਹਿ ਕੇ ਚੁੱਪ ਵੱਟੀ ਰੱਖਦੀ। ਜਿੰਨਾ ਮੈਂ ਪੁੱਛਦਾ, ਓਨੀ ਹੀ ਉਸਦੀ ਚੁੱਪ ਡੂੰਘੀ ਹੁੰਦੀ ਜਾਂਦੀ! ਮੈਂ ਆਪਣੇ ਵਿਹਾਰ ਬਾਰੇ ਸੋਚਣ ਲੱਗਦਾ, 'ਸਵੇਰੇ ਜਾਣ ਲੱਗਿਆਂ ਜਾਂ ਇਕ ਦੋ ਦਿਨ

ਪਹਿਲਾਂ ਦੀ ਕਿਹੜੀ ਗੱਲ ਹੋਈ, ਜਿਸਦੀ ਪੀੜ ਉਸਨੂੰ ਪ੍ਰੇਸ਼ਾਨ ਕਰ ਰਹੀ ਹੋਵੇ!' ਤੁਸੀਂ ਲੜੇ ਹੋਵੋ, ਇਹ ਗੱਲ ਓਨੀ ਤੰਗ ਨਹੀਂ ਕਰਦੀ, ਜਿੰਨੀ ਇਹ ਗੱਲ ਕਿ ਤੁਹਾਨੂੰ ਸਮਝ ਹੀ ਨਾ ਆ ਰਹੀ ਹੋਵੇ, ਇਹ ਚੁੱਪ ਕਿਸ ਗੱਲ ਤੋਂ ਹੈ! ਦੋ ਚਾਰ ਦਿਨਾਂ ਬਾਅਦ ਨਾਰਮਲ ਹੋਣ ਲਗਦੀ। ਨਾ ਉਸਦੇ ਨਾਰਮਲ ਹੋਣ ਦਾ ਬਦਲਾਅ ਸਮਝ 'ਚ ਆਉਂਦਾ। ਹੌਲ਼ੀ-ਹੌਲ਼ੀ ਜੜ੍ਹਾਂ ਤਕ ਰਸਾਈ ਹੋਣ ਲੱਗੀ; ਉਸਦੀ ਚੁੱਪ, ਉਦਾਸੀ, ਤਣਾਅ ਦੀ ਤੰਦ ਇਸ ਘਰ 'ਚ ਨਹੀਂ, ਉਸਦੇ ਪੇਕੇ ਘਰ ਨਾਲ ਜਾ ਕੇ ਜੁੜਦੀ ਹੈ! ਉਸਦੀ ਮਾਂ ਦਾ ਫੋਨ ਆਉਂਦਾ ਤਾਂ ਉਹ ਘੰਟਾ-ਘੰਟਾ ਭਰ ਲੱਗੀਆਂ ਰਹਿੰਦੀਆਂ। ਉਸਦਾ ਫੋਨ ਉਹ ਕਦੀ ਮੇਰੇ ਸਾਹਮਣੇ ਨਾ ਸੁਣਦੀ। ਇਕ ਅੱਧੀ ਗੱਲ ਮੇਰੇ ਸਾਹਮਣੇ ਕਰ, ਛੱਤ 'ਤੇ ਜਾ ਚੜ੍ਹਦੀ। ਉਤਰਦੀ ਤਾਂ ਬੇਹੱਦ ਚਿੜਚਿੜੀ ਹੋਈ-ਹੋਈ...!... ਰੋਬਿਨ ਦੇ ਜਨਮ ਤੋਂ ਬਾਅਦ ਵੀ ਉਸਦਾ ਇਹ ਵਤੀਰਾ ਨਾ ਬਦਲਿਆ, ਸਗੋਂ ਸਮੇਂ ਦੇ ਨਾਲ ਵਧਦਾ ਹੀ ਗਿਆ ਸੀ। ਨਾ ਕੇਵਲ ਮੈਨੂੰ, ਸਗੋਂ ਛੋਟਾ ਰੋਬਿਨ ਵੀ ਮਹਿਸੂਸ ਕਰਨ ਲੱਗਾ, "ਮੰਮਾ, ਕੀ ਹੋਇਆ ਤੁਹਾਨੂੰ?" ਉਹ ਪੁੱਛਦਾ ਤਾਂ ਉਸਦਾ ਸੰਖੇਪ ਜਿਹਾ ਜੁਆਬ ਹੁੰਦਾ, 'ਮੇਰਾ ਸਿਰ ਦੁਖਦਾ ਐ।' ਉਸਨੂੰ ਟਾਲਣ ਦਾ ਅਕਸਰ ਉਸਦਾ ਇਹ ਬਹਾਨਾ ਹੁੰਦਾ ਤੇ ਮੂੰਹ ਸਿਰ ਵਲ੍ਹੇਟ ਕੇ ਪੈ ਜਾਂਦੀ। ਮੈਨੂੰ ਉਸਦਾ ਜੁਆਬ ਨਿਰਾ ਝੂਠਾਂ ਦਾ ਪੁਲੰਦਾ ਲੱਗਦਾ, ਪਰ ਕੀ ਕਰ ਸਕਦਾ ਸੀ! ਕੁਝ ਵਧੇਰੇ ਜ਼ੋਰ ਦੇ ਕੇ ਪੁੱਛਣ ਦੀ ਕੋਸ਼ਿਸ਼ ਕਰਦਾ ਤਾਂ ਚਿੜ 'ਤੇ ਉਤਰ ਆਉਂਦੀ, "ਕਿਸੇ ਦਾ ਮੂਡ ਵੀ ਖਰਾਬ ਹੋ ਸਕਦਾ? ਜਾਂ ਕੋਈ ਹੋਰ ਨਿੱਜੀ ਪ੍ਰਾਬਲਮ...?..."

"ਕਿਹੜੀ ਨਿੱਜੀ ਪ੍ਰਾਬਲਮ ਹੈ, ਜਿਹੜੀ ਇਸ ਘਰ ਨੂੰ ਦੁਖਾਂਤ 'ਚ ਬਦਲ ਰਹੀ ਐ... ਘਰ 'ਚ ਤਣਾਅ ਪੈਦਾ ਕਰਦੀਆਂ ਪ੍ਰਾਬਲਮ ਨਿੱਜੀ ਨਹੀਂ ਹੁੰਦੀਆਂ!" ਪਰ ਮੇਰੀ ਹਰ ਪੁੱਛ ਦਾ ਜੁਆਬ ਊਟ-ਪਟਾਂਗ ਦੇ ਕੇ ਪਈ ਰਹਿੰਦੀ। ਅਜਿਹਾ ਦੌਰਾ ਕਈ ਵਾਰ ਤਾਂ ਦੂਜੇ ਚੌਥੇ ਪਿਆ ਰਹਿੰਦਾ, ਕਈ ਵਾਰ ਦਸ ਪੰਦਰਾਂ ਦਿਨ ਲੰਘ ਜਾਂਦੇ। ਇਹਨਾਂ ਦਿਨਾਂ 'ਚ ਮੈਂ ਤਾਂ ਪ੍ਰੇਸ਼ਾਨ ਹੁੰਦਾ ਹੀ ਹੁੰਦਾ, ਵੱਡਾ ਹੋ ਰਿਹਾ ਰੋਬਿਨ ਵੀ ਹੁੰਦਾ ਕਿ ਉਸਨੂੰ ਮੰਮੀ ਮੁਸਕਰਾ ਕੇ ਨਾ ਮਿਲਦੀ! ਉਹਨਾਂ ਦਿਨਾਂ 'ਚ ਉਹ ਨਾ ਤਾਂ ਉਸਨੂੰ ਕਿਸੇ ਚੰਗੇ ਕੰਮ ਲਈ ਸ਼ਾਬਾਸ਼ ਦਿੰਦੀ ਤੇ ਨਾ ਕਿਸੇ ਸ਼ਰਾਰਤ ਲਈ ਝਿੜਕਦੀ! ਨਾਰਮਲ ਹੋਣ ਲਗਦੀ ਤਾਂ ਕਈ ਵਾਰ ਕੁਝ ਖੁੱਲ੍ਹਦੀ, "ਏਕਮ ਕਿਸੇ ਦੀ ਕੋਈ ਗੱਲ ਨੀ ਸੁਣਦਾ। ਕੰਚਨ ਕੁਝ ਕਹੇ ਤਾਂ ਉਸਨੂੰ ਧੈਹ-ਧੈਹ ਕੁੱਟਣ ਲੱਗ ਪੈਂਦਾ! ਪਾਪਾ ਜੀ ਨੂੰ ਵੀ ਕੁੱਦ ਕੁੱਦ ਕੇ ਪੈਂਦਾ।'

"ਇਸ 'ਚ ਅਸੀਂ ਕੀ ਕਰ ਸਕਦੇ ਹਾਂ! ਤੂੰ ਏਨੇ ਤਣਾਅ 'ਚ ਕਿਉਂ ਆ ਜਾਂਦੀ ਹੈਂ! ਤੈਨੂੰ ਪਤਾ, ਇਸ ਨਾਲ ਰੋਬਿਨ 'ਤੇ ਵੀ ਅਸਰ ਪੈ ਰਿਹਾ!"

"ਉਸ ਕਰਕੇ ਥੋੜ੍ਹਾ ਤਣਾਅ 'ਚ ਹੁੰਦੀ ਹਾਂ... ਮੇਰੀ ਸਿਹਤ ਦੀਆਂ ਪ੍ਰਾਬਲਮ ਵੀ ਨੇ!" ਉਹ ਪਲਟੀ ਮਾਰ ਜਾਂਦੀ। ਹੌਲ਼ੀ-ਹੌਲ਼ੀ ਇਸ ਸਿੱਟੇ 'ਤੇ ਪੁੱਜ ਗਿਆ ਜਦੋਂ ਉਸਦੀ ਮਾਂ ਜਾਂ ਬਾਪ ਦੇ ਫੋਨ ਵਧ ਜਾਂਦੇ, ਉਦੋਂ ਹੀ ਉਸਦੀ ਅਜਿਹੀ ਹਾਲਤ ਬਣਦੀ ਹੈ! ਉਦੋਂ ਹੀ ਉਸਦੇ ਛੱਤ 'ਤੇ ਜਾਣ ਦਾ ਸਮਾਂ ਵਧਣ ਲੱਗਦਾ ਸੀ। ਕਈ ਵਾਰ ਤਾਂ ਦੋ-ਦੋ ਘੰਟੇ ਨਾ ਉਤਰਦੀ ਜਾਂ ਸਾਹਮਣੇ ਪਾਰਕ 'ਚ ਜਾ ਕੇ ਬੈਠੀ ਰਹਿੰਦੀ, ਫੋਨ ਕੰਨ ਨਾਲ ਲਾਈ। ਇਸ ਧੁੱਪ-ਛਾਂ 'ਚੋਂ ਲੰਘਦਾ ਜ਼ਿੰਦਗੀ ਦਾ ਸਫ਼ਰ ਜਾਰੀ ਰਿਹਾ। ਤਲਖੀਆਂ ਦੇ ਛਟਣ 'ਚ ਸਭ ਤੋਂ ਵੱਡੀ ਭੂਮਿਕਾ ਨੌਕਰੀ ਦੀ ਹੁੰਦੀ। ਸਵੇਰੇ ਸੱਤ ਵਜੇ ਉਹ ਤਿਆਰ ਹੋ ਕੇ ਸਕੂਲ ਲਈ ਨਿਕਲ ਜਾਂਦੀ ਤੇ ਨੌਂ ਕੁ ਵਜੇ ਮੈਂ ਬੈਂਕ ਲਈ। ਸਾਰਾ ਦਿਨ ਆਪਣੀਆਂ-ਆਪਣੀਆਂ ਕਿੱਤੇ ਦੀਆਂ ਸਮੱਸਿਆਵਾਂ ਨਾਲ ਨਿਬੜਦਿਆਂ ਮਨ ਰੁੱਝਿਆ ਰਹਿੰਦਾ ਤੇ ਜ਼ਿੰਦਗੀ ਨਾਰਮਲ ਹੋਣ ਲਗਦੀ। ਅਜਿਹਾ ਹੀ ਸਹਿਜ-ਸੁਭਾਵਕਤਾ ਦਾ ਦੌਰ ਸੀ, ਜਦੋਂ ਮਨਾਲੀ ਦਾ ਪ੍ਰੋਗਰਾਮ ਬਣਾਇਆ। ਦੋਵੇਂ ਪਰਿਵਾਰ। ਦੋਹਾਂ ਦਾ ਇਕ-ਇਕ ਬੱਚਾ। ਮੈਂ ਤੇ ਇਕਬਾਲ ਪਹਿਲਾਂ ਇਕੋ ਬਰਾਂਚ 'ਚ ਕੁਲੀਗ ਹੁੰਦੇ ਸੀ। ਗੁਰਲੀਨ ਵੀ ਉੱਥੇ ਸੀ। ਸਾਡੀ ਸਾਂਝ ਕਰਕੇ ਉਸਦੀ ਲਲਿਤਾ ਨਾਲ ਸਾਂਝ ਬਣ ਗਈ। ਅਗਾਂਹ ਸਾਡੇ ਬੱਚੇ ਇਕੋ ਕਲਾਸ 'ਚ, ਇਕੋ ਸਕੂਲ 'ਚ। ਘੁੰਮਣ ਫਿਰਨ ਜਾਣ ਜਾਂ ਕਈ ਵਾਰ ਸ਼ਾਮ ਨੂੰ ਡਿਨਰ ਕਰਨ ਲਈ ਕਿਸੇ ਹੋਟਲ, ਢਾਬੇ, ਰੈਸਟੋਰੈਂਟ 'ਚ ਚਲੇ ਜਾਂਦੇ।

ਬੱਚੇ ਵੀ ਮਸਤੀ ਕਰਦੇ। ਪਰ ਤੁਰਨ ਤੋਂ ਐਨ ਇਕ ਦਿਨ ਪਹਿਲਾਂ ਸੋਨਿਕਾ ਦੀ ਆਈ ਫੋਨ ਕਾਲ ਨੇ ਸਾਰਾ ਪ੍ਰੋਗਰਾਮ ਗੁੜ-ਗੋਬਰ ਕਰ ਦਿੱਤਾ। ਸ਼ਾਇਦ ਲਲਿਤਾ ਨੂੰ ਲਗਦਾ ਸੀ, ਇਸਦਾ ਕੀ ਹੈ, ਘੁੰਮਣ-ਫਿਰਨ ਨਾ ਗਈ ਤਾਂ...?... ਰੋਬਿਨ ਇੱਥੇ ਹੀ ਵਾਹਵਾ ਮੌਜ ਕਰ ਲਵੇਗਾ! ਪਰ ਘੁੰਮਣ-ਫਿਰਨ ਜਾਣ ਨਾਲ ਕੁਝ ਸੁਪਨੇ ਵੀ ਤਾਂ ਜੁੜੇ ਹੋਏ ਸਨ; ਜ਼ਿੰਦਗੀ ਨੂੰ ਜੀਉਣ ਦੇ ਸੁਪਨੇ, ਜ਼ਿੰਦਗੀ ਨੂੰ ਮਾਨਣ ਦੇ ਸੁਪਨੇ! ਕਿਸੇ ਆਪਣੇ ਨਾਲ ਘੁੰਮਦਿਆਂ ਜ਼ਿੰਦਗੀ ਦੇ ਰੰਗ ਵੀ ਗੂੜ੍ਹੇ ਹੁੰਦੇ ਜਾਂਦੇ ਹਨ, ਇਕ ਸਾਂਝੇ ਸੁਪਨੇ 'ਚ ਵਟਦਾ ਹੋਇਆ ਆਪਾ, ਜਿੱਥੋਂ ਅਗਲੀ ਉਡਾਣ ਵੱਲ ਵਧਿਆ ਜਾ ਸਕਦਾ ਹੁੰਦਾ! ਉਹ ਇਸ ਪੈੜ ਤਕ ਪਹੁੰਚਣ ਤੋਂ ਪਹਿਲਾਂ ਵੀ ਉੱਕਦੀ ਰਹੀ ਸੀ, ਇਸ ਵਾਰ ਮੁੜ ਉੱਕ ਗਈ! ਉਸਨੂੰ ਅਹਿਸਾਸ ਹੀ ਨਾ ਹੋਇਆ, ਇਸ ਨਾਲ ਕਿਸੇ ਦੇ ਮਨ 'ਚੋਂ ਸੁਪਨੇ ਦੀਆਂ ਕੁਝ ਹੋਰ ਪੱਚਰਾਂ ਲਹਿ ਸਕਦੀਆਂ!

ਦਿਨੇ ਅਸੀਂ ਘੁੰਮਦੇ ਰਹਿੰਦੇ। ਕੁਦਰਤ ਦੀ ਨੇੜਤਾ ਤੇ ਰੁਮਕਦੇ ਖਿਆਲ ਮਨ 'ਚੋਂ ਕੁੜੱਤਣ ਤੇ ਚਿੜ ਨੂੰ ਵੀ ਕੱਢਦੇ ਰਹਿੰਦੇ, ਤੇ ਉਸ ਥਾਂ 'ਤੇ ਭਰਦੇ ਹੋਏ ਜੀਵੰਤ ਸੁਪਨੇ। ਛੇਵੇਂ ਦਿਨ ਸਵੇਰੇ ਨਾਸ਼ਤਾ ਕਰਕੇ ਮੁੜ ਪਏ। ਰਾਹ 'ਚ ਇਕ ਝਰਨੇ ਕੰਢੇ ਰੈਸਟੋਰੈਂਟ 'ਚ ਚਾਹ ਲਈ ਬੈਠੇ ਸੀ ਜਦ ਉਸਦਾ ਫੋਨ ਆਇਆ। ਉਸਨੂੰ ਤੇ ਰੋਬਿਨ ਨੂੰ ਮਿਲਣ ਦੀ ਲਲ੍ਹਕ ਭਬਕਣ ਲੱਗੀ, ਬਹੁਤ ਸਾਰੀਆਂ ਗੱਲਾਂ ਸਾਂਝੀਆਂ ਕਰਨ ਦੀ। ਕਈ ਥਾਵਾਂ ਦੀਆਂ ਮੋਬਾਇਲ 'ਤੇ ਸ਼ੂਟ ਕੀਤੀਆਂ ਵੀਡੀਓ ਬਾਰੇ ਗੱਲਾਂ ਕਰਨ ਦੀ, ਭਾਵੇਂ ਉਹਨਾਂ ਨੂੰ ਨਾਲੋ ਨਾਲ ਭੇਜਦਾ ਵੀ ਰਿਹਾ ਸਾਂ ਤੇ ਫਿਰ ਰੋਬਿਨ ਦੇ ਉਭਰਦੇ ਪ੍ਰਤੀਕਰਮ ਸੁਣਨ ਦੀ। ਉਸਦਾ ਰੋਸ, ਉਸਦਾ ਮੋਹ... ਉਸਦਾ ਖਿੜਦਾ ਚਿਹਰਾ ਤੇ ਉਭਰਦਾ ਗ਼ੁੱਸਾ, 'ਮੈਨੂੰ ਲੈ ਕੇ ਕਿਉਂ ਨੀ ਗਏ...!' ਪੰਜ ਦਿਨਾਂ ਬਾਅਦ ਲਲਿਤਾ ਨੂੰ ਮਿਲਣਾ...!... ਅਜੀਬ ਰਿਸ਼ਤਾ ਹੈ ਇਹ ਵੀ! ਘਰ 'ਚ ਰਹਿੰਦਿਆਂ ਅਕਸਰ ਤਣਾਅ ਬਣਿਆ ਰਹਿੰਦਾ... ਬੰਦਾ ਆਪਣੇ ਘਰ ਦੇ ਕਾਰਨਾਂ ਨੂੰ ਤਾਂ ਦੂਰ ਕਰ ਸਕਦਾ... ਪਰ ਉਸਦੇ ਪੇਕੇ ਘਰ ਦੀਆਂ ਸਮੱਸਿਆਵਾਂ.... !... ਉਸਦੀ ਮਾਂ ਵੇਲ਼ਾ-ਕੁਵੇਲ਼ਾ ਵੀ ਨਾ ਦੇਖਦੀ, ਅਕਸਰ ਏਕਮ ਦਾ ਰੋਣਾ ਲੈ ਕੇ ਬਹਿ ਜਾਂਦੀ, 'ਉਸਨੇ ਮੈਨੂੰ ਆਹ ਕਿਹਾ, ਉਸਨੇ ਮੈਨੂੰ ਅਹੁ ਕਿਹਾ', ਜਾਂ ਫਿਰ ਕੰਚਨ ਤੇ ਏਕਮ ਦੀ ਆਪਸੀ ਮਾਰਕੁਟਾਈ...!... ਕਈ ਵਾਰ ਉਸ ਘਰ 'ਚ ਉਹ ਗੱਲ ਪੰਜ-ਸੱਤ ਮਿੰਟ ਵਾਪਰੀ ਹੋਵੇਗੀ, ਪਰ ਫੋਨ 'ਤੇ ਉਸਦਾ ਵਿਸਥਾਰ ਘੰਟਿਆਂ ਤਾਂ ਕੀ ਦਿਨਾਂ ਤਕ ਫੈਲਿਆ ਰਹਿੰਦਾ। ਇਸਦਾ ਪਰਛਾਵਾਂ ਸਾਡੇ ਘਰ ਦੇ ਅੰਬਰ 'ਤੇ ਫੈਲ ਜਾਂਦਾ, ਕਦੇ ਬਰਸਾਤ ਦੇ ਗੂੜ੍ਹੇ ਛਾਏ ਬੱਦਲ਼ਾਂ ਵਾਂਗ ਜਿਨ੍ਹਾਂ 'ਚ ਜ਼ਿੰਦਗੀ ਦੀ ਧੁੱਪ ਉੱਕਾ ਹੀ ਢਕੀ ਜਾਂਦੀ; ਤੇ ਕਦੀ ਜਿਵੇਂ ਹਾੜ੍ਹ ਦੀ ਕੋਈ ਇਕੱਲੀ ਭਾਉਂਦੀ ਬੱਦਲ਼ੀ ਜਿਸਦਾ ਬਹੁਤੀ ਵਾਰ ਪਤਾ ਨਹੀਂ ਲਗਦਾ, ਪਰ ਉਸਦੀ ਹੋਂਦ ਹੁੰਦੀ ਹੈ ਪ੍ਰਤੱਖ ਜਾਂ ਅਪ੍ਰਤੱਖ। ਸਾਡੇ ਘਰ 'ਚ ਤਣਾਅ ਦੀ ਹੋਂਦ ਅਕਸਰ ਇੰਝ ਬਰਕਰਾਰ ਰਹਿੰਦੀ, ਜਿਹੜੀ ਮਨਾਲੀ ਘੁੰਮਦਿਆਂ ਜ਼ਿਹਨ 'ਚੋਂ ਲਗਪਗ ਅਪ੍ਰਤੱਖ ਹੋ ਗਈ ਸੀ। ਇਹੀ ਕਾਰਨ ਸੀ ਕਿ ਸ਼ਾਮ ਨੂੰ ਛੇ ਕੁ ਵਜੇ ਹੁਸ਼ਿਆਰਪੁਰ ਦੀ ਜੂਹ 'ਚ ਦਾਖਲ ਹੋਏ ਤਾਂ ਬਾਹਰਵਾਰ ਇਕ ਰੈਸਟੋਰੈਂਟ ਨੂੰ ਦੇਖ ਇਕਬਾਲ ਨੇ ਸੁਲਾਹ ਮਾਰੀ, "ਲਾਉਂਦੇ ਹਾਂ ਇੱਥੇ ਦੋ-ਦੋ ਪੈੱਗ?"

"ਇੰਨੇ ਦਿਨ ਰੋਜ਼ ਹੀ ਪੀਂਦੇ ਰਹੇ ਹਾਂ...ਨਾਲੇ ਥੱਕੇ ਪਏ ਹਾਂ, ਘਰ ਜਾ ਕੇ ਕੁਝ ਫਰੈਸ਼ ਹੋਈਏ!" ਮੈਂ ਮੁਸਕਰਾ ਕੇ ਕਿਹਾ। ਅਸਲ 'ਚ ਮਨ ਘਰ ਪਹੁੰਚਣ ਲਈ ਕਾਹਲ਼ਾ ਸੀ, ਰੋਬਿਨ ਤੇ ਲਲਿਤਾ ਨੂੰ ਮਿਲਣ ਲਈ। ਉਸਨੂੰ ਉਸਦੇ ਘਰ ਲਾਹ ਕੇ ਮੈਂ ਆਪਣੇ ਘਰ ਸਾਹਮਣੇ ਆ ਕੇ ਗੱਡੀ ਖੜ੍ਹੀ ਕੀਤੀ। ਲਲਿਤਾ ਨੇ ਆ ਕੇ ਗੇਟ ਖੋਹਲਿਆ। ਉਸਦੇ ਚਿਹਰੇ 'ਤੇ ਕੋਈ ਚਹਿਕ ਨਾ ਦਿਸੀ ਸਗੋਂ ਘੁੱਟਿਆ-ਘੁੱਟਿਆ ਜਿਹਾ ਲੱਗਾ। "ਠੀਕ ਤਾਂ ਹੈਂ!" ਮੈਨੂੰ ਝਟਕਾ ਲੱਗਿਆ ਉਸਨੂੰ ਦੇਖ। ਸਭ ਤੋਂ ਪਹਿਲਾਂ ਮਨ 'ਚ ਇਹੀ ਆਖਿਆ, 'ਸ਼ਾਇਦ ਠੀਕ ਨਹੀਂ।' ਦੂਸਰਾ, 'ਰੋਬਿਨ ਠੀਕ ਹੋਵੇ!' ਉਸਨੇ ਤਾਂ ਟੱਪ ਕੇ ਬਾਹਰ ਆਉਣਾ ਸੀ ਤੇ ਸਭ ਤੋਂ ਪਹਿਲਾਂ ਆਪਣੇ ਗ਼ੁੱਸੇ, ਗਿਲੇ, ਰੋਸੇ

ਉਸਨੇ ਹੀ ਜ਼ਾਹਰ ਕਰਨੇ ਸਨ।

"ਹਾਂ ਠੀਕ ਆਂ," ਕਹਿੰਦੀ ਉਹ ਅੰਦਰ ਮੁੜੀ ਤਾਂ ਅੰਦਰੋਂ ਮੈਨੂੰ ਆਪਣੇ ਸਹੁਰੇ ਦੀ ਆਵਾਜ਼ ਸੁਣੀ। ਰਿਟਾਇਰਡ ਸੂਬੇਦਾਰ ਚੜ੍ਹਤ ਸਿੰਘ, ਜਿਸਨੂੰ ਇਸ ਗੱਲ ਦਾ ਮਾਣ ਸੀ ਕਿ ਉਸਨੇ ਪੈਂਹਠ ਦੀ ਪਾਕਿਸਤਾਨ ਨਾਲ ਜੰਗ ਲੜੀ ਹੋਈ ਸੀ। ਡਰਾਇੰਗ-ਰੂਮ 'ਚ ਸਹੁਰੇ ਨਾਲ ਸੋਨਿਕਾ ਵੀ ਬੈਠੀ ਹੋਈ ਸੀ। ਰੋਬਿਨ ਤੇ ਹਰਨੂਰ ਵੀਡੀਓ ਗੇਮ 'ਤੇ ਲੱਗੇ ਹੋਏ।

"ਕਿਉਂ ਪਈ ਰੋਬਿਨ, ਪਾਪਾ ਨੂੰ ਨੀ ਮਿਲਣਾ?" ਮੈਂ ਚਹਿਕ ਕੇ ਉਸ ਵੱਲ ਹੱਥ ਵਧਾਏ ਤਾਂ ਉਹ ਉੱਠ ਕੇ ਮੇਰੀ ਗਲਵਕੜੀ 'ਚ ਆਇਆ। ਕੁਝ ਚਿਰ ਇਧਰ-ਉਧਰ ਦੀਆਂ ਗੱਲਾਂ ਕਰਦਿਆਂ, ਸਭ ਦੇ ਚਿਹਰਿਆਂ ਵੱਲ ਤੱਕਦਿਆਂ ਲੱਗਿਆ, ਜਿਵੇਂ ਮੇਰੇ ਆਉਣ ਤੋਂ ਪਹਿਲਾਂ ਜਿਹੜੀ ਗੱਲ ਉਹ ਕਰ ਰਹੇ ਸਨ, ਉਹ ਲੁਕਾਈ ਜਾ ਰਹੀ ਹੈ! ਇਕ ਦੂਸਰੇ ਵੱਲ ਝਾਕਦੇ ਜਿਵੇਂ ਕਿਸੇ ਫੈਸਲੇ 'ਤੇ ਪੁੱਜ ਰਹੇ ਹੋਣ, ਉਹ ਗੱਲ ਕਰਦੇ ਰਹਿਣਾ ਚਾਹੀਦਾ ਹੈ ਕਿ ਨਹੀਂ। ਲਲਿਤਾ ਉੱਠ ਕੇ ਚਾਹ ਬਣਾਉਣ ਲੱਗੀ। ਇਧਰ-ਉਧਰ ਦੀਆਂ ਕੁਝ ਗੱਲਾਂ ਹੁੰਦੀਆਂ ਰਹੀਆਂ, ਮੇਰੇ ਸਫ਼ਰ ਬਾਰੇ ਵੀ ਪੁੱਛਿਆ ਪਰ ਕਿਤੇ ਇਕ ਖੱਪਾ ਬਣਿਆ ਰਿਹਾ, ਜਿਸਦੀ ਚਾਹ ਪੀਂਦਿਆਂ ਸਮਝ ਆਈ, "ਪਾਪਾ ਜੀ ਨੇ ਤਾਂ ਸਵੇਰੇ ਹੀ ਚਲੇ ਜਾਣਾ ਸੀ ਪਰ ਤੁਹਾਨੂੰ ਉਡੀਕਣ ਲੱਗ ਪਏ।" ਉਸਦੇ ਕਹਿਣ ਦੇ ਅੰਦਾਜ਼ ਤੋਂ ਲੱਗਿਆ, ਗੱਲ ਸਿਰਫ਼ ਏਨੀ ਨਹੀਂ ਸੀ। ਮਸਲਾ ਕੁਝ ਹੋਰ ਸੀ ਪਰ ਉਸਨੇ ਅਗਾਂਹ ਉਸ ਵੇਲੇ ਕੁਝ ਨਾ ਕਿਹਾ।

"ਚਲੋ ਵਧੀਆ ਹੋਇਆ, ਮਿਲ ਲਿਆ।" ਮੈਂ ਸਹਿਜ ਰਿਹਾ, ਸਹਿਜਤਾ ਨਾਲ ਗੱਲਾਂ ਕਰਦਾ ਰਿਹਾ। ਉਂਝ ਮਨ 'ਚ ਸ਼ੰਕੇ ਸਿਰ ਚੁੱਕਣ ਲੱਗੇ। ਕੁਝ ਹੋਰ ਇਧਰ-ਉਧਰ ਦੀਆਂ ਗੱਲਾਂ ਤੋਂ ਬਾਅਦ ਸਰਦਾਰ ਚੜ੍ਹਤ ਸਿੰਘ ਫੁੱਟ ਹੀ ਪਿਆ, "ਏਕਮ ਤੇ ਕੰਚਨ ਦੇ ਕਲੇਸ਼ ਦਾ ਤਾਂ ਪਤਾ ਹੀ ਐ... ਚਾਰ ਦਿਨ ਪਹਿਲਾਂ ਉਹ ਰਾਤ ਨੂੰ ਕਿਤੋਂ ਸ਼ਰਾਬ ਪੀ ਕੇ ਆ ਗਿਆ। ਉਸਨੇ ਰੋਟੀ ਮੰਗੀ ਪਰ ਕੰਚਨ ਨਾ ਉੱਠੀ। ਬਹਿਸਬਾਜ਼ੀ ਨੂੰ ਸੁਣ ਤੁਹਾਡੀ ਮਾਂ ਉੱਠ ਪਈ, 'ਰੋਟੀ ਦਾ ਕੀ ਹੈ, ਮੈਂ ਲਾਹ ਦਿੰਦੀ ਹਾਂ ਦੋ ਰੋਟੀਆਂ।' ਪਰ ਉਹ ਕਿੱਥੇ ਮੰਨੇ? ਨਾ ਹੀ ਕੰਚਨ ਉੱਠੇ। ਇਸ ਵਿਚਾਲੇ ਇਸਨੇ ਉਸਦੇ ਦੋ ਚਾਰ ਥੱਪੜ ਜੜ ਦਿੱਤੇ। ਉਸਨੇ ਆਪਣੇ ਘਰ ਫੋਨ ਕਰ ਦਿੱਤਾ... ਰਾਤੀਂ ਹੀ ਉਸਦੇ ਭਰਾ ਭਤੀਜੇ ਆ ਕੇ ਉਸਨੂੰ ਲੈ ਗਏ, ਬਹੁਤ ਚੰਗਾ-ਮਾੜਾ ਬੋਲ ਕੇ ਵੀ ਗਏ... ਸਾਨੂੰ ਸੀ, ਗੱਲ ਕੁਝ ਠੰਡੀ ਪੈ ਜਾਵੇ ਤਾਂ ਵਿਚ ਕਿਸੇ ਨੂੰ ਪਾ ਕੇ ਜਾਵਾਂਗੇ..." ਉਹ ਲੜਾਈ ਝਗੜੇ ਦੇ ਵਿਸਥਾਰ ਦੱਸਦਾ ਰਿਹਾ।

"ਅਸੀਂ ਚਾਹੁੰਦੇ ਕੀ ਹਾਂ ਇਸ ਮਸਲੇ 'ਤੇ... ਇਹ ਕੋਈ ਪਹਿਲੀ ਵਾਰ ਤਾਂ ਹੈ ਨੀ!" ਮੈਨੂੰ ਗ਼ੁੱਸਾ ਆਉਣ ਲੱਗਾ। ਸਾਡੇ ਵਿਆਹ ਤੋਂ ਪਹਿਲਾਂ ਦਾ ਹੀ ਇਹ ਕੁੱਤੀ-ਚੀਕਾ ਚੱਲ ਰਿਹਾ ਸੀ। ਨਸ਼ਿਆਂ ਦੀ ਦਲਦਲ 'ਚ ਖੁਭੇ ਏਕਮ ਨੂੰ ਨਾ ਘਰ ਦੀ ਕੋਈ ਫ਼ਿਕਰ ਸੀ, ਨਾ ਬੱਚਿਆਂ ਦੀ। ਨਸ਼ੇੜੀਆਂ ਨਾਲ ਹਰਨਾਂ ਦੇ ਸਿੰਗੀਂ ਚੜ੍ਹਿਆ, ਉਹ ਕਈ ਵਾਰ ਦੋ-ਦੋ, ਚਾਰ-ਚਾਰ ਦਿਨ ਵੀ ਘਰ ਨਾ ਮੁੜਦਾ। ਸਹੁਰੇ ਦੀ ਪੈਨਸ਼ਨ ਆਸਰੇ ਚਲਦਾ ਘਰ... ਪਰ ਵਿਆਹੀ ਕੁੜੀ ਨੇ ਸਿਰਫ਼ ਰੋਟੀ ਹੀ ਥੋੜ੍ਹਾ ਖਾਣੀ ਹੁੰਦੀ ਐ! ਉਸਦੇ ਕੁਝ ਸੁਪਨੇ ਵੀ ਹੁੰਦੇ ਹਨ। ਉਹਨਾਂ ਸੁਪਨਿਆਂ ਨੂੰ ਵਧਦਿਆਂ-ਫੁਲਦਿਆਂ ਦੇਖਣਾ ਚਾਹੁੰਦੀ ਹੈ। ਉਦੋਂ ਤਾਂ ਵਿਆਹ ਲਿਆ, ਵਿਆਹ ਤੋਂ ਬਾਅਦ ਆਪੇ ਸੁਧਰ ਜਾਊ, ਪਰ ਉਸਦੀ ਗਰਕਣ ਮੁੱਕੀ ਨਾ...!... ਤੇ ਇਸ ਗਰਕਣ ਨਾਲ ਸਿਸਕਦਾ ਹੋਇਆ ਸਾਡਾ ਘਰ ਵੀ!

ਚਾਹ ਪੀ ਕੇ ਮੈਂ ਉਪਰ ਆਪਣੇ ਬੈੱਡਰੂਮ 'ਚ ਆ ਗਿਆ ਫਰੈਸ਼ ਹੋਣ ਲਈ। ਮੇਰੇ ਮਗਰੇ ਲਲਿਤਾ ਵੀ ਆ ਗਈ, "ਪਾਪਾ ਜੀ ਕਹਿ ਰਹੇ ਐ, ਤੁਸੀਂ ਵੀ ਸਾਡੇ ਨਾਲ ਚੱਲੋ?"

"ਮੈਂ ਥੱਕਿਆ-ਟੁੱਟਿਆ ਆਇਆ ਹਾਂ ਸਫ਼ਰ 'ਚੋਂ... ਹੁਣ ਹਿੰਮਤ ਨੀ!" ਮੇਰਾ ਘਰ ਆਉਣ ਦਾ ਰਹਿੰਦਾ-ਖੂੰਹਦਾ ਚਾਅ ਵੀ ਕਾਫੂਰ ਹੋ ਗਿਆ ਤੇ ਇਕ ਤਣਾਅ ਜ਼ਿਹਨ 'ਚ ਧੂੰਏ ਦੇ

ਗੁਬਾਰ ਵਾਂਗ ਫੈਲਣ ਲੱਗਾ।

"ਉਹਨਾਂ ਨੂੰ ਕਹਿ ਦਿੰਦੀ ਹਾਂ ਸਵੇਰੇ ਆ ਜਾਵਾਂਗੇ।"

"ਸਵੇਰੇ ਮੈਂ ਕਿੰਝ ਜਾ ਸਕਦਾਂ...?... ਤੈਨੂੰ ਪਤਾ ਤਾਂ ਹੈ ਬਰਾਂਚ ਦਾ ਅੱਜਕਲ ਕੀ ਹਾਲ ਐ?"

"ਫਿਰ...?... ਉਹਨਾਂ ਨੂੰ ਜਾਣ ਦਿੰਦੀ ਹਾਂ। ਮੈਨੂੰ ਸਵੇਰੇ ਬੱਸੇ ਚੜ੍ਹਾ ਦੇਣਾ... ਰੋਬਿਨ ਨੂੰ ਵੀ ਛੁੱਟੀਆਂ ਐ, ਉਹ ਵੀ ਦੋ-ਚਾਰ ਦਿਨ ਘੁੰਮ ਆਵੇਗਾ... ਨਾਲੇ ਨੂਰ ਹੋਰਾਂ ਕੋਲ਼ ਜਾ ਆਵਾਂਗੇ।" ਉਸਨੇ ਅੱਖਾਂ 'ਚ ਕੁਝ ਕਾਮੁਕਤਾ ਭਰ ਕਿਹਾ, "ਚੰਗਾ ਥੋੜ੍ਹਾ ਲਗਦਾ ਹੈ, ਹੁਣੇ ਤੁਸੀਂ ਆਏ ਤੇ ਮੈਂ ਤੁਰ ਪਵਾਂ!"

"ਸਵੇਰੇ ਵੀ ਤਾਂ ਜਾਣਾ ਹੀ ਹੈ... 'ਕੱਲੀ ਧੱਕੇ ਖਾਂਦੀ ਫਿਰੇਂਗੀ...ਹੁਣ ਸਗੋਂ ਨਾਲ ਐ।" ਮਨ ਅੰਦਰ ਬਣ ਰਹੀ ਘੁੰਮਣ-ਘੇਰੀ ਨੂੰ ਮੈਂ ਪਰਗਟ ਨਾ ਹੋਣ ਦਿੱਤਾ, ਅੰਦਰ ਹੀ ਅੰਦਰ ਘੁੱਟ ਲਿਆ! ਜੇ ਇਸਨੂੰ ਘਰ ਰਹਿਣ ਦਾ ਚਾਅ ਨਹੀਂ ਤਾਂ ਫਿਰ ਕਿਉਂ ਰੋਕਾਂ? ਕੀ ਮੈਨੂੰ ਹੀ ਬਹੁਤੀ ਲੋੜ ਹੈ! ਕਿਉਂ ਅਣਚਾਹਿਆ ਪਿਆਰ ਲੋੜਾਂ! ਇਸ ਰੋਸ ਦੀ ਤਹਿ ਤਕ ਪਰ ਉਹ ਨਾ ਪਹੁੰਚੀ। ਉਸਦਾ ਮਨ ਤਾਂ ਹੋਰ ਕਈ ਕੁਝ ਨਾਲ ਭਰਿਆ ਹੋਇਆ ਸੀ, ਉਸ 'ਚ ਮੇਰੇ ਜਜ਼ਬਾਤ ਜਾਂ ਉਭਰਦੇ ਰੋਸ ਤਕ ਉਸਦੀ ਨਜ਼ਰ ਜਾ ਵੀ ਕਿੱਥੇ ਸਕਦੀ ਸੀ! ਨਾਲੇ ਇਹ ਕੋਈ ਨਵੀਂ ਗੱਲ ਥੋੜ੍ਹਾ ਸੀ? ਇਸ ਸਾਰੇ ਕੁਝ 'ਚ ਉਸਦੀ ਪੇਕੇ ਘਰ ਲਈ ਲਲ੍ਹਕ, ਹਾਲਾਂਕਿ ਉਸ ਘਰ 'ਚ ਏਕਮ ਦੀਆਂ ਵਧਦੀਆਂ ਹੀ ਜਾ ਰਹੀਆਂ ਆਪਹੁਦਰੀਆਂ... ਉਸੇ ਅਨੁਪਾਤ 'ਚ ਵਧਦੇ ਤਣਾਅ, ਇਸ ਘਰ 'ਚ ਵੀ ਜ਼ਿੰਦਗੀ ਨੂੰ ਚਰਦੇ ਹੋਏ...!... ਪਹਿਲਾਂ ਪਹਿਲਾਂ ਮੈਂ ਕੋਸ਼ਿਸ਼ ਕੀਤੀ ਸੀ ਦਖਲ ਦੇਣ ਦੀ! ਪਰ ਛੇਤੀ ਇਹ ਅਹਿਸਾਸ ਹੋ ਗਿਆ ਸੀ ਇਸ 'ਚ ਕੁਝ ਨਹੀਂ ਕੀਤਾ ਜਾ ਸਕਦਾ। ਸਾਰੇ ਤਾਸ਼ ਦੇ ਪੱਤੇ ਆਪਣੇ ਆਪਣੇ ਹਿਸਾਬ ਨਾਲ ਚੱਲ ਰਹੇ ਸਨ। ਨਸ਼ਿਆਂ ਲਈ ਪੈਸੇ ਤਾਂ ਉਹ ਘਰੋਂ ਹੀ ਲਿਜਾਂਦਾ ਸੀ। ਕਦੀ ਮਾਂ ਤੋਂ ਖੋਹ-ਖਿੰਝ, ਕਦੀ ਮਰਨ ਦਾ ਡਰਾਵਾ ਦੇ ਕੇ, ਕਦੀ ਕੋਈ ਚੀਜ਼ ਵੇਚ ਲੈਂਦਾ।

"ਮੇਰਾ ਮਨ ਜਿਹਾ ਨਹੀਂ ਮੰਨ ਰਿਹਾ?" ਸਾਫ਼ ਲੱਗ ਰਿਹਾ ਸੀ ਉਸਦੇ ਅੰਦਰੋਂ ਨਹੀਂ ਨਿਕਲ ਰਹੀ ਇਹ ਗੱਲ!

"ਮਨ ਨੂੰ ਕੀ ਹੈ...?... ਕਦੋਂ ਜਾਣਾ... ਮੈਂ ਬੱਸ ਅੱਡੇ ਤੋਂ ਚੜ੍ਹਾ ਆਉਂਦਾ ਹਾਂ," ਕਹਿ ਕੇ ਮੈਂ ਵਾਸ਼ਰੂਮ 'ਚ ਲੰਘ ਗਿਆ। ਦਿਲੋਂ ਲੱਗ ਰਿਹਾ ਸੀ ਹੁਣ ਉਹ ਚਲੀ ਹੀ ਜਾਏ! ਕਿਤੇ ਮਨ ਦਾ ਰੋਸ ਉਸਨੂੰ ਸਾਹਮਣੇ ਫਿਰਦੀ ਦੇਖ ਵਿਸਫੋਟ 'ਚ ਨਾ ਬਦਲ ਜਾਵੇ!

ਨਹਾ ਕੇ ਹੇਠਾਂ ਆਇਆ ਤਾਂ ਉਹ ਸਾਰੇ ਜਣੇ ਲਗਪਗ ਤਿਆਰ ਬੈਠੇ ਸਨ। ਉਹਨਾਂ ਨਾਲ ਲਲਿਤਾ ਦਾ ਬੈਗ ਵੀ। "ਸਬਜ਼ੀਆਂ ਫਰਿੱਜ 'ਚ ਪਈਆਂ ਹੋਈਆਂ...ਹੁਣ ਦੇ ਫੁਲਕੇ ਵੀ ਬਣਾ ਕੇ ਹੋਟ-ਕੇਸ 'ਚ ਰੱਖ ਦਿੱਤੇ ਐ?।" ਉਸਨੇ ਜਿਵੇਂ ਆਪਣੇ ਫਰਜ਼ ਪੂਰੇ ਕਰ ਦਿੱਤੇ ਸਨ। "ਸਵੇਰੇ ਅਲਕਾ ਸਫਾਈ ਕਰਨ ਆਈ ਤਾਂ ਉਸਨੂੰ ਕਹਿਣਾ, ਦੋ ਪਰੌਂਠੀਆਂ ਲਾਹ ਦੇਵੇਗੀ।"

ਉਸਦੀਆਂ ਗੱਲਾਂ ਨੂੰ 'ਹੂੰ ਹਾਂ' ਦਾ ਹੁੰਗਾਰਾ ਭਰ ਮੈਂ ਕਾਰ ਦੀ ਚਾਬੀ ਚੁੱਕੀ ਤੇ ਉਹਨਾਂ ਨੂੰ ਬਹਾ ਬਸ-ਅੱਡੇ ਲਈ ਤੁਰ ਪਿਆ। ਬੱਚੇ ਆਪਣੇ ਆਪ 'ਚ ਮਸਤ ਸਨ ਤੇ ਲਲਿਤਾ, ਸੋਨਿਕਾ ਆਪਣੇ ਬਾਪ ਨਾਲ ਕੰਚਨ ਦਾ ਤਵਾ ਲਾਉਣ, ਉਸਦੇ ਨੁਕਸ ਕੱਢਣ 'ਚ। "ਭਲਾ ਐਉਂ ਵੀ ਕੋਈ ਕਰਦਾ ਹੁੰਦਾ!" 000

***(95-ਸੀ, ਪੰਜਾਬ ਐਵੇਨਿਊ, ਸੁਭਾਨਾ, ਜਲੰਧਰ-144 022***
***ਫੋਨ: +91-95309-44345)***

## ਖ਼ੁਸ਼ਬੂ ਜਾਤ ਨਾ ਜਾਣਦੀ: ਕਹਾਣੀ: ਜੋਗੇ ਭੰਗਲ

"ਯਾਰ ਕਮਾਲ ਆ! ਵਾਕਈ, ਇਹ ਪੰਡਿਤ ਤਾਂ ਅਸਲ ਜੱਟ ਆ।" ਉਹਦੀ ਕਾਮਯਾਬੀ ਮੇਰੇ ਮੂੰਹ ਚੜ੍ਹ ਕੇ ਬੋਲੀ ਸੀ।

"ਹਾਂ, ਟੱਟੂ ਦਾ ਜੱਟ ਆ।....ਆਹੋ, ਉਂਝ ਗੁੜ ਘੱਟ ਵਿਕਦਾ, ਨਸ਼ੇ ਜਿਆਦਾ ਵਿਕਦੇ ਆ।" ਇੰਝ ਕਹਿ ਕੇ ਮਿਸਤਰੀ ਰਾਣੇ ਨੇ ਪੰਡਿਤ ਪ੍ਰਤੀ ਮੇਰੇ ਮਨ 'ਚ ਜੋ ਸਤਿਕਾਰ ਸੀ, ਉਹਦੀ ਜਿਵੇਂ ਫੂਕ ਕੱਢ ਤੀ।

'ਮੈਨੂੰ ਨਈਂ ਪਤਾ, ਇਸ ਮਿਸਤਰੀ ਨੂੰ ਕਿਉਂ ਇਸ ਤੋਂ ਚਿੜ ਏ। ਪਰ ਜਦ ਵੀ ਜਾ ਕੇ ਉਹਦੇ ਵੇਲਣੇ 'ਤੇ ਦੇਖੋ ਤਾਂ ਗੁੜ ਲੈਣ ਵਾਲ਼ਿਆਂ ਦੀਆਂ ਲਾਈਨਾਂ ਲੱਗੀਆਂ ਹੁੰਦੀਆਂ।....ਬਾਕੀ, ਕੋਈ ਗੱਲ ਨਈਂ, ਮਿਸਤਰੀ ਦੀ ਗੱਲ ਦੀ ਵੀ ਕਿਤੇ ਘੋਖ ਕਰ ਲਾਂ ਗੇ।' ਮੈਂ ਮਨ ਈ ਮਨ ਸੋਚਿਆ।

ਨਾਂ ਸੀ ਉਹਦਾ ਕਸ਼ਮੀਰ ਸੂੰਹ। ਉਂਝ ਸ਼ੀਰਾ-ਸ਼ੀਰਾ ਕੈਂਦੇ੍। ਉਹਦੇ ਯਾਰ-ਬੇਲੀ ਉਹਨੂੰ ਪੰਡਿਤ ਕਹਿ ਕੇ ਬੁਲਾਂਦੇ। ਉਂਝ ਉਹ ਸਰਦਾਰ ਸੀ। ਵੈਸੇ ਤਾਂ ਉਹ ਪੰਡਿਤ ਵੀ ਨਈਂ ਸੀ, ਐੱਸ.ਸੀ. ਸੀ। ਰੰਗ ਉਹਦਾ ਜਰੂਰ ਪੰਡਿਤਾਂ ਨੂੰ ਮਾਤ ਪਾਉਂਦਾ। ਵੈਸੇ ਤਾਂ ਉਹ ਸਮਝ ਤੋਂ ਵੀ ਪੰਡਿਤੇ ਲਗਦਾ ਸੀ। ਉਹਦੇ ਯਾਰ ਬੇਲੀ ਤਾਂ ਕਈ ਵਾਰ ਸ਼ੁਗਲ-ਸ਼ੁਗਲ 'ਚ ਉਹਦੇ ਮੂੰਹ 'ਤੇ ਕਹਿ ਦਿੰਦੇ-ਕਿਸੇ ਬਾਹਮਣ ਦੀ ਸੱਟ ਲਗਦਾਂ। ਉਹ ਕਿਹੜਾ ਗੁੱਸਾ ਕਰਦਾ ਸੀ। ਹੱਸ ਕੇ ਮੋੜਵਾਂ ਜੁਵਾਬ ਦਿੰਦਾ- ਇੱਦੋਂ ਆ, ਕਦੇ ਬਾਬੇ ਦੀਆਂ ਕਦੇ ਪੋਤੇ ਦੀਆਂ। ਕਿਤੇ ਸਾਡਾ ਦਾਅ ਲੱਗਾ ਤਾਂ ਸੱਟ ਮਾਰਨ ਨੂੰ ਆਪਾਂ ਕਿਹੜਾ ਢਿੱਲ ਕਰਨ ਲੱਗੇ ਆਂ। ਓਹੀ ਗੱਲ ਹੋਈ। ਮੌਕਾ ਉਹਨੂੰ ਸਬੱਬ ਨਾਲ਼ ਮਿਲ਼ ਗਿਆ ਤੇ ਸੱਟ ਉਹਨੇ ਵੀ ਠੋਕ ਤੀ।

ਪੰਡਿਤ ਦੀ ਅੱਲ ਉਹਨੂੰ ਜੁੱਤੀਆਂ ਖਾ ਕੇ ਨਸੀਬ ਹੋਈ। ਜੁੱਤੀਆਂ ਮਾਰੀਆਂ ਪੰਡਿਤਾਂ ਨੇ। ਪੰਡਿਤਾਂ ਨੇ ਮਾਰੀਆਂ ਤਾਂ, ਅਗਲਿਆਂ ਦੀ ਕੁੜੀ ਭਜਾਣ ਨੂੰ ਫਿਰਦਾ ਸੀ। ਪਰ ਸ਼ੀਰਾ ਕਹਿੰਦਾ ਕਿ ਉਹ ਮੈਨੂੰ ਭਜਾਣ ਨੂੰ ਫਿਰਦੀ ਸੀ। ਉਹ ਤਾਂ ਐਨ ਮੌਕੇ 'ਤੇ ਉਹਦੇ ਗੁਆਂਢੀ, ਉਹਦੀ ਹੀ ਬਰਾਦਰੀ ਦੇ ਰਾਣੇ ਮਿਸਤਰੀ ਨੇ ਬੇੜੀਆਂ 'ਚ ਵੱਟੇ ਪਾ ਤੇ। ਉਸ ਪੰਡਤਾਣੀ 'ਤੇ ਅੱਖ ਰਾਣੇ ਦੀ ਵੀ ਸੀ। ਅਖੇ ਕੁੱਤੇ ਦਾ ਕੁੱਤਾ ਵੈਰੀ। ਪੰਡਿਤਾਂ ਦੇ ਨਾਲ਼ ਮੋਹ੍ਰੇ ਹੋ ਕੇ ਤੌਣੀ ਰਾਣੇ ਨੇ ਵੀ ਲਾ ਕੇ ਆਪਣੀ ਭੜਾਸ ਕੱਢ ਲਈ। ਮਹੀਨਾ ਭਰ ਸ਼ੀਰੇ ਤੋਂ ਮੰਜਿਉਂ ਭੁੰਜੇ ਪੈਰ ਨਈਂ ਧਰਿਆ ਗਿਆ। ਉਨੇ ਸਮੇਂ 'ਚ ਪੰਡਿਤਾਂ ਨੇ ਕੁੜੀ ਵਿਆਹ ਕੇ ਵਿਦਾਅ ਕਰ ਤੀ। ਪਹਿਲਾਂ ਪਹਿਲ ਸ਼ੀਰੇ ਦੇ ਯਾਰ-ਬੇਲੀ ਉਹਦੇ ਪਏ ਨੀਲਾਂ ਨੂੰ ਦੇਖ ਕੇ ਉਹਨੂੰ ਨੀਲੇ-ਨੀਲੇ ਕਹਿ ਛੇੜਦੇ। ਊਂ ਨੀਲੇ ਉਹਦੀ ਮਸ਼ੂਕਾ ਦਾ ਨਾਂ ਸੀ। ਪਰ ਉਹਦੇ ਵਿਆਹ ਤੋਂ ਬਾਅਦ ਉਹਨੇ ਉਹਦਾ ਪਿੱਛਾ ਨਾ ਕੀਤਾ। ਨਾ ਉਹਨੇ ਇਹਦੀ ਬਹੁਤੀ ਘੋਖ ਈ ਪੱਟੀ। ਪਰ ਉਹ ਉਹਨੂੰ ਭੁੱਲਿਆ ਵੀ ਨਈਂ ਸੀ। ਅੱਲ ਉਹਦੀ ਪੰਡਿਤ ਜ਼ਰੂਰ ਪੈ ਗਈ ਸੀ। ਉਹਨੇ ਵਿਆਹ ਨਈਂ ਕਰਵਾਇਆ ਸਾਰੀ ਉਮਰ। ਕਿਉਂ ਨਾ ਕਰਵਾਇਆ, ਉਹਦੀਆਂ ਉਹ ਜਾਣੇ। ਨਹੀਂ ਤਾਂ ਵਿਆਹ ਨੂੰ ਕਿਹੜਾ ਉਹਦੇ 'ਚ ਕੋਈ ਕੱਜ ਸੀ। ਸੋਹਣਾ-ਸੁਨੱਖਾ ਬਥੇਰਾ ਸੀ। ਸਿਰੇ ਦਾ ਉਹ ਕਾਮਾ, ਗੁਣੀ-ਗਿਆਨੀ।

ਕਈ ਸਾਲਾਂ ਤੋਂ ਐਨ ਮੇਨ ਰੋਡ 'ਤੇ ਉਹਦਾ ਵੇਲਣਾ ਘੜੂੰ-ਘੜੂੰ ਚੱਲ ਰਿਹਾ ਸੀ। ਪਹਿਲਾਂ-ਪਹਿਲ ਉਹਨੇ ਇਕ ਜ਼ੀਮੀਦਾਰ ਤੋਂ ਇਹ ਥਾਂ ਅਤੇ ਵੇਲਣਾ ਕਿਰਾਏ 'ਤੇ ਲੈ ਕੇ ਇਹ ਕੰਮ ਸ਼ੁਰੂ

ਕੀਤਾ। ਪਹਿਲੇ ਸੀਜ਼ਨ ਕੰਮ ਉਹਦਾ ਠੀਕ-ਠਾਕ ਸਾਵਾਂ ਜਿਹਾ ਰਿਹਾ। ਬੱਸ ਫਿਰ ਚੱਲ ਸੋ ਚੱਲ। ਮੋੜ੍ਹਲੇ ਸੀਜ਼ਨ 'ਚ ਲਾਈਨਾਂ ਲੱਗਣੀਆਂ ਸ਼ੁਰੂ ਹੋ ਗਈਆਂ। ਆਲ਼ੇ-ਦੁਆਲ਼ੇ ਦੇ ਕੁਝ ਜ਼ੀਮੀਦਾਰਾਂ ਨੇ ਉਹਦੀ ਚੜ੍ਹਤ ਦੇਖ ਕੇ, ਉਹਨਾਂ ਨੇ ਵੀ ਬਰਾਬਰ ਵੇਲਣੇ ਗੱਡ ਦਿੱਤੇ ਪਰ ਉਹ ਉਹਨੂੰ ਮਾਤ ਨਾ ਦੇ ਸਕੇ। ਇਕੋ ਸੀਜ਼ਨ ਚਲਾ ਕੇ ਉਹਨਾਂ ਦੀ ਭੂਤਨੀ ਘੁੰਮ ਗਈ। ਅਖੇ ਇਹ ਤਾਂ ਬੜਾ ਖੱਜਲ਼-ਖੁਆਰੀ ਦਾ ਕੰਮ ਆਂ। ਆਪਾਂ ਦਾ ਤਾਂ ਮਿੱਲ 'ਤੇ ਸੂਤ ਆਂ। ਗੰਨੇ ਵੱਢਣੇ, ਛਿੱਲਣੇ, ਲੱਦਣੇ ਭਈਆਂ ਨੇ। ਆਪਾਂ ਤਾਂ ਬਸ ਟਰੈਕਟਰ 'ਤੇ ਬਹਿਣਾ। ਟਰਾਲੀ ਸਿੱਟੋ, ਪੈਸੇ ਚੱਕੋ। ਸਿੱਧਾ-ਸਾਧ੍ਹਾ ਕੰਮ, ਹਿੜਕ ਨਾ ਝਿੜਕ। ਵੇਲਣਾ ਤਾਂ ਇਹ ਪੰਡਿਤ ਦਾ ਚਲਦਾ ਸੀ ਜਾਂ ਫਿਰ ਸੜਕਾਂ ਉੱਤੇ ਪ੍ਰਵਾਸੀਆਂ ਦੇ। ਜ਼ੀਮੀਦਾਰ ਤਾਂ ਅੱਜ-ਕਲ ਕੋਈ-ਕੋਈ ਨਿੱਤਰਦਾ।

ਮੈਨੂੰ ਦੇਖ ਕੇ ਬੜਾ ਅਚੰਭਾ ਕਿ ਇਹਨਾਂ ਦੀਆਂ ਆਪਣੀਆਂ ਜ਼ਮੀਨਾਂ, ਸਿਰਫ਼ ਲੇਬਰ ਦਾ ਖਰਚ ਸੀ। ਇਹ ਬੱਸ ਐਨੇ ਤੋਂ ਵੀ ਰਹਿ ਗਏ। ਉੱਧਰ ਸ਼ੀਰੇ ਨੇ ਕਿਰਾਏ ਦੇ ਥਾਂ 'ਤੇ ਵੇਲਣਾ ਚਲਾਇਆ। ਮੁੱਲ ਦਾ ਗੰਨਾ। ਬਾਕੀ ਰਹਿ ਗਈ ਲੇਬਰ। ਉਹਨੂੰ ਫੇਰ ਵੀ ਬਚਦਾ। ਬਚਦਾ ਕਰਕੇ ਉਹ ਵੇਲਣੇ ਵਾਲ਼ੀ ਥਾਂ ਛੱਡਿਆ, ਹੁਣ ਤਾਂ ਨਾਲ਼ ਹੋਰ ਉਹ ਚਾਰ-ਪੰਜ ਕਨਾਲ਼ ਥਾਂ ਖਰੀਦ ਗਿਆ। ਇਹ ਵੀ ਨਈਂ ਪਈ ਉਹ ਹੇਰਾ-ਫੇਰੀ ਕਰਦਾ ਜਾਂ ਉਹਦਾ ਮਿੱਠਾ ਬੇਸੁਆਦਾ। ਮਜਾਲ ਕਿ ਬਾਕੀਆਂ ਵਾਂਗ ਉਹਦੇ ਗੁੜ ਦੀ ਚਾਹ ਫਿੱਟ ਜਏ। ਮੈਂਖਿਆ ਵਾਕਿਆ ਈ ਬੰਦਾ ਇਹ ਸਕੀਮੀ ਆਂ।

ਇਕ ਦਿਨ ਪੰਡਿਤ ਬਾਰੇ ਸੋਚਦਿਆਂ-ਸੋਚਦਿਆਂ ਮੇਰੇ ਮਨ 'ਚ ਵਿਚਾਰ ਆਇਆ ਕਿ ਇਹਦੀ ਇੰਟਰਵਿਊ ਕਰਕੇ ਕਿਤੇ ਮੀਡੀਆ 'ਚ ਲਾਉਂਣੀ ਚਾਹੀਦੀ। ਮੈਂ ਫ਼ੁਰਸਤ ਦੇ ਪਲ ਦੇਖ ਕੇ ਉਹਦੇ ਟਿਕਾਣੇ 'ਤੇ ਜਾ ਪਹੁੰਚਿਆ। ਉਹ ਨਾਹ-ਧੋ ਕੇ ਧੁੱਪੇ ਬੈਠਾ ਵਾਲ਼ ਸੁਕਾ ਰਿਹਾ ਸੀ।

"ਅੱਜ ਕਿੱਦਾਂ ਛੁੱਟੀ ਮਾਰ ਲਈ ਪੰਡਿਤ ਜੀ ?"

"ਮਾਸਟਰ ਜੀ, ਮਾਰਨੀ ਪੈਂਦੀ ਆ ਕਦੇ-ਕਦੇ, ਜਦ ਮਿੱਠੇ-ਮੈਲ਼ ਨਾਲ਼ ਵਾਲ਼ੂ ਜੁੜ ਕੇ ਗਿਚ-ਗਿਚ ਕਰਨ ਲੱਗ ਪੈਂਦੇ। ਨਾਲ਼ ਦੇ ਬੰਦੇ ਵੀ ਥੋੜ੍ਹਾ ਅੱਕ-ਥੱਕ ਜਾਂਦੇ ਆ। ਸਰੀਰ ਤਰੋਤਾਜ਼ਾ ਕਰਨ ਲਈ, ਨਾਲ਼ੇ ਸੰਦ-ਸਮਾਨ ਦੀ ਮਾੜੀ-ਮੋਟੀ ਸਫ਼ਾਈ ਕਰ ਲਈਦੀ ਆ। ਉਹ ਵੀ ਰਿਸਟ ਚਾਹੁੰਦੇ ਆ।.....ਬਾਕੀ ਮਾਸਟਰਾਂ ਆਂਗਰ ਛੁੱਟੀਆਂ ਤਾਂ ਨਈਂ ਹੁੰਦੀਆਂ।"

"ਆਹੋ, ਬਈ ਆਪਾਂ ਹੁਣ ਕਾਦ੍ਹੇ ਮਾਸਟਰ ਆਂ, ਐਮੇਂ ਚੱਲੇ ਕਾਰਤੂਸ ਆਂ। ਰਿਟਾਇਰਮੈਂਟ ਤੋਂ ਬਾਅਦ ਤਾਂ ਹੁਣ ਛੁੱਟੀਆਂ-ਛੁੱਟੀਆਂ।.....ਅੱਛਾ ਯਾਰ ਇਹ ਦੱਸ, ਤੈਨੂੰ ਇਹ ਵੇਲਣਾ ਚਲਾਉਣ ਦੀ ਚੂੰਡ ਕਿੱਦਾਂ ਪਈ?"

" ਹੋਈ ਇੱਦਾਂ, ਮੈਂ ਇਕ ਆਰੀਂ ਘਰਦਿਆਂ ਨਾਲ਼ ਰੁੱਸ ਕੇ ਨਾਨਕੀਂ ਜਾ ਵੜਿਆ। ਮੇਰਾ ਮਾਮਾ ਉੱਥੇ ਜੀਮੀਦਾਰ ਨਾਲ਼ ਪਿੜਾਈ ਦੇ ਕੰਮ 'ਚ ਸੀਰੀ ਸੀ। ਉਹ ਮੈਨੂੰ ਵੀ ਨਾਲ਼ ਲਿਜਾਣ ਲੱਗ ਪਿਆ। ਉੱਥੇ ਮਿੱਠਾ ਖਾਣ ਨੂੰ ਤੇ ਰਸ ਪੀਣ ਨੂੰ। ਮੇਰਾ ਐਸਾ ਚਿੱਤ ਲੱਗਾ, ਮੈਂ ਸਾਰਾ ਸੀਜ਼ਨ ਆਪਣੇ ਪਿੰਡ ਈ ਨਾ ਗਿਆ। ਉਸ ਸੀਜਨ ਦੋਰਾਨ ਮੈਂ ਅੱਧ-ਪਚੱਧਾ ਕੰਮ ਨਿਆਣਾ ਹੁੰਦਾ ਈ ਸਿੱਖ ਗਿਆ। ਮੈਨੂੰ ਅਜੇ ਵੀ ਯਾਦ ਏ, ਉਸ ਜੀਮੀਦਾਰ ਨੇ ਮੇਰੀ ਪਿੱਠ ਥਾਪੜਦਿਆਂ ਮੇਰੇ ਮਾਮੇ ਨੂੰ ਸੰਬੋਧਨ ਹੁੰਦਿਆਂ ਕਿਹਾ ਸੀ ਕਿ ਪਰਸਿਆ, ਇਹ ਤੇਰਾ ਭਾਣਜਾ ਜਿੰਦਗੀ 'ਚ ਕਿਤੇ ਮੱਲ ਮਾਰੂ, ਮੇਰੀ ਗੱਲ ਨੋਟ ਕਰ ਲਾ। ਮਾਮੇ ਨੇ ਤਾਂ ਗੱਲ ਉਦੋਂ ਹਾਸੇ 'ਚ ਟਾਲ਼ ਦਿੱਤੀ ਪਰ ਇਹ ਗੱਲ ਮੇਰੇ ਮਨ 'ਚ ਬੈਠ ਗਈ। ਮੈਂਖਿਆ ਕੁਛ ਨਾ ਕੁਛ ਤਾਂ ਜ਼ੀਮੀਦਾਰ ਨੂੰ ਮੇਰੇ 'ਚ ਦਿਸਿਆ ਹਊ ਜਿਹੜਾ ਉਹਨੇ ਇੰਝ ਕਿਹਾ। ਮੈਂ ਫੇ ਅਗਲੇ ਸੀਜਨ 'ਚ ਗਭਲੀ ਪੱਟੀ ਆਲ਼ੇ ਆਪਣੇ ਜੱਟ ਵੇਲੀ ਮੇਲਾ ਸੂੰਹ ਦੇ ਵੇਲਣੇ 'ਤੇ ਉਸ ਨਾਲ਼ ਕੰਮ ਕਰਨ ਲੱਗ ਪਿਆ। ਚਾਰ ਪੈਸੇ ਜੋੜ ਲਏ।.....ਮੇਲੇ ਦੀ ਹੱਲਾਸ਼ੇਰੀ ਨਾਲ਼ ਬੱਸ ਫਿਰ ਇਕ ਦਿਨ ਸ਼ੁਰੂ ਹੋ ਗਏ, ਰੱਬ ਦਾ ਨਾਂ ਲੈ ਕੇ।

ਇਕ ਇਹ ਘੈਂਟ ਜੱਟ ਆ ਜਿਹੜਾ ਪਰ ਸਾਲ ਲਗਾਤਾਰ ਵੇਲਣਾ ਚਲਾਂਦਾ। ਉਹ ਮੇਰਾ ਉਸਤਾਦ ਵੀ ਆ, ਉਹਦਾ ਮੈਂ ਲੋਹਾ ਮੰਨਦਾਂ। ਉਹ ਮੇਰੇ ਨਾਲ਼ੋਂ ਉੱਪਰ ਤੀਂ ਆਂ।"

"ਵੈਸੇ ਹੁਣ ਤਾਂ ਏਜ ਵੀ ਪੈਂਤੀ ਕੁ ਨੂੰ ਟੱਪ ਗਈ ਲਗਦੀ ਆ। ਵੇਲਣੇ ਦਾ ਜੁਗਾੜ ਤਾਂ ਵਧੀਆ ਕਰ ਲਿਆ ਪਰ ਵਿਆਹ ਦਾ ਜੁਗਾੜ ਕਿਉਂ ਨਈਂ ਹੋਇਆ ਅਜੇ ?.....ਕਰਾਣ ਦਾ ਵਿਚਾਰ ਹੈ ਕਿ ਇਰਾਦਾ ਨਈਂ ਹੈ ਜਾਂ ਕਿਤੇ ਇਸ਼ਕ ਦੇ ਫੱਟੜ ਹੋਇਆਂ ਦਾ.....।"

ਹੱਸ ਪਿਆ। "ਨਈਂ-ਨਈਂ। ਉਹ ਗੱਲ ਨਈਂ ਜੋ ਤੁਸੀਂ ਸੋਚਦੇ ਓ। ਉਹ ਠੀਕ ਆ ਉਦੋਂ ਪੰਡਤਾਣੀ ਨਾਲ਼.....ਪਰ ਐਨਾ ਵੀ ਮੈਂ ਦੀਵਾਨਾ ਨਈਂ ਸੀ ਉਹਦੇ ਪਿੱਛੇ ਕਿ ਆਪਣਾ ਕੰਮ-ਕਾਰ ਛੱਡ ਕੇ ਉਹਦੇ ਪਿੱਛੇ ਯੋਗੀ ਹੋ ਤੁਰਿਆ ਫਿਰਦਾ।.....ਉਹਦੇ ਵਿਆਹ ਤੋਂ ਬਾਅਦ ਮੈਂ ਉਹਦੇ ਬਾਰੇ ਬਹੁਤਾ ਨਈਂ ਗੌਲ਼ਿਆ, ਨਾ ਕਮਲ਼ਾ ਈ ਹੋਇਆ। ਬੱਸ, ਵੈਸੇ ਮੈਨੂੰ ਆਪਣੇ ਆਪ ਨੂੰ ਕੱਲਾ ਜਿਹਾ ਰਹਿਣਾ ਜਿਆਦਾ ਵਧੀਆ ਲਗਦਾ।"

"ਠੀਕ ਆ ਭਾਈ, ਤੇਰੀ ਪ੍ਰਾਈਵੇਟ ਲਾਈਫ਼ ਆ। ਆਪਾਂ ਇਸ ਮਾਮਲੇ 'ਚ ਕਾਹਨੂੰ ਜ਼ਿਆਦਾ ਖੋਜਾਂ ਪੁੱਟਣੀਆਂ।.....ਅੱਛਾ ਇਕ ਹੋਰ ਤਿੱਖਾ ਜਿਹਾ ਸੁਵਾਲ ਏ -ਸੁਣਿਆਂ ਕਿ ਇੱਥੇ ਨਸ਼ੇ ਵੀ.....।"

"ਜਿਹੜੇ ਕਹਿੰਦੇ ਆ ਕਹੀ ਜਾਣ। ਬਥੇਰੇ ਕੁੱਤੇ ਭੌਂਕਦੇ ਆ। ਹਾਥੀ ਆਪਣੀ ਮਸਤ ਚਾਲੇ ਚੱਲਿਆ ਆ, ਦੇਖ ਲਉ, ਥੁਆਡੇ ਸਾਹਮਣੇ ਆਂ।"

"ਚਲੋ, ਉਹ ਤਾਂ ਦਿਸਦਾ, ਹਾਥੀ ਵਾਕਈ ਮਸਤ ਚਾਲੇ ਲਗਾਤਾਰ ਵਾਟ ਨਾਪੀ ਜਾ ਰਿਹਾ ਪਰ.....ਪਰ ਕੁੱਤੇ ਵੀ ਬਿਨਾਂ ਮਤਲਬ ਨਈਂ ਭੌਂਕਦੇ ਹੁੰਦੇ, ਕੋਈ ਨਾ ਕੋਈ ਤਾਂ ਦਾਲ਼ 'ਚ ਕਾਲ਼ਾ ਉਹਨਾਂ ਨੂੰ ਵੀ ਦਿਸਦਾ ਹਊ।"

"ਸੁਣ ਲਉ ਫੇ ਜੇ ਇਹ ਗੱਲ ਆ ਤਾਂ।.....ਜਿਹੜੀ ਆਮ ਤੌਰ 'ਤੇ ਲੇਬਰ ਕੰਮ ਕਰਦੀ ਆ, ਕੋਈ ਨਾ ਕੋਈ ਤਾਂ ਨਸ਼ਾ ਕਰਦਾ ਹੁੰਦਾ। ਥੁਆਨੂੰ ਪਤਾ ਈ ਆ, ਨਸ਼ੇ ਅੱਜ ਕਲ ਆਮ ਚਲਦੇ ਆ। ਕੋਈ ਕੀ ਕਰ ਸਕਦਾ। ਪਿਛਲੇ ਸਾਲ ਕਿਤੇ ਮੇਰੇ ਕੰਮ ਕਰਦੇ ਬੰਦੇ ਕੋਲ਼ੋਂ ਕੋਈ ਉਹਦਾ ਹੋਰ ਸਾਥੀ ਨਸ਼ਾ ਲੈ ਗਿਆ। ਉਹਨੂੰ ਅੱਗੇ ਕਿਤੇ ਪੁਲਸ ਨੇ ਫੜ ਲਿਆ। ਹੁਣ ਤੁਸੀਂ ਦੱਸ ਦਿਉ ਮੇਰਾ ਇਹਦੇ 'ਚ ਕੀ ਰੋਲ ਹੋਇਆ?.....ਪੁਲਸ ਨੇ ਆ ਕੇ ਵੇਲਣੇ ਤੋਂ ਉਸ ਬੰਦੇ ਦੇ ਨਾਲ਼-ਨਾਲ਼ ਮੈਨੂੰ ਵੀ ਐਮੇਂ ਨਾਲ਼ ਘੜੀਸ ਲਿਆ। ਚਾਹੇ ਘੰਟੇ ਕੁ ਬਾਅਦ ਛੱਡ ਵੀ ਦਿੱਤਾ। ਫਿਰ ਮੇਰੇ ਇੱਥੇ ਵੇਲਣੇ 'ਤੇ ਵੀ ਫਰੋਲਾ-ਫਰਾਲੀ ਕੀਤੀ। ਸ਼ੁਕਰ ਆ ਕੁਛ ਨਈਂ ਮਿਲਿਆ।.....ਪਰ ਉਸ ਤੋਂ ਬਾਅਦ ਮੈਂ ਉਸ ਬੰਦੇ ਨੂੰ ਕੱਢ ਤਾ।.....ਲੋਕਾਂ ਨੇ ਰੌਲ਼ੀ ਪਾ ਤੀ ਕਿ ਇੱਥੇ ਤਾਂ ਨਸ਼ੇ ਵਿਕਦੇ ਆ। ਮੈਂ ਕਹਿਨਾਂ ਫ਼ਰਜ ਕਰੋ, ਓਸੇ ਬੰਦੇ ਨੇ ਜੇ ਕਿਤੇ ਇੱਥੇ ਵੇਲਣੇ 'ਤੇ ਮਾਲ ਲੁਕੋਇਆ ਹੁੰਦਾ, ਨਾਲ਼ੇ ਮੈਂ ਲਪੇਟਿਆ ਜਾਣਾ ਸੀ। ਫੇ ਤਾਂ ਹਰੇਕ ਨੇ ਕਹਿਣਾ ਸੀ ਕਿ ਇੱਥੇ ਤਾਂ ਸੱਚਮੁੱਚ ਨਸ਼ੇ ਵਿਕਦੇ ਆ। ਮੈਂ ਤਾਂ ਉਸ ਵਾਹਿਗੁਰੂ ਦਾ ਸ਼ੁਕਰ ਕਰਦਾਂ, ਬਚਾਅ ਹੋ ਗਿਆ। ਨਈਂ ਤਾਂ ਮਾਸਟਰ ਜੀ ਮੈਂ ਗਿਆ ਸੀ ਕੰਮ ਤੋਂ।"

"ਚਲੋ ਛੱਡੋ, ਗੱਲ ਕਲੀਅਰ ਹੋ ਗਈ। ਤੇਰਾ ਐਡਾ ਬੜਾ ਜੁਗਾੜ ਸਿੱਧ ਕਰ ਰਿਹਾ ਕਿ ਐਮੇਂ ਬਦਨਾਮ ਕਰਨ ਦੀ ਚਾਲ ਸੀ।.....ਥਾਂ-ਥੂੰ ਵੀ ਵਾਹਵਾ ਆ। ਫੇ ਹੋਰ ਤੂੰ ਤਾਂ ਸ਼ਿੱਡਾਂ-ਸ਼ੁੱਡਾਂ ਬੌੜ੍ਹ ਪਾਈਆਂ ਹੋਈਆਂ। ਮੀਂਹ-ਕਣੀ 'ਚ ਬਾਲਣ ਕਿੱਦਾਂ ਭਿੱਜ ਜਊ।.....ਅੱਛਾ ਇਕ ਹੋਰ ਦੱਸ-ਲੋਕੀਂ ਕਹਿੰਦੇ ਇਹ ਗੁੜ ਮਹਿੰਗਾ ਵੇਚਦਾ। ਯਾਰ ਤੂੰ ਛੜਾ ਛਟਾਂਕ ਆਂ, ਕਿਹੜਾ ਤੇਰੇ ਨਿਆਣੇ ਰੋਂਦੇ ਆ। ਬਾਕੀਆਂ ਦੇ ਭਾਅ ਕਿਉਂ ਨਈਂ.....?"

"ਦੇਖੋ ਮਾਸਟਰ ਜੀ, ਥੁਆਨੂੰ ਕੀ ਸਮਝਾਉਣਾ। ਖ਼ਰੀ ਚੀਜ ਦੇ ਪੈਸੇ ਵੀ ਖ਼ਰੇ ਲੱਗਣੇ। ਕਈ ਵਾਰ ਮਹਿਕਮੇ ਵਾਲੇ ਸੈਂਪਲ ਭਰ ਕੇ ਲੈ ਜਾ ਚੁੱਕੇ। ਇਹ ਸੈਂਪਲ ਵਾਲ਼ੇ ਗੁੜ ਹੁਣ ਮੇਰੇ ਕੋਲ਼ੋਂ

ਲਿਜਾਂਦੇ ਆ। ਬਾਕੀ ਜਿਹੜੇ ਸਸਤੇ ਵੇਚਦੇ ਆ, ਅਗਲੇ ਸਾਲ ਉਹਨਾਂ ਦੇ ਨਾ ਵੇਲਣੇ ਲੱਭਦੇ ਨਾ ਉਹ ਲੱਭਦੇ। ਜਾਂ ਫਿਰ ਹੋਰ ਖੇਹ-ਸੁਵਾਹ ਪਾ ਕੇ ਰੰਗ ਨਿਖਾਰ ਕੇ ਸਸਤਾ ਵੇਚਦੇ। ਸਸਤਾ ਲੈ ਕੇ ਜਦ ਫਿਰ ਰੋਣਾ ਪੈਂਦਾ, ਇੱਧਰ ਨੂੰ ਭੱਜਦੇ ਆ। ਪੈਸੇ ਲਈਦੇ ਆ ਪਰ ਚੀਜ ਵੀ ਟਣਕਾ ਕੇ ਦੇਈਦੀ ਆ।.....ਦੇਖੋ ਨਾ, ਮੇਰੇ ਕੋਲ਼ ਜੀਮੀਦਾਰਾਂ ਆਂਗਰ ਆਪਣਾ ਕਮਾਦ ਤਾਂ ਹੈਨੀਂ। ਮੁੱਲ ਦਾ ਗੰਨਾ, ਮੁੱਲ ਦੀ ਲੇਬਰ। ਅੱਧ ਤੋਂ ਵੱਧ ਤਾਂ ਇਹੀ ਵੱਢ ਕੇ ਲੈ ਜਾਂਦੇ ਆ।"

"ਮੰਨ ਲਈ ਤੇਰੀ ਗੱਲ।.....ਪਰ ਤੇਰੇ ਖ਼ਰੇ ਗੁੜ ਦਾ ਰਾਜ਼ ਕੀ ਆ?.....ਤੇਰੇ ਕੋਲ਼ ਕਿਹੜੀ ਗਿੱਦੜਸਿੰਗੀ ਆ ਗੁੜ ਬਣਾਣ ਦੀ ਬਈ?"

"ਜਿੱਦਾਂ ਮਠਿਆਈ ਕਿਸੇ-ਕਿਸੇ ਹਲਵਾਈ ਨੂੰ ਬਣਾਣੀ ਆਂਦੀ। ਦੁਕਾਨਾਂ ਤਾਂ ਹੋਰ ਵੀ ਛੱਤੀ ਹੁੰਦੀਆਂ। ਬੱਸ, ਇਹੀ ਸੁਾਬ ਗੁੜ ਦਾ ਆ। .....ਗੁੜ ਮੰਗਦਾ ਸਫ਼ਾਈ, ਕਾਰਾਗਰੀ। ਵਾਰ-ਵਾਰ ਮੈਲ਼ ਲਾਹੁਣੀ ਪੈਂਦੀ ਆ। ਬਾਕੀ ਕੁਛ ਮਿੱਟੀ ਦਾ ਵੀ ਫਰਕ ਹੁੰਦਾ। ਜਿਹੜੀ ਨਹਿਰ ਕੰਢੇ ਜਮੀਨ ਹੁੰਦੀ ਉਹਦਾ ਗੁੜ ਥੋੜ੍ਹਾ ਲੂਣਾ ਤੇ ਨਹਿਰੀ ਪਾਣੀ ਰੰਗਾ ਹੋਏਗਾ। ਬਾਕੀ ਕੱਲਰ, ਰੇਤੇ ਦਾ ਵੀ ਫਰਕ ਹੁੰਦਾ। ਹੋਰ ਕਮਾਦ ਵੀ ਦੇਖ ਕੇ ਖਰੀਦਣਾ ਪੈਂਦਾ। ਕਮਾਦੀ ਹੋਵੇ ਬਾਂਸਾਂ ਵਾਂਗ ਖੜ੍ਹੀ ਤੇ ਸਖ਼ਤ। ਫੇਰ ਪੱਤ ਕੱਢਣ ਦੀ ਵੱਤ ਦਾ ਪਤਾ ਹੋਣਾ ਚਾਹੀਦਾ। ਜੇ ਕਿਤੇ ਜਿਆਦਾ ਚੜ੍ਹ ਗਈ ਤਾਂ ਵੀ ਰੰਗ ਦਾ ਫਰਕ ਪੈ ਜਾਂਦਾ। ਕਿਤੇ ਰੰਗ-ਕਾਟ ਸੋਢਿਆਂ ਨਾਲ ਨਈਂ ਸਫ਼ਾਈ ਆਂਦੀ। ਜਿਹੜੀ ਆਂਦੀ ਆ, ਉਹ ਕੁਝ ਕੁ ਦਿਨ ਦੀ ਹੀ ਪ੍ਰਾਹੁਣੀ ਹੁੰਦੀ ਆ। ਜਾਂ ਫਿਰ ਕੁਛ ਬੰਦੇ ਖੰਡ ਪਾ ਕੇ ਲੋਕਾਂ ਨੂੰ ਮੂਰਖ ਬਣਾਈ ਜਾਂਦੇ ਆ।.....ਮੈਨੂੰ ਵੀ ਕਈ ਦੁਕਾਨਦਾਰ ਕਹਿ ਹਟੇ ਕਿ ਰੰਗ ਚਿੱਟਾ ਹੋਣਾ ਚਾਹੀਦਾ, ਥੋੜ੍ਹੀ ਖੰਡ ਪਾ ਕੇ ਚਲਾ ਦਿਆ ਕਰ, ਸਾਨੂੰ ਵੀ ਤਦੇ ਚਾਰ ਪੈਸੇ ਬਚੂਗੇ। ਪਰ ਆਪਾਂ ਇਹ ਸਮਝੌਤਾ ਨਈਂ ਕੀਤਾ, ਨਾ ਕਰਨਾ। ਆਪਣੇ ਕੋਲੋਂ ਇਹ ਕੰਮ ਨਈਂ ਹੁੰਦਾ। ਆਪਣਾ ਸੁਭਾਅ ਕਹਿ ਲਉ ਜਾਂ ਜਮੀਰ ਨਈਂ ਮਾਰ ਹੁੰਦੀ।"

"ਅੱਛਾ ਐਂ ਦੱਸ, ਤੂੰ ਗੰਨੇ ਮੁੱਲ ਲੈ ਕੇ ਵੀ ਮੁਨਾਫ਼ਾ ਕੱਢੀ ਜਾਨਾਂ, ਜੱਟ ਆਪਣਾ ਗੰਨਾ ਹੋਣ ਦੇ ਬਾਵਜੂਦ ਕਹੀ ਜਾਂਦਾ ਕਿ ਵੇਲਣਾ ਸਾਨੂੰ ਵਾਰਾ ਨਈਂ ਖਾਂਦਾ। ਭਲਾ ਇਹ ਕੀ ਚੱਕਰ ਆ?"

ਹੱਸ ਪਿਆ। "ਇਹ ਵੀ ਸੁਣ ਲਉ ਫੇ। -ਜਿਆਦਾਤਰ ਜੱਟਾਂ ਦਾ ਕੰਮ ਕੀ ਆ। ਬੱਸ ਇਹ ਵੱਧ ਤੋਂ ਵੱਧ ਟਰੈਕਟਰ 'ਤੇ ਬਹਿਣ ਵਾਲ਼ਾ ਕੰਮ ਕਰਦੇ, ਬਾਕੀ ਸਭ ਲੇਬਰ ਕਰੇ। ਮ੍ਹਾਰਾਜ ਮਿੱਟੀ 'ਚੋਂ ਸੋਨਾ ਕੱਢਣ ਲਈ ਮਿੱਟੀ ਨਾਲ਼ ਮਿੱਟੀ ਹੋਣਾ ਪੈਂਦਾ। ਮੋਰ੍ਹੇ ਹੋ ਕੇ ਆਪ ਕੰਮ ਕਰਨਾ ਪੈਂਦਾ। ਜੇ ਭਾਈ ਕੱਪੜਿਆਂ, ਸਰੀਰ ਨੂੰ ਮਿੱਟੀ ਨਈਂ ਲੱਗਣ ਦੇਣੀ ਤਾਂ ਏਦੇਂ ਹੋਣਾ।"

ਇੰਨੇ ਨੂੰ ਮੈਨੂੰ ਘਰੋਂ ਕੋਈ ਜ਼ਰੂਰੀ ਫ਼ੋਨ ਆ ਗਿਆ।..... "ਚੰਗਾ ਭਰਾਵਾ, ਫੇਰ ਕਰਾਂਗੇ ਗੱਲ। ਸ਼ਾਬਾਸ਼, ਬੱਸ ਤੂੰ ਡਟਿਆ ਰਹਿ। ਕੋਈ ਔੜ੍ਹੀ-ਸੌੜ੍ਹੀ ਹੋਈ ਤਾਂ ਜਿੰਨੇ ਕੁ ਜੋਗੇ ਹੈਗੇ ਆਂ, ਤੇਰੇ ਨਾਲ਼ ਖੜ੍ਹੇ ਆਂ।" ਮੈਂ ਉਹਨੂੰ ਥਾਪੀ ਦੇ ਕੇ ਚਲਦਾ ਬਣਿਆਂ।

ਕਿਸੇ ਵਕਤ ਸਾਰਾ ਸਿਆਲ਼ ਜੱਟਾਂ ਦੇ ਵੇਲਣੇ ਚਲਦੇ ਰਹਿਣੇ। ਬੱਸ, ਰੋਜ਼ ਪੰਜ-ਚਾਰ ਚਾਟੀਆਂ ਕੱਢ ਛੱਡਣੀਆਂ। ਪਸ਼ੂਆਂ ਦਾ ਪੱਠਾ-ਦੱਥਾ ਖਰਚ-ਪਾਣੀ ਚੱਲਿਆ ਰਹਿਣਾ। ਦੋ ਤਿੰਨ ਬੰਦੇ ਘਰਦੇ ਹੋਣੇ, ਇਕ ਹੋਰ ਸੀਰੀ ਝੋਕਾ ਪਾਉਣ ਲਈ। ਉਹ ਵੀ ਸ਼ਾਮ ਨੂੰ ਮਿੱਠਾ, ਪੱਠੇ ਬਗੈਰਾ ਲੈ ਜਾਂਦਾ। ਦੁਪਹਿਰ, ਰਾਤ ਦੀ ਰੋਟੀ ਜ਼ੀਮੀਦਾਰ ਦੀ ਹੁੰਦੀ। ਦੋ ਟੈਮ ਚਾਹ। ਉਦੋਂ ਜ਼ੀਮੀਦਾਰਾਂ ਦਾ ਕੋਈ ਐਸਾ ਘਰ ਨਹੀਂ ਸੀ ਜੋ ਵੇਲਣਾ ਨਾ ਚਲਾਏ। ਹੁਣ ਤਾਂ ਕਦੋਂ ਦੇ ਜੱਟ ਆਪਣੇ ਵੇਲਣੇ ਵੇਚ ਕੇ ਸੁਰਖਰੂ ਹੋ ਚੁੱਕੇ ਪਰ ਸ਼ੂਗਰਾਂ ਦੇ ਮਰੀਜ਼ ਵੀ ਤਾਂ ਤਦੇ ਬਣ ਗਏ। ਆਹ ਦੇਖ ਲਉ, ਕਹਿ ਦਊ ਕੋਈ ਪਈ ਇਹ ਆਧਰਮੀ ਆਂ। ਨਾਲ਼ੇ ਪੰਡਿਤ ਨਾਲ਼ੇ ਕਸ਼ਮੀਰ ਸੂੰਹ। ਐੱਸ.ਸੀ. ਹੁੰਦਿਆਂ ਹੋਇਆਂ ਵੀ ਕੋਈ ਉਹਨੂੰ ਜੱਟ ਕਹਿੰਦਾ ਕੋਈ ਪੰਡਿਤ। ਕਦੀ ਕੋਈ ਸਰਦਾਰ ਜੀ ਵੀ ਕਹਿ ਦਿੰਦਾ। ਇਹ ਉਹਦੇ ਆਪਣੇ ਕਮਾਏ ਹੋਏ ਨਾਂ ਆਂ ਜੋ ਲੋਕਾਂ ਦੇ ਮੂੰਹ ਚੜ੍ਹ ਬੋਲਦੇ।......ਅਗਲੇ ਨੇ

ਜੱਟ ਮੋਰ੍ਹੇ ਲਾ ਕੇ ਦਿਖਾਤੇ।ਜ਼ੋਰ ਨਾਲ਼ ਨਈਂ, ਜੱਟਾਂ ਆਲ਼ਾ ਕੰਮ ਕਰਕੇ।

ਕਿਸੇ ਦਾ ਕੰਮ ਚਲਦਾ ਕਿਸੇ-ਕਿਸੇ ਨੂੰ ਸੋਹਣਾ ਲਗਦਾ। ਨਹੀਂ ਤਾਂ ਕਹਿੰਦੇ ਇਹ ਰੋਟੀ ਕਿੱਦਾਂ ਖਾਣ ਲੱਗ ਪਿਆ। ਲੱਤਾਂ ਖਿੱਚਣ ਵਾਲੇ ਵੀ ਨਾਲ਼ ਈ ਜੰਮ ਪੈਂਦੇ। ਇਕ ਜੱਟਾਂ ਦੇ ਅਵਾਰਾ ਜਿਹੇ ਮੁੰਡੇ ਕੁਲਦੀਪ ਉਰਫ਼ ਕਾਲ਼ੇ ਦੇ ਮਨ 'ਚ ਪਤਾ ਨਈਂ ਕੀ ਆਇਆ। ਉਹਨੇ ਇਕ ਵਾਰ ਪੰਡਿਤ ਦੇ ਬਰਾਬਰ ਵੇਲਣਾ ਲਿਆ ਗੱਡਿਆ। ਪੰਡਿਤ ਜਾਣਦਾ ਸੀ ਕਿ ਕਿਸੇ ਹਾਰੀ ਸਾਰੀ ਦਾ ਕੰਮ ਨਈਂ ਵੇਲਣਾ ਚਲਾਣਾ। ਬੰਦਾ ਬੌਤ੍ਹ ਚੀੜ੍ਹਾ ਚਾਹੀਦਾ। ਬੜੇ-ਬੜਿਆਂ ਦੀਆਂ ਛੇਤੀ ਪਿੱਠਾਂ ਲੱਗ ਜਾਂਦੀਆਂ। ਉਹ ਤਾਂ ਸਗੋਂ ਉਹਨੂੰ ਉਹਦੇ ਵੇਲਣੇ 'ਤੇ ਜਾ ਕੇ ਦਿਲੋਂ ਸ਼ਾਬਾਸ਼ ਦੇ ਕੇ ਆਇਆ। ਪਰ ਉਹਨੇ ਉਹਦੇ ਵੀ ਕੋਈ ਹੋਰ ਅਰਥ ਕੱਢ ਲਏ।

"ਮਿੱਤਰਾ ਘਬਰਾਣਾ ਨਈਂ ਕਿਸੇ ਗੱਲੋਂ। ਕਿਸੇ ਮਦਦ ਦੀ ਲੋੜ ਹੋਈ ਤਾਂ ਤੇਰਾ ਚਮਾਰ ਭਰਾ ਹਾਜਰ ਆ। ਮੈਨੂੰ ਖ਼ੁਸ਼ੀ ਆ ਕਿ ਤੂੰ ਆਪਣੇ ਧੰਦੇ 'ਚ ਵਾਪਸ ਆ ਕੇ ਮੇਰਾ ਗੁਆਂਢੀ ਬਣਿਆਂ।" ਕਾਲ਼ੇ ਨੇ 'ਹਾਂਜੀ-ਹੂੰਜੀ' ਕਰਕੇ ਨੀਵੀਂ ਪਾ ਲਈ ਪਰ ਉਹਦੀ ਗੱਲ ਉਹਦੇ ਭਰਿੰਡ ਵਾਂਗ ਲੜ ਗਈ। ਸੋਚਿਆ ਕਿ ਇਹ ਸਾਲ਼ਾ ਚਮਾਰ ਮੈਨੂੰ ਟਿੱਚਰ ਕਰ ਗਿਆ ਕਿ ਜੱਟ ਵੇਲਣਾ ਨਈਂ ਚਲਾ ਸਕਦੇ। ਅਖੇ ਹੁਣ ਇਹਦੀ ਟਿੱਚਰ ਦਾ ਫੇ ਜੁਵਾਬ ਦੇ ਕੇ ਦਿਖਾਨੇ ਆਂ।

ਮੁੰਡੇ ਕਾਲ਼ੇ ਨੇ ਸ਼ੀਰੇ ਨੂੰ ਥੱਲੇ ਲਾਉਣ ਲਈ ਗੁੜ ਦਸ ਰੁਪਏ ਥੱਲੇ ਲੈ ਆਂਦਾ। ਪਰ ਸੁਵਾਲ਼ ਇਹ ਸੀ ਕਿ ਉਸ ਤੋਂ ਉਹਦੇ ਮੁਕਾਬਲੇ ਦਾ ਗੁੜ ਨਾ ਬਣਿਆਂ। ਪਰ ਫੇਰ ਵੀ ਕਾਫ਼ੀ ਹੱਦ ਤਕ ਠੀਕ ਸੀ। ਦਸ ਰੁਪਏ ਘਟਾਉਣ ਨਾਲ਼ ਵੀ ਉਹਤੋਂ ਸ਼ੀਰੇ ਦੀ ਬਰਾਬਰੀ ਨਾ ਹੋਈ। ਉਹਨੇ ਦਸ ਰੁਪਏ ਹੋਰ ਘਟਾ ਦਿੱਤਾ। ਲਾਈਨਾਂ ਹੁਣ ਜ਼ਿਆਦਾ ਉਹਦੇ ਵੱਲ ਉੱਧਰ ਲੱਗਣ ਲੱਗ ਪਈਆਂ। ਪੰਡਿਤ ਦਾ ਕੰਮ ਠੀਕ-ਠਾਕ ਜਿਹਾ ਰਹਿ ਗਿਆ ਪਰ ਉਹਨੇ ਰੇਟ ਘੱਟ ਨਾ ਕੀਤਾ। ਉਹ ਕਹਿੰਦਾ ਮੈਂ ਰੇਟ ਕਿੱਦਾਂ ਘੱਟ ਕਰ ਦਿਆਂ। ਐਨੇ ਘੱਟ ਨਾਲ਼ ਵੇਚਣਾ ਵਾਰੇ ਨਈਂ ਖਾਂਦਾ। ਪਰ ਵਿਸ਼ਵਾਸ਼ ਦੀ ਗੱਲ ਸੀ। ਉਹਦੇ ਪੱਕੇ ਗਾਹਕ ਉਹਦੇ ਕੋਲ਼ੋਂ ਹੀ ਗੁੜ ਲੈਂਦੇ। ਉਹ ਡਟਿਆ ਰਿਹਾ ਕਿ ਲੈ ਪੁੱਤ, ਫੇ ਦੌੜ ਲੈ ਜਿੱਥੇ ਤਕ ਦੌੜਨਾ। ਏਦਾਂ ਠੋਕ੍ਹਰ ਖਾ ਕੇ ਡਿਗਣ ਆਲ਼ੇ ਆਪਾਂ ਵੀ ਨਈਂ। ਅਗਲੇ ਸੀਜ਼ਨ ਉਹਦੀ ਹਿੰਮਤ ਨਾ ਪਈ ਉਹਦੇ ਬਰਾਬਰ ਖੜ੍ਹਨ ਦੀ।

ਫਿਰ ਇਕ ਦਿਨ ਰਾਤ ਨੂੰ ਹੋਰ ਘਟਨਾ ਘਟ ਗਈ। ਸ਼ੀਰਾ ਵੇਲਣੇ 'ਤੇ ਹੀ ਸੌਂਦਾ ਸੀ। ਉਹਨੇ ਤਾਂ ਆਪਣੀ ਰਿਹਾਇਸ਼ ਈ ਉੱਥੇ ਬਣਾ ਲਈ ਸੀ। ਵੇਲਣੇ, ਮੋਟਰ ਦੇ ਨਾਲ਼ ਹੀ ਉਹਨੇ ਇਕ ਰਹਿਣ ਲਈ ਕਮਰਾ ਛੱਤਿਆ ਹੋਇਆ। ਛੜਾ-ਮਲੰਗ ਹੋਣ ਕਰਕੇ ਉਹ ਘਰ ਘੱਟ-ਵੱਧ ਹੀ ਜਾਂਦਾ। ਪਿੜਾਈ ਦੇ ਟੈਮ ਤਾਂ ਬਿਲਕੁਲ ਹੀ ਨਈਂ। ਸਵੇਰੇ ਬਾਕੀ ਕਾਮਿਆਂ ਦੇ ਆਉਣ ਤੋਂ ਪਹਿਲਾਂ ਉਹ ਚਾਰ ਵਜੇ ਉਠ ਕੇ ਵੇਲਣਾ ਚਲਾਂਦਾ। ਉਹਨਾਂ ਦੇ ਆਉਣ ਤਕ ਉਹ ਰਸ ਦਾ ਡਰੰਮ ਭਰ ਦਿੰਦਾ। ਸੂਰਜ ਨਿਕਲਣ ਤਕ ਤਾਂ ਉਹਦੇ ਗੁੜ ਦੀ ਭਿੰਨੀਂ-ਭਿੰਨੀਂ ਵਾਸ਼ਨਾ ਦੂਰ-ਦੂਰ ਤਕ ਖਿੱਲਰ ਜਾਂਦੀ। ਇਹ ਖੁਸ਼ਬੂ ਸਵੇਰੇ ਸਾਝ੍ਹਰੇ ਹੀ ਗਾਹਕਾਂ ਦੀਆਂ ਲਾਈਨਾਂ ਲਾ ਦਿੰਦੀ।

ਬੱਸ ਰਾਤ ਨੂੰ ਉਹਦਾ ਇਕ ਸਾਥੀ ਉਹਦਾ ਕੁੱਤਾ ਈ ਹੁੰਦਾ। ਬਾਰਾਂ ਕੁ ਦੇ ਕਰੀਬ ਉਹਦਾ ਕੁੱਤਾ ਭੌਂਕਿਆ। ਪਰ ਉਹ ਥੱਕਿਆ-ਹਾਰਿਆ ਘੋੜੇ ਵੇਚ ਕੇ ਸੁੱਤਾ ਪਿਆ। ਉਹਦੀ ਤਾਂ ਉਦੋਂ ਜਾ ਕੇ ਅੱਖ ਖੁੱਲ੍ਹੀ ਜਦ ਅਗਲਿਆਂ ਨੇ ਉਹਦਾ ਬੂਹਾ ਭੰਨਣਾ ਸ਼ੁਰੂ ਕਰ ਦਿੱਤਾ।

ਪਤਾ ਨਈਂ ਕੌਣ ਸਨ, ਉਹ ਹਥਿਆਰਾਂ ਨਾਲ਼ ਲੈਸ ਲਗਦੇ ਸਨ। ਦਰਵਾਜ਼ੇ 'ਤੇ ਵੱਜਦਿਆਂ ਦੀ ਆਵਾਜ਼ ਤੋਂ ਉਹਨੇ ਅੰਦਾਜ਼ਾ ਮਾਰਿਆ। ਖੜਕਾ-ਦੜਕਾ ਕਰਕੇ ਉਹ ਆਪੇ ਚਲੇ ਗਏ। ਪਰ ਜਦ ਉਹਨੇ ਸਵੇਰ ਨੂੰ ਉਠ ਕੇ ਵੇਲਣਾ ਚਲਾਇਆ ਤਾਂ ਵੂੜੀਆਂ ਦੇ ਭਿੜਨ ਦੀ ਤੜੀਂ-ਤੜੀਂ ਦੀ ਆਵਾਜ਼ ਆਈ। ਉਹ ਭੰਨ-ਤੋੜ ਕਰਦੇ ਵੇਲਣੇ ਦਾ ਇਕ ਵੂੜੀਆ ਤੋੜ ਗਏ। ਬੱਸ, ਉਹਨੇ ਵਾਹਿਗੁਰੂ ਕਹਿ ਕੇ ਹਉਕਾ ਲਿਆ। ਮੁੜ ਆ ਕੇ ਬਿਸਤਰੇ 'ਚ ਪੈ ਗਿਆ।

ਸਵੇਰਾ ਹੋਇਆ। ਉਹਨੇ ਨਈਂ ਕਿਸੇ ਕੋਲ਼ ਧੂੰਅ ਵੀ ਕੱਢੀ। ਕਾਮਿਆਂ ਨੂੰ ਕਹਿੰਦਾ, ਮੇਰੇ ਕੋਲ਼ੋਂ ਹੀ ਕਿਤੇ ਜਿਆਦਾ ਗੰਨੇ ਲੱਗ ਗਏ। ਦੋ ਦਿਨ ਵੇਲਣਾ ਠੀਕ ਕਰਨ 'ਚ ਨਿਕਲ਼ ਗਏ। ਚੌਥੇ ਕੁ ਦਿਨ ਦੋ ਪਿੰਡ ਦੇ ਬੰਦੇ ਆਏ, ਨਾਲ਼ ਕਾਲ਼ਾ। ਆਉਂਦੇ ਕਹਿੰਦੇ, ਬਈ ਚਾਰ ਕੁ ਦਿਨ ਪਹਿਲਾਂ ਕਿਸੇ ਨੇ ਆ ਕੇ ਤੇਰੇ ਬੂਹੇ ਨੂੰ ਧੱਕੇ-ਧੁੱਕੇ ਮਾਰੇ ਕੈਂਦ੍ਹੇ। ਉਹ ਕੈਂਦ੍ਹਾ ਨਈਂ, ਕੋਈ ਏਦਾਂ ਦੀ ਗੱਲ ਨਈਂ। ਉਹ ਸਮਝ ਗਿਆ ਕਿ ਉਸ ਰਾਤ ਕੌਣ ਸੀ।

ਪੰਡਿਤ ਸ਼ੀਰੇ ਨੇ ਇਹ ਗੱਲ ਇੰਝ ਹੀ ਢਕੀ-ਮੁੰਦੀ ਰਹਿਣ ਤੀ। ਉਂਝ ਵੀ ਉਹ ਬੜੇ ਠੰਡੇ ਸੁਭਾਅ ਦਾ ਬੰਦਾ ਸੀ। ਉੱਚੀ ਬੋਲਦਾ ਅੱਜ ਤਕ ਉਹਨੂੰ ਕਿਸੇ ਨਈਂ ਸੀ ਸੁਣਿਆਂ। ਵੈਸੇ ਐਂ ਉਦਾਂ ਉਹ ਡਰਨ ਵਾਲ਼ਾ ਵੀ ਨਈਂ ਸੀ।

------

ਕਾਲ਼ੇ ਦਾ ਇਕ ਭਰਾ ਬਾਹਰ ਕੈਨੇਡਾ ਸੀ। ਭਰਾ ਨੇ ਆਪਣੀ ਸਾਲ਼ੀ ਦਾ ਉਹਦੇ ਨਾਲ਼ ਰਿਸ਼ਤਾ ਕਰਕੇ ਉਹਨੂੰ ਬਾਹਰ ਮੰਗਾ ਲਿਆ।......ਕਿਤੇ ਪੰਜ ਸਾਲ ਬਾਅਦ ਉਹ ਇੰਡੀਆ ਆਇਆ। ਸਵੇਰ ਨੂੰ ਸੈਰ ਕਰਨ ਨਿਕਲਿਆ ਤਾਂ ਉਹਨੂੰ ਪੰਡਿਤ ਦੇ ਵੇਲਣੇ ਵੱਲੋਂ ਤਾਜ਼ੇ ਗੁੜ ਦੀਆਂ ਉਠਦੀਆਂ ਲਪਟਾਂ ਨੇ ਮੱਲੋਮੱਲੀਂ ਉਹਦੇ ਪੈਰ ਉਧਰ ਨੂੰ ਮੋੜ ਦਿੱਤੇ। ਉਹ ਚੁਪਕੇ ਜਿਹੇ ਚੁੱਪ-ਚਾਪ ਲੱਗੀ ਲਾਈਨ 'ਚ ਜਾ ਖੜ੍ਹਾ ਹੋਇਆ। ਪੰਡਿਤ ਨੇ ਉਹਨੂੰ ਚੋਰੀ ਅੱਖੇ ਖੜ੍ਹੇ ਨੂੰ ਦੇਖ ਲਿਆ ਪਰ ਬੋਲਿਆ ਕੁਛ ਨਾ। ਉਂਝ ਮਨ ਈ ਮਨ ਸੋਚੇ –'ਲੈ ਬਈ, ਦੇਖ ਲਉ, ਚਮਾਰਾਂ ਦੇ ਵੇਲਣੇ 'ਤੇ ਬਾਹਰੋਂ ਆ ਕੇ ਆਖਿਰ ਜੱਟ ਵੀ ਲੈਨ 'ਚ ਆ ਲੱਗਾ। ਚਲੋ, ਇਹਨੂੰ ਲੈਨ 'ਚ ਲੱਗਣਾ ਤਾਂ ਆ ਗਿਆ।' ਜਦੋਂ ਸਾਰੇ ਚਲੇ ਗਏ ਤਾਂ ਕਾਲ਼ਾ ਸ਼ਰਮਿੰਦਾ ਜਿਹਾ ਹੋਇਆ ਉਹਦੇ ਪੈਰਾਂ 'ਚ ਆ ਡਿੱਗਿਆ।

"ਕਦੇ ਇਹ ਜਾਤਾਂ ਕੰਮ ਦੇ ਲਿਹਾਜ਼ ਨਾਲ਼ ਬਣੀਆਂ ਸਨ। ਅੱਜ ਜੱਟ ਤਾਂ ਅਸਲ 'ਚ ਤੂੰ ਆਂ, ਜਿਹਨੇ ਜੱਟਾਂ ਆਲ਼ਾ ਕੰਮ ਸਾਂਭ ਕੇ ਬਹਿਜਾ-ਬਹਿਜਾ ਕਰਾ ਤੀ।.....ਯਾਰਾ ਮੈਨੂੰ ਮਾਫ਼ ਕਰ ਦੇਈਂ, ਮੈਂ ਉਦੋਂ ਕਿਸੇ ਦੀ ਚੁੱਕ 'ਚ ਆ ਕੇ.....।" ਅੱਜ ਕਾਲ਼ੇ ਦੇ ਧੁਰ ਅੰਦਰੋਂ ਜਿਵੇਂ ਇਹ ਆਵਾਜ਼ ਆਪ-ਮੁਹਾਰੇ ਨਿਕਲ਼ੀ ਸੀ।

"ਤੂੰ ਯਾਰ, ਮੇਰਾ ਦਿਲ ਜਿੱਤ ਲਿਆ।" ਇਹ ਕਹਿੰਦਿਆਂ ਸ਼ੀਰੇ ਦੀਆਂ ਅੱਖਾਂ ਭਰ ਆਈਆਂ। ਉਹਨੇ ਕਾਲ਼ੇ ਨੂੰ ਘੁੱਟ ਕੇ ਆਪਣੇ ਗਲ਼ ਨਾਲ਼ ਲਾ ਲਿਆ।000

***(ਫੋਨ: +91-94659-52938; ਈਮੇਲ: bhangalys@gmail.com)***

# ਕੰਧ: ਕਹਾਣੀ: ਮਨਦੀਪ ਸਿੰਘ ਡਡਿਆਣਾ

ਮੈਂ ਕੰਧ ਹਾਂ। ਮੇਰਾ ਵਜੂਦ ਇਸ ਘਰ ਨੂੰ ਅੱਧ ਵਿਚਕਾਰੋਂ ਵੰਡ ਰਿਹਾ ਹੈ। ਇਸ ਘਰ ’ਚ ਮੇਰੀ ਹੋਂਦ ਉਸ ਜੁਆਕ ਕਰ ਕੇ ਹੈ, ਜਿਹੜਾ ਆਪਣੇ ਪਿਓ ਦੀ ਮੌਤ ਤੋਂ ਡੇਢ ਸਾਲ ਬਾਅਦ ਜੰਮਿਆ ਸੀ। ਤੁਸੀਂ ਕਹੋਗੇ ਕੁਫਰ ਤੋਲਦੀ ਆ, ਐਂ ਕਿਵੇਂ ਹੋਜੂ। ਮੈਨੂੰ ਪਤੈ ਯਕੀਨ ਨੀ ਆਉਣਾ ਤੁਹਾਨੂੰ, ਮੇਰੀ ਪੂਰੀ ਗੱਲ ਸੁਣੇ ਬਗ਼ੈਰ। ਇਹ ਮੇਰੇ ਦੋਵੇਂ ਪਾਸੇ ਜੋ ਦੋ ਪਰਿਵਾਰ ਵੇਖਦੇ ਹੋ ਨਾ, ਇਹ ਅਸਲ ਵਿਚ ਇਕੋ ਪਰਿਵਾਰ ਦੋ ਹਿੱਸਿਆਂ ’ਚ ਵੰਡਿਆ ਹੋਇਆ ਹੈ। ਇਹ ਟੋਟੇ ਮੇਰੇ ਹੀ ਕੀਤੇ ਹੋਏ ਨੇ। ਬੜੀ ਗ਼ਜ਼ਬ ਕਹਾਣੀ ਹੈ ਇਸ ਪਰਿਵਾਰ ਦੇ ਟੁੱਟਣ ਦੀ। ਦੋਵਾਂ ਪਾਸਿਆਂ ਦੀ ਸੁਣਾਊਂ ਮੈਂ। ਉਹ ਵੀ ਸੁਣਾਊਂ ਜੋ ਮੈਥੋਂ ਪਹਿਲਾਂ ਦੀ ਸੀ।

ਪਹਿਲਾਂ ਇਕ ਪਾਸਾ ਸੁਣੋ। ਆਹ ਜਿਹੜਾ ਜੁਆਕ ਖੇਡਦੈ ਮੇਰੇ ਸੱਜੇ ਪਾਸੇ, ਗੋਭਲੂ ਜਿਹਾ। ਪਿਓ ਮਰੇ ਤੋਂ ਡੂਢ ਸਾਲ ਬਾਅਦ ਜੰਮਿਆਂ ਸੀ ਇਹ। ਹਰਮਨ ਸਿੰਘ ਏ ਨਾਂ ਇਹਦਾ।

“ਕਿੰਨਾ ਸੋਹਣਾ ਨਾਂ ਏ।” ਇਹੀ ਕਿਹਾ ਨਾ ਤੁਸੀਂ?

ਸੱਚ ਕਿਹਾ ਤੁਸੀਂ ਬੜਾ ਹੀ ਸੋਹਣਾ ਨਾਂ ਏ। ਮਾਂ ਨੇ ਰੱਖਿਐ, ਸੋਹਣਾ ਤਾਂ ਹੋਊਗਾ ਹੀ। ਇਸ ਪਿੰਡ ਵਿਚ ਮਾਂ ਤੋਂ ਸਿਵਾ ਇਸ ਦਾ ਇਹ ਨਾਂ ਕੋਈ ਨੀ ਲੈਂਦਾ। ਮਾਂ ਦੀ ਪਿੱਠ ਪਿੱਛੇ ਸਾਰੇ ਇਹਨੂੰ ਹਰਾਮੀ ਸੱਦਦੇ ਨੇ ਹਰਾਮੀ, ਪਤੈ ਨਾ ਕੌਣ ਹੁੰਦੈ ਹਰਾਮੀ।

ਲੈ ਫੇਰ ਕਰਤੀ ਓਹੀ ਗੱਲ, ਤੁਹਾਡਾ ਧਿਆਨ ਤਾਂ ਔਹ ਚਲਾ ਗਿਐ ਕੋਠੇ ‘ਤੇ। ਇਹੀ ਡਰ ਸੀ ਮੈਨੂੰ। ਗੋਰਾ ਰੰਗ, ਲੰਮੀ ਧੌਣ, ਸੁਰਾਹੀ ਵਰਗੀ। ਪਤਲੇ ਬੁੱਲ੍ਹ, ਜਿਵੇਂ ਗੁਲਾਬ ਦੀਆਂ ਪੱਤੀਆਂ। ਕੱਚੀ ਕਲੀ। ਇਹੀ ਕਿਹਾ ਨਾ ਤੁਸੀਂ।

ਟਲਦੇ ਨੀ। ਖਾ ਗੇ ਨਾ ਭੁਲੇਖਾ, ਚਾਲੀਆਂ ਦੇ ਨੇੜੇ ਆ। ਕੱਲੀ-ਕੁਲੀ ਨੀ ਇਹ ਲੋਹਾ ਏ, ਖਰਾ ਲੋਹਾ। ਮਾਂ ਹੈ ਇਹ ਉਹਦੀ। ਮਨਮੀਤ ਕੌਰ ਮਨੀ ਨਾਂ ਹੈ ਇਹਦਾ। ਬੜੀ ਸਖ਼ਤ ਜਾਨ ਏ ਇਹ। ਇਹਦੀ ਸੁਣਨੀ ਆਂ?

ਲਉ ਫੇਰ ਇਹਦੀ ਸੁਣੋ।

ਮੈਥ ਲੈਕਚਰਾਰ ਏ ਸਰਕਾਰੀ ਸਕੂਲ ਵਿਚ, ਸੋਲ਼ਾਂ ਸਾਲ ਹੋਗੇ ਐਥੇ ਚੂੜਾ ਪਾ ਕੇ ਆਈ ਨੂੰ। ਜਦ ਆਈ ਸੀ, ਕਈ ਪਿੰਡਾਂ ਵਿਚ ਚਰਚਾ ਹੋ ਗੀ ਸੀ ਇਹਦੀ। ਕਹਿੰਦੇ ਇਹਦੇ ਵਰਗੀ ਸੋਹਣੀ ਨੀ ਸੀ ਕੋਈ, ਇਹਨਾਂ ਪਿੰਡਾਂ ਵਿਚ। ਹੁਣ ਵੀ ਕਿਹੜੇ ਘੱਟ ਆ। ਹੁਣ ਵੀ ਪੂਰੀ ਚਰਚਾ ਵਿਚ ਰਹਿੰਦੀ ਆ। ਕਦੇ ਚਰਚਾ ਨੀ ਮੁੱਕਣੀ ਇਹਦੀ। ਰਹਿੰਦੀ ਦੁਨੀਆਂ ਤਕ ਗੂੰਜਦੀ ਰਹੂ, ਇੱਥੋਂ ਦੀ ਫ਼ਿਜ਼ਾ ਵਿਚ।

ਜਦ ਇਹ ਵਿਆਹ ਕੇ ਆਈ ਸੀ, ਇਹਦੇ ਸਹੁਰਿਆਂ ਨੇ ਸਾਰੇ ਪਿੰਡ ਵਿਚ ਸ਼ੀਰਨੀ ਵੰਡੀ ਸੀ। ਵੀਰੋ ਬਾਰ ਰੋਕਦੀ ਫੁੱਲੀ ਨੀ ਸੀ ਸਮਾਉਂਦੀ। ਐਨੀ ਖ਼ੁਸ਼ੀ ਸਾਂਭੀ ਨਹੀਂ ਸੀ ਜਾਂਦੀ ਟੱਬਰ ਤੋਂ। ਕਈ ਮਹੀਨੇ ਤਾਂ ਚਾਅ ਹੀ ਨਾ ਮੁੱਕੇ। ਉਹ ਕਿਹੜਾ ਘੱਟ ਸੀ ਇਹਤੋਂ, ਕਿਸੇ ਪਾਸਿਓਂ। ਸਵਾ ਛੇ ਫੁੱਟ ਤਾਂ ਕੱਦ ਸੀ ਉਹਦਾ ਸਰੂ ਵਰਗਾ, ਲਾਲ ਭਾਅ ਮਾਰਦਾ ਗੋਰਾ ਰੰਗ। ਜੋੜੀ ਜਦ ਨਿਕਲਦੀ ਗੱਲਾਂ ਹੁੰਦੀਆਂ। ਸੱਸ ਨਜ਼ਰ ਤੋਂ ਬਚਾਉਣ ਲਈ ਕਾਲ਼ੇ ਟਿੱਕੇ ਲਾ ਕੇ ਤੋਰਦੀ ਦੋਵਾਂ ਦੇ। ਪਤਾ ਵੀ ਨੀ ਲੱਗਿਆ ਕਦੋਂ ਕਈ ਸਾਲ ਗੁਜ਼ਰ ਗੇ। ਸਾਲ ਤਾਂ ਲੰਘ ਗਏ ਪਰ ਇਹਦੀ ਕੁੱਖ ਨੂੰ ਭਾਗ ਨਾ ਲੱਗੇ।

ਕੀ ਕਿਹਾ? “ ... ਕਣ ਨੀ ਹੋਣਾ।”

ਨਿਰਾ ਝੂਠ, ਕੋਰਾ ਝੂਠ। ਇਹੋ ਜੀ ਕੋਈ ਗੱਲ ਨੀ। ਬੰਦਾ ਕਣ ਵਾਲ਼ਾ ਸੀ। ਪਹਿਲਾਂ ਹੀ ਕਿਹਾ ਮੈਂ, ਸਾਰਿਆਂ ਪਾਸਿਆਂ ਤੋਂ ਪੂਰਾ। ਇਹਦੀ ਸੱਸ ਉਡੀਕਦੀ ਰਹੀ ਕਿ ਕਦੋਂ ਘਰ ਵਿਚ ਪੋਤਾ

ਖੇਡੂ। ਆਹ ਜਿਹੜਾ ਨਾਂ ਤੁਸੀਂ ਕਿਹੈ ਕਿ ਬੜਾ ਸੋਹਣਾ ਏ। ਸੱਸ ਨੇ ਪੁੱਤ ਵਿਆਹ ਕੇ ਪੋਤਾ ਜੰਮਣ ਤੋਂ ਪਹਿਲਾਂ ਹੀ ਸੋਚ ਲਿਆ ਸੀ ਇਹ ਨਾਂ।

ਫੇਰ ਇਸੇ ਨਾਂ ਨਾਲ਼ ਅਜਿਹੀ ਨਫ਼ਰਤ ਹੋਈ ਬੁੜ੍ਹੀ ਨੂੰ ਕਿ ਜੇ ਕਿਸੇ ਦੇ ਮੂੰਹੋਂ ਸੁਣ ਲਿਆ ਕਰੇ, ਸੌ ਸੁਣਾਇਆ ਕਰੇ ਉਹਨੂੰ। ਉਸੇ ਨੇ ਧਰਿਐ ਇਹਦਾ ਇਹ ਦੂਜਾ ਨਾਂ ਹਰਾਮੀ। ਬੁੜ੍ਹੀ ਸ਼ਬਦ ਵਰਤਿਆ ਏ ਮੈਂ ਜੀਹਦੇ ਲਈ, ਉਹ ਫਿਰਦੀ ਆ ਮੇਰੇ ਖੱਬੇ ਪਾਸੇ ਖੂੰਡੀ ਚੁੱਕੀਂ, ਸੱਠਾਂ ਦੀ ਹੋ ਕੇ ਨੱਬਿਆਂ ਦੀ ਲਗਦੀ ਆ, ਹਰ ਸਮੇਂ ਵੱਢੂ-ਖਾਊਂ ਕਰਦੀ ਰਹਿੰਦੀ ਆ। ਹੁਣ ਤਾਂ ਫ਼ਰਕ ਆ ਥੋੜ੍ਹਾ ਜਿਹਾ। ਦੋ ਕੁ ਸਾਲ ਪਹਿਲਾਂ ਜੇ ਤੁਸੀਂ ਸੁਣਦੇ ਤਾਂ ਕੰਨਾਂ 'ਤੇ ਹੱਥ ਧਰ ਲੈਂਦੇ। ਹਰ ਸਮੇਂ ਮੂੰਹ ਭਖਿਆ ਰਹਿੰਦਾ ਗਾਲ੍ਹਾਂ ਨਾਲ਼। ਪਤਾ ਨੀ ਕਿੱਥੋਂ-ਕਿੱਥੋਂ ਕੱਢੇ ਸੀ ਇਹਨੇ ਉਹ ਸ਼ਬਦ। ਮੈਨੂੰ ਤਾਂ ਸੋਚ ਕੇ ਵੀ ਸ਼ਰਮ ਆਉਂਦੀ ਆ। ਰਹੇ ਰੱਬ ਦਾ ਨਾਂ। ਹਰ ਸਮੇਂ ਗੰਦ-ਮੰਦ।

ਕਦੇ-ਕਦੇ ਸੋਚਦੀ ਹਾਂ ਕਿ, ਹੈ ਤਾਂ ਇਹ ਵੀ ਆਪਣੀ ਥਾਂ ਸੱਚੀ। ਕਸੂਰ ਇਹਦਾ ਵੀ ਕੋਈ ਨੀ ਜਾਪਦਾ ਮੈਨੂੰ। ਮੇਰੇ ਵਜੂਦ ਤੋਂ ਪਹਿਲਾਂ ਦੀਆਂ ਗੱਲਾਂ ਨੇ।

ਕੀ ਕਿਹਾ? "ਵਜੂਦ ਤੋਂ ਪਹਿਲਾਂ ਦੀਆਂ ਛੱਡ ਝੂਠੀ।"

0 0 0

ਮੈਨੂੰ ਪਤਾ ਸੀ ਤੁਸੀਂ ਇਹੋ ਕਹੋਗੇ। ਤੁਸੀਂ ਵੀ ਬੜੇ ਭੋਲ਼ੇ ਹੋ। ਇਹ ਕਹਾਉਤ ਨੀ ਸੁਣੀ ਕਿ ਕੰਧਾਂ ਦੇ ਵੀ ਕੰਨ ਹੁੰਦੇ ਨੇ। ਸੋ ਬੜੇ ਲੰਮੇ ਅਤੇ ਤੇਜ਼ ਨੇ ਮੇਰੇ ਕੰਨ। ਇਸ ਲਈ ਉਹ ਵੀ ਸੁਣਾਊਂ ਜੋ ਮੇਰੇ ਵਜੂਦ ਤੋਂ ਪਹਿਲਾਂ ਹੋਇਆ। ਇਹ ਵਿਹੜਾ ਉਦੋਂ ਖੁੱਲ੍ਹਾ ਹੁੰਦਾ ਸੀ। ਐਥੇ ਇਹ ਥਾਂ ਜਿੱਥੇ ਅੱਜ ਮੈਂ ਖੜ੍ਹੀ ਹਾਂ, ਇੱਥੇ ਹੀ ਚਾਅ ਮਨਾਏ ਸਨ ਵਿਆਹ ਦੇ। ਸ਼ਾਮ ਨੂੰ ਇਸੇ ਥਾਂ 'ਤੇ ਪਾਣੀ ਵਾਰ ਕੇ ਪੀਤਾ ਸੀ ਬੁੜ੍ਹੀ ਨੇ। ਸੱਚ ਦੱਸਾਂ ਬੁੜ੍ਹੀ ਕਹਿਣ ਨੂੰ ਮਨ ਨੀ ਮੰਨਦਾ ਮੇਰਾ। ਮਿੰਦਰ ਕੁਰ ਏ ਨਾਂ ਇਹਦਾ ਮਿੰਦਰੋ। ਬੜੀ ਹੀ ਚੰਗੀ ਸੀ ਵਿਚਾਰੀ ਉਦੋਂ। ਨੂੰਹ ਸੱਸ ਦੀ ਕਹਿੰਦੇ ਕਦੇ ਬਣ ਨੀ ਸਕਦੀ ਪਰ ਮਿੰਦਰੋ ਤਾਂ ਮਨੀ ਬਿਨਾਂ ਸਾਹ ਨਾ ਲਿਆ ਕਰੇ। ਹਰ ਸਮੇਂ ਮਨੀ ਮਨੀ ਲਾਈ ਰੱਖਿਆ ਕਰੇ। ਅਸੀਸਾਂ ਅਤੇ ਪਿਆਰ ਦੀ ਝੜੀ ਲਾ ਤੀ ਇਹਨੇ ਨੂੰਹ ਆਪਣੀ ਲਈ। ਮਨੀ ਦੀ ਕੁੱਖ ਹਰੀ ਨਾ ਹੋਈ, ਪਰ ਇਹਨੇ ਕਦੇ ਮਾੜਾ ਲਫ਼ਜ਼ ਨੀ ਕੱਢਿਆ ਸੀ ਮੂੰਹੋਂ। ਅਚਾਨਕ ਇਕ ਦਿਨ ਏਸ ਘਰ ਵਿਚ ਭਗਦੜ ਮੱਚ ਗਈ। ਹਰ ਪਾਸੇ ਚੀਕ ਚਿਹਾੜਾ ਪੈ ਗਿਆ। ਸੱਥਰ ਵਿਛ ਗਿਆ। ਘਰ ਦਾ ਚਿਰਾਗ਼ ਵਿਹੜੇ ਵਿਚਕਾਰ ਬੇ-ਜਾਨ ਪਿਆ ਸੀ। ਚਿੰਬੜ-ਚਿੰਬੜ ਜਾਵੇ ਮਿੰਦਰੋ ਇਕਲੌਤੇ ਪੁੱਤ ਦੀ ਲਾਸ਼ ਨੂੰ। ਸੰਸਕਾਰ ਹੋਣ ਤੋਂ ਦੋ ਮਹੀਨੇ ਬਾਅਦ ਕਹਿੰਦੇ ਜਦੋਂ ਮਨੀ ਆਈ ਸੀ ਇੱਥੇ, ਬੜੀ ਮਾੜੀ ਹਾਲਤ ਸੀ ਉਹਦੀ। ਮੰਜੇ ਨਾਲ਼ ਮੰਜਾ ਹੀ ਹੋਈ ਪਈ ਸੀ। ਇਸੇ ਮਿੰਦਰੋ ਨੇ ਛੇ ਮਹੀਨੇ ਸੇਵਾ ਕੀਤੀ ਅਤੇ ਨੌ ਬਰ ਨੌ ਕਰਤੀ। ਮੈਂ ਤਾਂ ਸੁਣਿਐ ਕਿ ਹੱਦ ਹੀ ਕਰਤੀ ਸੀ ਸੇਵਾ ਵਾਲ਼ੀ ਮਿੰਦਰੋ ਨੇ।

ਕੀ ਕਿਹਾ? "ਕੀਹਤੋਂ ਸੁਣਿਐ?"

ਤੁਸੀਂ ਵੀ ਹਟਦੇ ਨੀ, ਉਹ ਆ ਗਿਆ ਰੇੜੂਆ। ਇਹੀ ਕਹਿੰਦਾ ਹੁੰਦੈ। ਇਹੀ ਨਾਂ ਰੱਖਿਆ ਹੋਇਐ ਹੁਣ ਲੋਕਾਂ ਨੇ ਇਹਦਾ। ਹਰ ਸਮੇਂ ਵੱਜਦਾ ਜੋ ਰਹਿੰਦੈ। ਸੁਣਿਆ ਏ ਕਿ ਇਹ ਵੀ ਬੜਾ ਬੀਬਾ ਜਿਹਾ ਹੁੰਦਾ ਸੀ, ਬਹੁਤ ਘੱਟ ਬੋਲਦਾ ਸੀ। ਹੁਣ ਚੁੱਪ ਹੀ ਨੀ ਕਰਦਾ। ਹਰ ਸਮੇਂ ਇਕ ਪਾਠ ਜਿਹਾ ਕਰਦਾ ਰਹਿੰਦੈ। ਠੀਕ ਹੋ ਕੇ ਨੌਂ ਮਹੀਨੇ ਬਾਅਦ ਮਨੀ ਜਲੰਧਰ ਚਲੇ ਗਈ ਸੀ। ਕੁੱਝ ਦਿਨਾਂ ਬਾਅਦ ਫੋਨ ਕਰ ਕੇ ਬੁਲਾਇਆ ਸੀ ਇਹਨਾਂ ਦੋਵਾਂ ਨੂੰ। ਜਦੋਂ ਉੱਥੋਂ ਮੁੜਿਆ ਫੇਰ ਚੁੱਪ ਹੀ ਨੀ ਕਰਿਆ। ਹੁਣ ਤਾਂ ਫੇਰ ਵੀ ਥੋੜ੍ਹਾ ਘਟਿਆ ਹੋਇਐ, ਜਿਵੇਂ ਸੈੱਲ ਮੁੱਕਣ ਵਾਲ਼ੇ ਹੋਣ। ਇਹਦਾ ਪਾਠ ਪਤਾ ਨਹੀਂ ਕਿੰਨੀ ਕੁ ਵਾਰੀ ਸੁਣ ਚੁੱਕੀ ਹਾਂ, ਹੁਣ ਵੀ ਬੋਲ ਰਿਹੈ। ਤੁਸੀਂ ਵੀ ਇਹਦੀ ਜ਼ੁਬਾਨ ਤੋਂ ਹੀ ਸੁਣੋ।

0 0 0

"ਸਾਲ ਹੋ ਗਿਆ ਸੀ ਸਾਡਾ ਪੁੱਤ ਮਰਿਆਂ, ਇਹ ਬੋਲੀ "ਮੰਮੀ ਤੁਸੀਂ ਦਾਦਾ-ਦਾਦੀ ਬਣਨ

ਵਾਲੇ ਹੋ।" ਬਸ ਇਹੋ ਕਸਰ ਰਹਿ ਗਈ ਸੀ। ਉਹ ਵੀ ਪੂਰੀ ਹੋਗੀ। ਕੋਰਟ ਕਚਹਿਰੀਆਂ ਵਿਚ ਵੀ ਧੱਕੇ ਖਾਣੇ ਪੈ ਗੇ। ਏਸ ਪੱਕੀ ਉਮਰੇ ਇਹ ਦਿਨ ਵੀ ਦਿਖਾ ਤੇ ਕੁੱਤੀ ਨੇ। ਪਤਾ ਨੀ ਕਿਹੜੇ ਜਨਮਾਂ ਦੇ ਬਦਲੇ ਲੈਂਦੀ ਆ। ਇਹਨੂੰ ਤਰਸ ਨੀ ਆਉਂਦਾ ਮੇਰੀ ਹਾਲਤ 'ਤੇ, ਅਜੇ ਸਾਲ ਨੀ ਸੀ ਹੋਇਆ ਘਰ 'ਤੇ ਕਹਿਰ ਟੁੱਟੇ ਨੂੰ, ਇਹ ਫੇਰ ਨੀ ਟਲ਼ੀ। ਇਹ ਦੁੱਖ ਦੇਣੀ ਪਤਾ ਨੀ ਕਿਹੜੇ ਭੈੜੇ ਵੇਲ਼ਿਆਂ 'ਚ ਸਹੇੜ ਲੀ। ਲੋਕਾਂ ਨੂੰ ਅਕਲਾਂ ਵੰਡਦੀ ਆ, ਆਪਣੀ ਮੱਤ ਨੂੰ ਪਤਾ ਨੀ ਕੀ ਹੋਇਐ। ਮੇਰਾ ਵਸਦਾ-ਰਸਦਾ ਘਰ ਕਬਰਸਤਾਨ ਵਰਗਾ ਬਣਾਤਾ। ਘਰ ਵਿਚ ਜੇ ਮੈਂ ਤਿੰਨ ਮੌਤਾਂ ਹੋਈਆਂ ਆਖਾਂ ਤਾਂ ਕਿਹੜਾ ਝੂਠ ਆ। ਅਸੀਂ ਹੁਣ ਕਿਹੜੇ ਜਿਉਂਦਿਆਂ 'ਚ ਹਾਂ। ਸਾਡੇ 'ਚ ਹੁਣ ਕੀ ਬਚਿਐ। ਪਹਿਲਾਂ ਨੀਲੀ ਛਤਰੀ ਵਾਲੇ ਨੇ ਕਹਿਰ ਢਾਹਿਆ, ਫੇਰ ਰਹਿੰਦੀ-ਖੂੰਹਦੀ ਕਸਰ ਇਹਨੇ ਕੱਢ ਤੀ। ਦੱਸ ਭਲਾਂ ਸੋਚ ਤਾਂ ਸਈ, ਸ਼ਰਮ ਨੀ ਆਉਂਦੀ। ਰੱਬ ਦੇ ਕਹਿਰ 'ਚੋਂ ਅਜੇ ਸੰਭਾਲ਼ਾ ਵੀ ਨੀ ਸੀ ਲਿਆ। ਇਕ ਦਿਨ ਜਲੰਧਰੋਂ ਫੋਨ ਕਰਤਾ ਕਿ ਤੁਸੀਂ ਇੱਥੇ ਆਜੋ ਮੈਂ ਢਿੱਲੀ ਹਾਂ। ਅਸੀਂ ਕਿਹਾ "ਘਰੇ ਆ ਜਾ।" ਕਹਿੰਦੀ "ਐਥੀ ਆਜੋ ਇੱਥੋਂ ਹੀ ਦਵਾਈ ਚੱਲਦੀ ਆ।" ਅਸੀਂ ਦੂਜੀ ਸ਼ਾਮ ਜਲੰਧਰ ਜਾ ਪੁੱਜੇ। ਵੇਖਿਆ ਤਾਂ ਬੈੱਡ 'ਤੇ ਲੰਮੀ ਪਈ ਸੀ।

"ਮਨੀ ਪੁੱਤ ਸਿਹਤ ਤਾਂ ਠੀਕ ਐ?" ਮਿੰਦਰੋ ਨੇ ਪਿਆਰ ਨਾਲ਼ ਬਾਹੋਂ ਫੜ ਕੇ ਪੁੱਛਿਆ ਸੀ।

"ਹਾਂ ਮੰਮੀ ਠੀਕ ਆਂ।" ਇਹ ਬੋਲੀ ਸੀ।

"ਫੇਰ ਪੁੱਤ ਇਹ ਕੀ, ਡਾਕਟਰ ਨੂੰ ਬੁਲਾਵਾਂ ਤੇਰੇ ਬਾਪੂ ਜੀ ਨੂੰ ਕਹਿ ਕੇ।" ਮਿੰਦਰੋ ਨੇ ਫੇਰ ਪੁੱਛਿਆ।

"ਨਹੀਂ ਮੰਮੀਂ ਕੁੱਝ ਨੀ, ਇਹ ਤਾਂ ਖੁਸ਼ੀ ਵਾਲ਼ੀ ਗੱਲ ਆ।" ਮਨੀ ਬੋਲੀ ਸਾਨੂੰ ਦੋਵਾਂ ਨੂੰ ਸੁਣਿਆ।

"ਖੁਸ਼ੀ ਵਾਲ਼ੀ ਗੱਲ?" ਮਿੰਦਰੋ ਨੇ ਹੈਰਾਨੀ ਨਾਲ਼ ਪੁੱਛਿਆ।

"ਆਹੋ ਮੰਮੀ ਤੁਸੀਂ ਦਾਦਾ-ਦਾਦੀ ਬਣਨ ਵਾਲੇ ਹੋ।"

"ਦਾਦਾ-ਦਾਦੀ ... ?" ਇਹਦੇ ਮੂੰਹੋਂ ਸੁਣੇ ਇਹ ਸ਼ਬਦ, ਅੱਜ ਵੀ ਮੇਰੇ ਕੰਨਾਂ 'ਚ ਕਿਤੇ ਫਸੇ ਖੜ੍ਹੇ ਆਂ। ਮਿੰਦਰੋ ਤਾਂ ਇਕ ਵਾਰ ਸੁਣ ਕੇ ਜਿਵੇਂ ਪਥਰਾ ਹੀ ਗਈ ਸੀ। ਏਸ ਉਮਰੇ ਜਦ ਬੰਦੇ ਨੂੰ ਜੀਵਨ ਸਾਥੀ ਦੀ ਸਭ ਤੋਂ ਵੱਧ ਲੋੜ ਹੁੰਦੀ ਆ। ਇਹਦੇ ਮੂੰਹੋਂ ਫੁੱਟੇ ਸ਼ਬਦਾਂ ਨੇ ਅਜਿਹੀ ਸੱਟ ਮਾਰੀ, ਰੋਗੀ ਕਰਤੀ। ਇਹਨੂੰ ਵੀ ਕੋਰਟ ਦੇ ਸੰਮਣ ਕਢਵਾ ਤੇ, ਅਖੇ ਪੇਸ਼ ਹੋਣਾ ਪੈਣੈ। ਹੱਦਾਂ ਈ ਟੱਪ ਗੀ ਕਲ਼ਜੋਗਣ।

ਮੇਰੇ ਤਾਂ ਸਮਝ ਨੀ ਆਈ। ਮਿੰਦਰੋ ਨੂੰ ਸਾਂਭਾਂ ਜਾਂ ਇਹਦਾ ਗਾਟਾ ਲਾਹਵਾਂ। ਦੱਸ ਭਲਾਂ ਜੇ ਭੁੱਖ ਨੀ ਸੀ ਸਾਂਭੀ ਜਾਂਦੀ, ਕਿਸੇ ਦੇ ਲੜ ਲੱਗ ਜਾਂਦੀ। ਅਸੀਂ ਤਾਂ ਬਥੇਰਾ ਕਿਹਾ ਸੀ ਕਿ "ਧੀ ਬਣਾ ਕੇ ਵਿਦਾਅ ਕਰ ਦਿੰਦੇ ਹਾਂ ਤੈਨੂੰ। ਧੀ ਵਾਂਗ ਵਰਤ ਸਾਡੇ ਨਾਲ਼। ਦੁੱਖ-ਸੁੱਖ ਦੀ ਸਾਥੀ ਬਣ ਸਾਡੀ। ਆਪਣੀ ਜ਼ਿੰਦਗੀ ਦੀ ਸੋਚ, ਕੀ ਉਮਰ ਹੈ ਅਜੇ ਤੇਰੀ।" ਪਰ ਸਾਡੀ ਇਕ ਨਾ ਮੰਨੀ, ਕਹਿੰਦੀ, "ਮੈਂ ਤੁਹਾਡਾ ਸਹਾਰਾ ਬਣੂੰ। ਕੁਲਵੀਰ ਤੋਂ ਬਿਨਾਂ ਕਿਸੇ ਹੋਰ ਦੀ ਨੀ ਹੋ ਸਕਦੀ ਮੈਂ। ਨਹੀਂ ਅਪਣਾ ਸਕਦੀ ਕਿਸੇ ਨੂੰ। ਨਹੀਂ ਲੈ ਸਕਦਾ ਕੋਈ ਕੁਲਵੀਰ ਦੀ ਥਾਂ।"

ਹੁਣ ਦੱਸ ਕੁਲਵੀਰ ਕਿੱਥੇ ਚਲੇ ਗਿਆ ਇਹਦੇ ਦਿਲ 'ਚੋਂ। ਆਹੀ ਕਲੰਕ ਲਾਉਣਾ ਸੀ ਮੇਰੇ ਪੁੱਤ ਨੂੰ, ਮੇਰੇ ਸੋਨੇ ਵਰਗੇ ਪੁੱਤ ਦੀ ਮਿੱਟੀ ਰੋਲ਼ਣ 'ਤੇ ਤੁਲੀ ਆ। ਦੱਸ ਭਲਾਂ ਜਿਹੜਾ ਚੰਦ ਤੂੰ ਚੜ੍ਹਾਇਆ ਏ, ਇਹ ਕਿਤੇ ਐਂਵੇਂ ਚੜ੍ਹ ਗਿਆ। ਪਤਾ ਨੀ ਕੀਹਦੇ ...? ਮੈਥੋਂ ਤਾਂ ਐਨਾ ਮਾੜਾ ਸੋਚਿਆ ਵੀ ਨੀ ਜਾਂਦਾ। ਸਹੁਰੀ ਨੇ ਉਜੜੇ ਹੋਏ ਵੀ ਦਾਗੀ ਕਰ ਤੇ। ਕਹਿੰਦੀ ਸੀ ਕਿ "ਕੁਲਵੀਰ ਦਾ ਵੰਸ਼ ਵਧਾਊਂਗੀ।" ਮੇਰੇ ਦਿਲ ਨੇ ਵੀ ਹੁੰਗਾਰਾ ਜਿਹਾ ਭਰਿਆ ਸੀ। ਇਕ ਆਸ ਭਰਿਆ ਬੁੱਲਾ ਜਿਹਾ ਆਇਆ ਸੀ। ਸ਼ਾਇਦ ਕੋਈ ਆਸ ਹੋਵੇ। ਅਚੇਤ ਹੀ ਮੇਰੇ ਹੱਥ ਜੁੜ ਗਏ ਸਨ। ਫੇਰ ਜਦ

ਮਹੀਨੇ ਗੁਜ਼ਰ ਗਏ ਤਾਂ ਮੇਰੀ ਆਸ ਤਾਂ ਦਮ ਤੋੜ ਗੀ ਸੀ, ਅੰਦਰੋਂ-ਅੰਦਰੀਂ। ਦੱਸ ਭਲਾਂ ਇੰਝ ਵਧਦੇ ਹੁੰਦੇ ਆ ਵੰਸ਼। ਐਵੇਂ ਤਾਂ ਵਸਦੇ ਵਿਹੜੇ ਉੱਜੜ ਜਾਂਦੇ ਨੇ। ਅਸੀਂ ਤਾਂ ਪਹਿਲਾਂ ਹੀ ਉੱਜੜਿਆਂ ਵਰਗੇ ਹਾਂ। ਚੰਗੀ ਭਲੀ ਸੀ। ਟੱਬਰ ਦੇ ਸਾਹ 'ਚ ਸਾਹ ਲੈਂਦੀ ਸੀ। ਮੱਤਾਂ ਵੰਡਦੀ ਦੀ ਆਪਣੀ ਮੱਤ ਪਤਾ ਨੀ ਕਿਵੇਂ ਮਾਰੀ ਗਈ।

ਸ਼ਗਨਾਂ ਨਾਲ਼ ਵਿਆਹ ਕੇ ਬੜਾ ਖੁਸ਼ ਸੀ, ਸਾਰਾ ਟੱਬਰ। ਹਰ ਸਮੇਂ ਹਸੂੰ-ਹਸੂੰ ਕਰਦੀ ਰਹਿੰਦੀ। ਘਰ ਵਿਚ ਰੌਣਕ ਸੀ ਇਹਦੇ ਨਾਲ਼। ਮੂੰਹ ਵਿਚੋਂ ਹਰ ਸਮੇਂ ਕੁਝ ਗੁਣ-ਗੁਣਾਉਂਦੀ ਰਹਿੰਦੀ। ਬੜੀ ਚੰਗੀ ਸੀ ਆਵਾਜ਼ ਵੀ ਇਹਦੀ, ਕੋਇਲ ਵਰਗੀ। ਵਿਆਹ ਦੇ ਬਾਅਦ ਮਿੰਦਰੋ ਨਿਆਣਿਆਂ ਦੀਆਂ ਕਿਲਕਾਰੀਆਂ ਲਈ ਤਰਸਦੀ ਰਹੀ, ਖੈਰ ਪੱਲੇ ਨੀ ਪਈ, ਪਰ ਇਹਨੂੰ ਤਾਂ ਕਦੇ ਕਿਸੇ ਨੇ ਮਾੜਾ ਚੰਗਾ ਨੀ ਬੋਲਿਆ। ਫੇਰ ਪਤਾ ਨੀ ਕਾਹਦੇ ਬਦਲੇ ਲੈਂਦੀ ਆ। ਅਸੀਂ ਵੀ ਚਾਹੁੰਦੇ ਸੀ ਕਿ ਸਾਡੇ ਪੁੱਤ ਦਾ ਵੰਸ਼ ਵਧੇ, ਸਾਡਾ ਵੰਸ਼ ਵਧੇ।

ਉਡੀਕ-ਉਡੀਕ ਕੇ ਡਾਕਟਰੀ ਇਲਾਜ ਸ਼ੁਰੂ ਕਰਵਾਇਆ ਸੀ। ਏਸੇ ਝਾਕ ਵਿਚ ਕੱਲੇ ਰਹਿਣਾ ਵੀ ਮਨਜ਼ੂਰ ਕਰ ਲਿਆ ਅਸੀਂ। ਭਲੇ ਚੰਗੇ ਨੇੜੇ ਦੇ ਪਿੰਡ ਦੇ ਸਕੂਲ ਵਿਚ ਪੜ੍ਹਾਉਂਦੇ ਸੀ ਦੋਵੇਂ। ਅਚਾਨਕ ਇਹਦੀ ਤਰੱਕੀ ਦੇ ਆਰਡਰ ਮਿਲੇ। ਜਦ ਨੇੜੇ ਕੋਈ ਖਾਲੀ ਸਟੇਸ਼ਨ ਨਾ ਮਿਲਿਆ ਤਾਂ ਜਲੰਧਰ ਨੇੜੇ ਦਾ ਸਟੇਸ਼ਨ ਲੈ ਲਿਆ। "ਬਾਪੂ ਜੀ ਉੱਥੋਂ ਇਲਾਜ ਕਰਵਾਉਣਾ ਵੀ ਸੌਖਾ ਰਹੂ, ਹਸਪਤਾਲ ਨੇੜੇ ਹੀ ਆ ਉੱਥੋਂ।" ਇਹ ਆਖ ਕੁਲਵੀਰ ਨੇ ਆਪਣੀ ਬਦਲੀ ਵੀ ਉੱਥੇ ਹੀ ਕਰਵਾ ਲਈ ਸੀ। ਅਸੀਂ ਵੀ ਸੋਚਿਆ ਸੀ ਕਿ ਘਰ 'ਚ ਖੁਸ਼ੀ ਆਵੇ। ਔਖੇ-ਸੌਖੇ ਕੱਟ ਲੈਂਦੇ ਹਾਂ ਸਾਲ-ਖੰਡ, ਫੇਰ ਬਦਲੀ ਹੋਜੂ ਨੇੜੇ। ਸਾਨੂੰ ਵੀ ਉੱਥੇ ਲੈ ਜਾਣ ਦਾ ਬਾਨ੍ਹਣੂ ਜਿਹਾ ਬੰਨ੍ਹ ਰਿਹਾ ਸੀ ਕਿ ਭਾਣਾ ਵਾਪਰ ਗਿਆ। ਮਿੰਦਰੋ ਦੀ ਹਾਲਤ ਵੇਖ ਕੇ ਕਾਲਜਾ ਮੂੰਹ ਨੂੰ ਆਉਂਦੈ। ਸਾਰੇ ਘਰ ਦੇ ਕੰਮਾਂ ਕਾਰਾਂ ਨੂੰ ਚੁੱਕੀਂ ਫਿਰਦੀ ਸੀ। ਦਿਨਾਂ 'ਚ ਕੁੱਬੀ ਹੋਗੀ। ਡਾਕਟਰ ਕਹਿੰਦਾ "ਇਹਦੇ ਦਿਮਾਗ਼ 'ਤੇ ਡੂੰਘਾ ਸਦਮਾ ਲੱਗਾ ਹੈ। ਸਦਮੇਂ ਦੀ ਸੱਟ ਨੇ ਇਹਦੀ ਇਹ ਹਾਲਤ ਕਰ ਤੀ।"

ਇਹਤੋਂ ਵੱਡੀ ਸੱਟ ਤਾਂ ਪੁੱਤ ਦੀ ਭੈੜੀ ਖਬਰ ਸੁਣ ਕੇ ਲੱਗੀ ਸੀ, ਜਦ ਦੀਵਾਲੀ ਤੋਂ ਚਾਰ ਕੁ ਦਿਨ ਬਾਅਦ ਸਵੇਰੇ ਫੋਨ ਖੜਕਿਆ ਸੀ। ਉੱਧਰੋਂ ਪਤਾ ਨੀ ਕੌਣ ਬੋਲ ਰਿਹਾ ਸੀ।

"ਜੀ ਨੰਬਰ ਵਾਲੇ ਦੇ ਕੀ ਲਗਦੇ ਹੋ ਤੁਸੀਂ?" ਉੱਧਰੋਂ ਆਵਾਜ਼ ਆਈ।

"ਜੀ ਮੇਰੇ ਮੁੰਡੇ ਦਾ ਨੰਬਰ ਹੈ ਇਹ।" ਮੇਰੇ ਮੂੰਹੋਂ ਸੁਭਾਵਕ ਹੀ ਨਿਕਲਿਆ।

"ਜੀ ਉਹਨਾਂ ਦਾ ਐਕਸੀਡੈਂਟ ਹੋ ਗਿਆ। ਤੁਸੀਂ ਜਲਦੀ ਆਜੋ ਸਿਵਲ ਹਸਪਤਾਲ ਜਲੰਧਰ।"

"ਜੀ ਮੇਰੀ ਨੂੰਹ ... ?"

"ਹਾਂ ਜੀ ਦੋਵਾਂ ਦੇ ਲੱਗੀਆਂ ਨੇ ਸੱਟਾਂ।"

"ਜੀ ... ਜੀ ਠੀਕ ਤਾਂ ਨੇ?"

"ਹਾਂ ਜੀ ... ਬਾਈ ਜੀ ਤੁਸੀਂ ਆਜੋ, ਬਚਾਅ ਹੋ ਗਿਆ।" ਐਨਾ ਬੋਲ ਕੇ ਉੱਧਰੋਂ ਫੋਨ ਕੱਟਿਆ ਗਿਆ। ਅਸੀਂ ਉਸੇ ਸਮੇਂ ਜਲੰਧਰ ਨੂੰ ਚੱਲ ਪਏ। ਉੱਥੇ ਜਾ ਕੇ ਦੇਖਿਆ। ਕੁਲਵੀਰ ਤਾਂ ਸਾਨੂੰ ਛੱਡ ਕੇ ਜਾ ਚੁੱਕਾ ਸੀ। ਇਹਦਾ ਬਚਾਅ ਹੋ ਗਿਆ। ਇਹਨੂੰ ਸੱਠ ਦਿਨਾਂ ਬਾਅਦ ਛੁੱਟੀ ਹੋਈ। ਮਿੰਦਰੋ ਨੇ ਦਿਨ ਰਾਤ ਇਕ ਕਰਕੇ ਇਹਦੀ ਸੇਵਾ ਕੀਤੀ। ਬਹੁਤ ਮੋਹ ਸੀ, ਮਿੰਦਰੋ ਦਾ ਇਹਦੇ ਨਾਲ਼। ਠੀਕ ਹੋ ਕੇ ਫੇਰ ਜਲੰਧਰ ਚਲੇ ਗਈ। ਕਹਿੰਦੀ ਇਸ ਵਾਰ ਬਦਲੀਆਂ ਦੇ ਸੀਜ਼ਨ 'ਚ ਬਦਲੀ ਕਰਵਾ ਲਵਾਂਗੀ, ਫੇਰ ਤੁਹਾਡੇ ਕੋਲ਼ ਰਹੂੰ, ਤੁਹਾਡੀ ਸੇਵਾ ਕਰੂੰ।

ਸਮਝ ਨੀ ਆਉਂਦੀ ਐਨੀ ਕਿਵੇਂ ਬਦਲਗੀ, ਯਕੀਨ ਨੀ ਆਉਂਦਾ। ਵੀਰੋ ਨਾਲ਼ ਤਾਂ ਬੜਾ ਮੋਹ ਸੀ ਇਹਦਾ। ਜਦੋਂ ਦੀ ਵਿਆਹ ਕੇ ਆਈ ਸੀ, ਕੋਈ ਤਿੱਥ-ਤਿਉਹਾਰ ਨੀ ਸੀ ਛੱਡਿਆ, ਜਦੋਂ ਵੀਰੋ ਦੇ ਸਹੁਰੇ ਨਾ ਗਈ ਹੋਵੇ। ਸਾਨੂੰ ਤਾਂ ਬੜਾ ਮਾਣ ਹੁੰਦਾ ਸੀ ਆਪਣੇ ਨੂੰਹ ਪੁੱਤ 'ਤੇ।

"ਕਿਤੇ ਕਿਸੇ ਦੀ ਨਜ਼ਰ ਨਾ  ਲੱਗ ਜਾਵੇ।" ਮਿੰਦਰੋ ਅਕਸਰ ਆਖਦੀ ਹੁੰਦੀ ਸੀ। ਮੈਂ ਕਦੇ ਇਨ੍ਹਾਂ ਗੱਲਾਂ 'ਤੇ ਵਿਸ਼ਵਾਸ ਨਹੀਂ ਸੀ ਕੀਤਾ। ਕਾਲ਼ੇ ਟਿੱਕੇ ਲਾਏ ਵੀ ਕਿਸੇ ਕੰਮ ਨਾ ਆਏ। ਪਤਾ ਨੀ ਕੀਹਦੀ ਭੈੜੀ ਨਜ਼ਰ ਲੱਗ ਗਈ, ਸਾਡੇ ਹੱਸਦੇ ਵਸਦੇ ਪਰਿਵਾਰ ਨੂੰ। ਹੁਣ ਵੀਰੋ ਵੀ ਮੂੰਹ ਨੀ ਲਾਉਂਦੀ ਇਹਨੂੰ। ਵੀਰੋ ਦੱਸਦੀ ਸੀ ਕਿ "ਮੇਰੇ ਕੋਲ਼ ਵੀ ਆਈ ਸੀ। ਫਿਟਕਾਰ ਤੀ ਮੈਂ ਉਹਦੀ ਕਰਤੂਤ ਜਾਣ ਕੇ।" ਹੁਣ ਤਾਂ ਮੈਨੂੰ ਕੋਇਲ ਦੀ ਨਸਲ ਤੋਂ ਵੀ ਨਫਰਤ ਹੋ ਗੀ। ਦੱਸ ਮੇਰਾ ਘਰ ਆ, ਕੋਈ ਕਾਂ ਦਾ ਆਲ੍ਹਣਾ ਥੋੜ੍ਹਾ ਏ। ਕਦੇ-ਕਦੇ ਸੋਚਦਾਂ ਕਿ ਐਕਸੀਡੈਂਟ ਵੀ ਕਿਤੇ ...।"

ਸੁਣ ਲੀ, ਰੇੜੂਏ ਦੀ ਗੱਲ।

0 0 0

ਬੜਾ ਭਰੋਸਾ ਏ ਵਿਚਾਰੇ ਨੂੰ ਆਪਣੀ ਧੀ ਵੀਰੋ 'ਤੇ, ਪਰ ਸਚਾਈ ਕੁੱਝ ਹੋਰ ਈ ਏ। ਮੈਂ ਸੁਣੀਆਂ ਨੇ ਸਭ, ਐਸ ਘਰ ਵਿਚ ਮੈਨੂੰ ਉਸਾਰਨ ਵਿਚ ਬੜਾ ਯੋਗਦਾਨ ਏ ਉਹਦਾ। ਸੁਣੋਂ ਮੈਂ ਦੱਸਦੀ ਹਾਂ ਤੁਹਾਨੂੰ। ਉਹ ਜਿਹੜਾ ਮੇਰੇ ਖੱਬੇ ਪਾਸੇ ਫਿਰਦੈ ਜੁਆਕ ਗੁਆਚਿਆ ਜਿਹਾ, ਸਰਬਾ ਏ ਨਾਂ ਇਹਦਾ। ਉਹਦੀ ਮਾਂ ਏ ਵੀਰੋ। ਹੁਣ ਇਹ ਜੁਆਕ ਐਥੀ ਰਹਿੰਦੈ। ਵੀਰੋ ਹੀ ਛੱਡ ਕੇ ਗਈ ਸੀ ਇਹਨੂੰ ਇੱਥੇ, ਪਿਓ ਵੀ ਨਾਲ਼ ਸੀ ਇਹਦਾ। ਇਹੋ ਜਿਹਿਆਂ ਕਰ ਕੇ ਉੱਗਦੀਆਂ ਹਾਂ ਅਸੀਂ ਘਰਾਂ ਵਿਚ। ਇੱਥੇ ਹੀ ਬੈਠਾ ਸੀ ਇਕ ਦਿਨ ਮੰਜੀ 'ਤੇ, ਵੀਰੋ ਵੀ ਨਾਲ਼ ਹੀ ਸੀ, ਦੋਵਾਂ ਦੀਆਂ ਗੱਲਾਂ ਸੁਣ ਕੇ ਮੈਂ ਤਾਂ ਦੰਗ ਰਹਿ ਗੀ।

"ਦੇਖੋ ਜੀ ਹਰਮਨ ਤਾਂ ਜਮਾਂ ਵੀਰੇ 'ਤੇ ਗਿਐ।" ਵੀਰੋ ਨੇ ਹਰਮਨ ਨੂੰ ਵੇਖ ਕੇ ਕਿਹਾ ਸੀ।

"ਤੂੰ ਚੁੱਪ ਰਿਹਾ ਕਰ, ਜ਼ਰੂਰੀ ਨੀ ਹੁੰਦਾ ਕਿ ਜਿਹਦੇ ਨਾਲ਼ ਮੜ੍ਹੰਗਾ ਮਿਲੇ, ਜੁਆਕ ਉਹਦਾ ਹੀ ਹੋਵੇ।"

"ਐਨਾ ਤਾਂ ਨੀ ਮਿਲ ਸਕਦਾ ਮੜ੍ਹੰਗਾ ਕਿਸੇ ਬਗਾਨੇ ਨਾਲ਼।"

"ਫੇਰ ਆਪਣੀ ਮਾਤਾ ਦੀ ਮੰਨ ਲੈ, ਜਿਹੜੀ ਤੇਰਾ ਭਾਈ ਦੱਸਦੀ ਆ ਇਸ ਹਰਾਮੀ ਨੂੰ!" ਵੀਰੋ ਦੇ ਖਸਮ ਦੇ ਬੋਲਾਂ ਵਿਚ ਜ਼ਹਿਰ ਭਰੀ ਹੋਈ ਸੀ।

"ਪਰ ਜੀ ਮੈਨੂੰ ਤਾਂ ਦੱਸੀ ਸੀ ਸਾਰੀ ਗੱਲ ਮਨੀ ਨੇ ਫੋਨ 'ਤੇ। ਕਦੇ-ਕਦੇ ਤਾਂ ਲਗਦੈ ਬੜਾ ਪਾਪ ਕੀਤੈ ਮੈਂ। ਉਹਨੇ ਤਾਂ ਭਰੋਸਾ ਕਰ ਕੇ ਦੱਸਿਆ ਸੀ ਮੈਨੂੰ। ਮੈਂ ਹੀ ਕਿਹਾ ਸੀ ਕਿ ਅਜੇ ਕਿਸੇ ਕੋਲ਼ ਗੱਲ ਨਾ ਕਰੀਂ, ਘਰੇ ਆਪੇ ਦੱਸਦੂੰ ਮੈਂ। ਫੇਰ ਤੁਹਾਡੇ ਕਹੇ ਤੋਂ ਮਨ ਬਦਲ ਗਿਆ ਮੇਰਾ। ਮੈਨੂੰ ਤਾਂ ਕਦੇ-ਕਦੇ ਬੜਾ ਤਰਸ ਆਉਂਦੈ ਵਿਚਾਰੀ 'ਤੇ, ਪਹਿਲਾਂ ਹੀ ਪੇਕਿਆਂ ਆਹਰੀ ਸੀ, ਹੁਣ ਐਥੇ ਵੀ ਕੱਲੀ ਰਹਿਗੀ। ਕਿਵੇਂ ਪਾਲ਼ੇਗੀ ਜੁਆਕ ਨੂੰ, ਕਦੇ-ਕਦੇ ਬੜੀ ਬੁਰੀ ਲਗਦੀ ਆ ਇਹ ਕੰਧ ਮੈਨੂੰ।" ਵੀਰੋ ਦੇ ਮਨ ਵਿਚ ਪੇਕਿਆਂ ਲਈ ਦਰਦ ਝਲਕਿਆ ਸੀ।

"ਜੇ ਕਿਤੇ ਇਹ ਕੰਧ ਢਹਿ ਗੀ, ਤੈਨੂੰ ਪੱਕੀਓ ਤੋਰਦੂੰ ਐਥੇ। ਨਾਲ਼ੇ ਉਹਦੇ ਕੋਲ਼ ਕਾਹਦਾ ਘਾਟਾ ਏ, ਨੌਕਰੀ ਕਰਦੀ ਆ, ਪੇਕਿਆਂ ਦਾ ਮਕਾਨ ਵੀ ਆ, ਉੱਥੇ ਜਾ ਕੇ ਰਹੇ। ਇਹ ਵੀ ਐਥੀ ਪੰਗੇ ਲੈਂਦੀ ਆ। ਸਰਬਾ ਰਾਜ ਕਰੇਗਾ ਇੱਥੇ, ਬਸ ਤੂੰ ਚੁੱਪ ਰਿਹਾ ਕਰ। ਕੰਧਾਂ ਦੇ ਵੀ ਕੰਨ ਹੁੰਦੇ ਆ।" ਮੈਂ ਵੀ ਨਵੀਂ-ਨਵੀਂ ਸੀ ਇੱਥੇ ਉਦੋਂ, ਗੱਲਾਂ ਸੁਣ ਕੇ ਦੰਗ ਰਹਿ ਗਈ। ਉਦੋਂ ਕਈ ਦਿਨਾਂ ਤਕ ਤਾਂ ਇਹ ਝੱਜੂ ਪੈਂਦਾ ਰਿਹਾ ਕਿ ਰੇੜੂਆ ਆਪਣੀਆਂ ਖਬਰਾਂ ਸੁਣਾਇਆ ਕਰੇ ਅਤੇ ਮਿੰਦਰੋ ਉਹਦੇ ਵਾਲ਼ ਪੁਟਣ ਨੂੰ ਜਾਵੇ। ਮਿੰਦਰੋ ਨੂੰ ਰੇੜੂਏ 'ਤੇ ਹੀ ਸ਼ੱਕ ਸੀ।

ਉਨ੍ਹਾਂ ਦਿਨਾਂ ਵਿਚ ਅਦਾਲਤ ਨੇ ਫ਼ੈਸਲਾ ਸੁਣਾਇਆ ਸੀ। ਰੇੜੂਏ ਦਾ ਡੀ ਐੱਨ ਏ ਮਿਲ ਗਿਆ ਸੀ ਹਰਮਨ ਨਾਲ਼। ਮਿੰਦਰੋ ਨੂੰ ਸ਼ੱਕ ਹੋ ਗਿਆ ਸੀ ਉਹਦੇ 'ਤੇ। ਡੀ ਐੱਨ ਏ ਮਿਲਦਿਆਂ ਹੀ ਕੋਰਟ ਨੇ ਫ਼ੈਸਲਾ ਮਨੀ ਦੇ ਹੱਕ ਵਿਚ ਦੇ 'ਤਾ। ਫੇਰ ਵੀ ਜਦ ਇਹ ਨਾ ਮੰਨੇ ਤਾਂ ਮਨੀ ਨੇ ਜਾਇਦਾਦ 'ਤੇ ਹੱਕ ਦਾ ਕੇਸ ਫਾਈਲ ਕਰਵਾ 'ਤਾ। ਕੋਰਟ ਨੇ ਘਰ ਅਤੇ ਜਾਇਦਾਦ ਵਿਚੋਂ ਹਿੱਸਾ

ਦੇਣ ਦਾ ਫ਼ੈਸਲਾ ਸੁਣਾ ਦਿੱਤਾ।

ਜਦੋਂ ਮਨੀ ਹਰਮਨ ਨੂੰ ਲੈ ਕੇ ਇੱਥੇ ਆਈ ਤਾਂ ਦੂਜੇ ਦਿਨ ਹੀ ਮੈਂ ਹੋਂਦ ਵਿਚ ਆ ਗਈ ਸੀ।

ਮਿੰਦਰੋ ਕਹੇ ਉੱਥੀ ਜਾ ਕੇ ਰਹਿ ਰਕਾਨ ਨਾਲ਼। ਮਿੰਦਰੋ ਨੇ ਰੇੜੂਏ ਦੀ ਦਾੜ੍ਹੀ ਨੂੰ ਹੱਥ ਪਾ ਲਿਆ। ਫੇਰ ਦੂਜੇ ਦਿਨ ਪਤਾ ਨੀ ਕਿਵੇਂ ਵੀਰੋ ਆ ਗੀ ਖਸਮ ਨਾਲ਼। ਮਿੰਦਰੋ ਉਹਦੇ ਸਾਹਮਣੇ ਵੀ ਚੁੱਪ ਨਾ ਹੋਈ।

"ਮੰਮੀ ਕਿਉਂ ਕਰਦੀ ਏਂ ਕਲੇਸ਼ ਐਨਾ ...।" ਵੀਰੋ ਨੇ ਮਾਂ ਨੂੰ ਸਮਝਾਉਂਦਿਆਂ ਕਿਹਾ ਸੀ।

"ਨਾ ਜਦ ਸਭ ਕੁੱਝ ਮਿਲ ਗਿਆ ਜੁਆਕ ਦਾ ਇਹਦੇ ਨਾਲ਼, ਕੋਰਟ 'ਚ ਸਾਬਤ ਹੋ ਗਿਆ ਕਿ ਇਹਦਾ ਅੰਸ਼ ਆ, ਤਾਂ ਇੱਥੇ ਕੀ ਲੈਂਦਾ ਏ ਇਹ ...।"

"ਮੰਮੀ ਤੂੰ ਮੰਨਦੀ ਆਂ ਕਿ ਕੋਰਟ ਸੱਚ ਆਖਦੀ ਆ।"

"ਹੋਰ ਮੰਨਾਂ ਨਾ ...।"

"ਜਿਹੜੀ ਖਸਮ ਮਰੇ ਤੋਂ ਡੂਢ ਸਾਲ ਬਾਅਦ ਜੁਆਕ ਜੰਮ ਸਕਦੀ ਆ। ਉਹ ਅਦਾਲਤਾਂ ਨੂੰ ਖੁਸ਼ ਨੀ ਕਰ ਸਕਦੀ ...?"

ਮੈਂ ਆਪ ਸੁਣਦੀ ਰਹੀ, ਘੰਟਾ ਲੱਗਿਆ ਸਮਝਾਉਣ ਲਈ। ਫੇਰ ਕਿਤੇ ਜਾ ਕੇ ਮਿੰਦਰੋ ਸ਼ਾਂਤ ਹੋਈ। ਵੀਰੋ ਜਾਂਦੀ ਹੋਈ ਸਰਬੇ ਨੂੰ ਐਥੀ ਛੱਡ ਗੀ। ਕਹਿੰਦੀ, "ਮੰਮੀ ਤੁਹਾਡਾ ਦਿਲ ਲੱਗਿਆ ਰਹੂ।"

0 0 0

ਕੀ ਕਿਹਾ? "ਮਨੀ ਨੇ ਲਾਇਆ ਹੋਊ ਕੋਈ ਜੁਗਾੜ।"

ਮਨੀ ਦੀਆਂ ਵੀ ਸੁਣੀਆਂ ਨੇ ਮੈਂ। ਮੈ ਤਾਂ ਇਹੋ ਸੋਚਦੀ ਸੀ ਕਿ ਕਦੇ ਤਾਂ ਮੁੰਡੇ ਦਾ ਅਸਲ ਪਿਓ ਆਊ ਮਿਲਣ। ਪਿਓ ਤਾਂ ਆਇਆ ਨੀਂ, ਹੁਣ ਤਾਂ ਉਡੀਕਦੀ ਦੀਆਂ ਅੱਖਾਂ ਪੱਕ ਗਈਆਂ। ਇਕ ਦਿਨ ਸਹੇਲੀਆਂ ਆਈਆਂ ਸੀ ਇਹਦੀਆਂ, ਉੱਦਣ ਦੱਸਦੀ ਸੀ, ਮੇਰੇ ਤਾਂ ਕੰਨ ਖੁੱਲ੍ਹੇ ਹੀ ਸਨ, ਸਭ ਸੁਣੀਆਂ। ਜਿਵੇਂ ਸੁਣੀਆਂ ਤੁਸੀਂ ਵੀ ਸੁਣੋਂ, ਮਨੀ ਦੀ ਜ਼ੁਬਾਨੋਂ।

0 0 0

"ਮੈਂ ਕਿਹੜਾ ਚਾਹੁੰਦੀ ਸੀ ਕਿ ਇਹਨਾਂ ਨੂੰ ਕੋਰਟ ਕਚਹਿਰੀਆਂ ਵਿਚ ਘੜੀਸਾਂ। ਆਖਰ ਨੂੰ ਕੌੜਾ ਘੁੱਟ ਭਰ ਕੇ ਮੈਨੂੰ ਅਦਾਲਤ ਦਾ ਸਹਾਰਾ ਲੈਣਾ ਪਿਆ। ਉੱਥੋ ਵੀ ਪਹਿਲਾਂ ਦੋ ਵਾਰ ਭੇਜੇ ਰੁੱਕੇ ਨਾਲ਼ ਤਾਂ ਹਾਜ਼ਰ ਈ ਨੀ ਹੋਏ। ਫੇਰ ਜਦੋਂ ਤੀਜੀ ਵਾਰ ਅਦਾਲਤ ਨੇ ਵਰੰਟ ਭੇਜੇ, ਫੇਰ ਕਿਤੇ ਜਾ ਕੇ ਪਹੁੰਚੇ। ਸੋਚਿਆ ਤਾਂ ਕੁੱਝ ਹੋਰ ਸੀ ਕਿ ਇਹਨਾਂ ਬਜ਼ੁਰਗਾਂ ਦੀ ਸੇਵਾ ਕਰਾਂਗੀ। ਕਦੇ ਸ਼ਿਕਾਇਤ ਦਾ ਮੌਕਾ ਨਹੀਂ ਦੇਵਾਂਗੀ। ਪਰ ਹੁਣ ਮੈਂ ਕਰ ਵੀ ਕੀ ਸਕਦੀ ਸਾਂ। ਕੁਦਰਤ ਨੂੰ ਇਹੋ ਮਨਜ਼ੂਰ ਸੀ। ਸੇਵਾ ਵੀ ਤਾਂ ਹੀ ਕਰਾਂਗੀ ਜੇ ਘਰ ਵੜਨ ਦੇਣਗੇ, ਆਪਣੀ ਮੰਨਣਗੇ। ਇਸ ਛੋਟੀ ਜਿਹੀ ਜਾਨ ਨੂੰ ਅਪਣਾਉਣਗੇ।

ਡਾਕਟਰ ਕਹਿੰਦੇ ਤਿੰਨ ਮਹੀਨੇ ਤਾਂ ਟੋਟਲ ਰੈੱਸਟ ਕਰਨੀ ਪਊ। ਸਕੂਲੋਂ ਛੁੱਟੀਆਂ ਲੈ ਕੇ ਫਲੈਟ ਬੈਠ ਗਈ। ਸੋਚਿਆ ਸੀ ਘਰ ਜਾ ਕੇ ਬੀ ਜੀ ਨੂੰ ਦੱਸਾਂਗੀ ਸਾਰੀ ਗੱਲ। ਡਾਕਟਰ ਦੇ ਰੋਜ਼ ਚੈੱਕਅਪ ਅਤੇ ਅਰਾਮ ਦੀ ਸਲਾਹ ਤੋਂ ਬਾਅਦ ਸੋਚਿਆ ਕਿ ਬੀ ਜੀ ਨੂੰ ਇੱਥੇ ਹੀ ਬੁਲਾ ਲਵਾਂ।

"ਪੁੱਤ ਘਰੇ ਆ ਜਾ ਐਥੇ ਸੌਖਾ ਰਹੂ, ਛੇਤੀ ਠੀਕ ਹੋ ਜੇਂ ਗੀ।" ਉੱਧਰੋਂ ਬੀ ਜੀ ਨੇ ਕਿਹਾ ਸੀ।

"ਨਹੀਂ ਬੀ ਜੀ ਐਥੇ ਨੇੜੇ ਹੀ ਆ ਹਸਪਤਾਲ ਜਿੱਥੋਂ ਦਵਾਈ ਚਲਦੀ ਆ, ਨਾਲ਼ੇ ਡਾਕਟਰਾਂ ਨੇ ਸਫਰ ਤੋਂ ਮਨ੍ਹਾ ਕੀਤੈ।" ਮੈਂ ਕਿਹਾ ਸੀ।

ਦੂਜੇ ਦਿਨ ਆ ਗਏ ਸੀ ਸੱਸ ਸਹੁਰਾ। ਜਦੋਂ ਮੈਂ ਗੱਲ ਦੱਸੀ ਤਾਂ ਪੂਰੀ ਸੁਣੀ ਵੀ ਨਾ ਮੇਰੀ। ਉਸੇ ਸਮੇਂ ਪਿੰਡ ਨੂੰ ਚਲੇ ਗਏ। ਫੇਰ ਬੜੇ ਫੋਨ ਕੀਤੇ, ਕਿਸੇ ਫੋਨ ਹੀ ਨਾ ਚੁੱਕਿਆ। ਮਹੀਨੇ ਕੁ

ਬਾਅਦ ਘਰ ਗਈ ਤਾਂ ਬਾਪੂ ਨੇ ਗੁੱਤੋਂ ਫੜ ਕੇ ਬਾਹਰ ਕਰਤੀ।

ਮੈਂ ਉਹਨੀਂ ਪੈਰੀਂ ਵੀਰੋ ਦੇ ਸਹੁਰਿਆਂ ਵਾਲ਼ੀ ਬੱਸ ਫੜ ਲਈ। ਪਰ ਵੀਰੋ ...। ਵੀਰੋ ਨੂੰ ਪਤਾ ਨੀ ਕੀ ਹੋ ਗਿਆ। ਉਹ ਵੀ ਮੈਨੂੰ ਉਲਟ ਪਈ, ਕਹਿੰਦੀ, "ਭਾਬੀ ਕਿਉਂ ਕੁਫਰ ਤੋਲਦੀ ਐਂ। ਪਤਾ ਨੀ ਕੀਹਦੇ ਗੰਦ ਨੂੰ ਮੇਰੇ ਭਾਈ ਗਲ਼ ਮੜ੍ਹਦੀ ਐਂ। ਉਹਨੂੰ ਤਾ ਵਿਚਾਰੇ ਨੂੰ ਬਖਸ਼ ਦੇ, ਕੁੱਝ ਸ਼ਰਮ ਕਰ। ਪਤਾ ਨੀ ਕੀਹਦੇ ਨਾਲ਼ ਮੂੰਹ ਕਾਲ਼ਾ ਕਰ ਕੇ। ਹੁਣ... ਛਿੱਟੇ ਸਾਡੇ 'ਤੇ ਸਿੱਟਦੀ ਐਂ।"

ਸੁਣ ਕੇ ਮੈਂ ਸੁੰਨ ਹੋ ਗੀ। ਉਹਤੋਂ ਮੈਨੂੰ ਇਹ ਉਮੀਦ ਨਹੀਂ ਸੀ। ਮੈਂ ਕਦੇ ਨਣਦ ਕਰ ਕੇ ਨਹੀਂ ਸੀ ਜਾਣਿਆ ਉਹਨੂੰ। ਸਹੇਲੀਆਂ ਵਾਂਗ ਸੀ ਸਾਡਾ ਰਿਸ਼ਤਾ। ਕੋਈ ਲੁਕੋ ਨੀ ਸੀ ਸਾਡੇ 'ਚ। ਇਹ ਵੀ ਤਾਂ ਦੱਸਿਆ ਸੀ ਮੈਂ ਫੋਨ ਕਰ ਕੇ, ਉਸੇ ਦਿਨ ਜਿਸ ਦਿਨ ਇਹ ਫ਼ੈਸਲਾ ਕੀਤਾ ਸੀ। ਫੋਨ ਸੁਣ ਕੇ ਤਾਂ ਕਹਿੰਦੀ ਸੀ, ਘਰੇ ਮੈਂ ਆਪੇ ਗੱਲ ਕਰੂੰ। ਮੁੜ ਕਈ ਵਾਰ ਫੋਨ 'ਤੇ ਗੱਲਾਂ ਹੋਈਆਂ, ਬੜੀਆਂ ਵਧੀਆ ਗੱਲਾਂ ਕਰਦੀ ਸੀ।

ਜਿਹੜੇ ਘਰ ਚਾਵਾਂ ਨਾਲ਼ ਲੈ ਕੇ ਆਏ ਸੀ, ਉੱਥੋਂ ਇਸ ਤਰ੍ਹਾਂ ਕੱਢਣ ਦੀ ਉਮੀਦ ਨਹੀਂ ਸੀ ਮੈਨੂੰ। ਉਹਨਾਂ ਦੇ ਪੁੱਤ ਦੀ ਇੱਛਾ ਹੀ ਤਾਂ ਪੂਰੀ ਕੀਤੀ ਐ ਮੈਂ। ਉਹਦਾ ਬੂਟਾ ਹੀ ਲਾਇਐ ਮੈਂ। ਮਰਦੇ ਸਮੇਂ ਵੀ ਇਕੋ ਗੱਲ ਸੀ ਜ਼ੁਬਾਨ 'ਤੇ "ਮਨੀ ਮੇਰਾ ਵੰਸ਼ ...।" ਘਰੋਂ ਐਨੀ ਦੂਰ ਬੈਠੇ ਸੀ ਕਿ ਇਲਾਜ ਸੌਖਾ ਹੋ ਜੂ। ਕੀ ਪਤਾ ਸੀ ਕਿ ਕਹਿਰ ਝੁੱਲ ਜੂ। ਇਕ ਦਿਨ ਪਹਿਲਾਂ ਵੀ ਗਏ ਸੀ ਡਾਕਟਰ ਕੋਲ਼। ਮੇਰੀ ਸਿਹਤ ਨੀ ਸੀ ਠੀਕ ਉਸ ਦਿਨ, ਬੁਖਾਰ ਸੀ ਮੈਨੂੰ।

ਦੂਜੇ ਦਿਨ ਸਵੇਰੇ ਸਕੂਲ ਨੂੰ ਜਾ ਰਹੇ ਸੀ। ਚਾਰੇ ਪਾਸੇ ਪਸਰੇ ਗਹਿਰੀ ਧੁੰਦ ਦੇ ਪਸਾਰ ਵਿਚ ਪਤਾ ਹੀ ਨਾ ਚੱਲਿਆ ਕਿ ਕਦੋਂ ਟੈਂਕਰ ਸਾਡੇ 'ਤੇ ਆ ਚੜ੍ਹਿਆ। ਜਦੋਂ ਅੱਖ ਖੁੱਲ੍ਹੀ ਤਾਂ ਹਸਪਤਾਲ ਦੇ ਬੈੱਡ 'ਤੇ ਸੀ। ਹਾਲਤ ਮੇਰੀ ਵੀ ਖਰਾਬ ਸੀ। ਪਰ ਮੈਂ ਡਾਕਟਰ ਤੋਂ ਕੁਲਵੀਰ ਬਾਰੇ ਪੁੱਛਿਆ।

"ਉਹ ਤਾਂ ਬਹੁਤ ਸੀਰੀਅਸ ਨੇ।"

"ਮੈਨੂੰ ਮਿਲਾ ਦਿਓ ਇਕ ਵਾਰ।" ਮੈਂ ਅਰਜ਼ ਕੀਤੀ।

"ਪਰ ਤੁਹਾਡੀ ਹਾਲਤ ਵੀ ਠੀਕ ਨੀ।"

"ਬਸ ਜੀ, ਇਕ ਵਾਰ ਕਿਸੇ ਤਰ੍ਹਾਂ ਵੀ।" ਮੇਰੀਆਂ ਭਰੀਆਂ ਅੱਖਾਂ ਅਤੇ ਮਿੰਨਤਾਂ ਨੇ ਡਾਕਟਰ ਦਾ ਦਿਲ ਪਸੀਜ ਦਿੱਤਾ। ਮੈਂ ਗਈ ਤਾਂ ਅਚਾਨਕ ਉਹਦੀ ਬੇਹੋਸ਼ੀ ਟੁੱਟੀ "ਮਨੀ ਮੇਰਾ ਵੰਸ਼, ਮੇਰੀ ਜੜ੍ਹ ...।" ਮੇਰੇ ਵੱਲ ਵੇਖ ਕੇ ਇਹ ਆਖਰੀ ਸ਼ਬਦ ਬੋਲਿਆ ਸੀ। ਉਹਦੀ ਨਬਜ਼ ਉੱਥੇ ਹੀ ਰੁਕ ਗਈ। ਮੈਂ ਸਹਿ ਨਾ ਸਕੀ, ਬੇਹੋਸ਼ ਹੋ ਗਈ। ਜਦੋਂ ਤਕ ਹੋਸ਼ ਆਈ ਉਹਦੀ ਮਿੱਟੀ ਵੀ ਸਮੇਟੀ ਜਾ ਚੁੱਕੀ ਸੀ। ਬੀ ਜੀ ਨੇ ਹੀ ਮੇਰੀ ਸੇਵਾ ਕਰ ਕੇ ਮੈਨੂੰ ਸੰਭਾਲਿਆ। ਇਸ ਸੇਵਾ ਨੇ ਮੇਰਾ ਨਿਸਚਾ ਹੋਰ ਪੱਕਾ ਕਰ ਦਿੱਤਾ। ਠੀਕ ਹੋ ਕੇ ਮੈਂ ਡਾਕਟਰ ਨੂੰ ਮਿਲੀ।

"ਤੁਸੀਂ ਆਏ ਨੀ ਜੀ ਫੇਰ ਉਸ ਦਿਨ ਤੋਂ ਬਾਅਦ।" ਡਾਕਟਰ ਨੇ ਮਿਲਦਿਆਂ ਹੀ ਕਿਹਾ। ਮੈਂ ਡਾਕਟਰ ਨੂੰ ਪੂਰੀ ਗੱਲ ਦੱਸੀ ਤਾਂ ਡਾਕਟਰ ਸੁਣ ਕੇ ਸੁੰਨ ਹੋ ਗਿਆ।

"ਐਮ ਸੌਰੀ ਜੀ, ਬਹੁਤ ਬੁਰੀ ਖ਼ਬਰ ਹੈ। ਬਹੁਤ ਚੰਗੇ ਬੰਦੇ ਸੀ ਕੁਲਵੀਰ ਜੀ।"

"ਕਿੰਨਾ ਸਮਾਂ ਹੋ ਗਿਆ ਐਕਸੀਡੈਂਟ ਨੂੰ ...?"

"ਗਿਆਰਾਂ ਮਹੀਨੇ।"

"ਹੁਣ ...।" ਡਾਕਟਰ ਮੇਰੇ ਵੱਲ ਗੰਭੀਰਤਾ ਨਾਲ਼ ਵੇਖਦਾ ਹੋਇਆ ਬੋਲਿਆ।

"ਜੀ ਮੈਂ ਕੁਲਵੀਰ ਦਾ ਵੰਸ਼ ਵਧਾਵਾਂਗੀ, ਪੂਰੀ ਕਰਾਂਗੀ ਉਹਦੀ ਆਖਰੀ ਇੱਛਾ ...।" ਕਹਿੰਦੀ ਦਾ ਮੇਰਾ ਗੱਚ ਭਰ ਆਇਆ।

"ਸੋਚਿਆ ਤਾਂ ਸੀ ਕਿ ਘਰ ਸਲਾਹ ਕਰ ਲਵਾਂ ਪਰ ਵੀਰੋ ਦੇ ਆਪੇ ਗੱਲ ਕਰਨ ਦੇ ਭਰੋਸੇ ਤੋਂ ਬਾਅਦ ਇਲਾਜ ਸ਼ੁਰੂ ਕਰਵਾ ਲਿਆ। ਉਹ ਦਿਨ ਵੀ ਨੀ ਭੁਲਦਾ ਜਿਸ ਦਿਨ ਰਿਪੋਰਟ ਕੋਰਟ 'ਚ

ਖੁੱਲ੍ਹਣੀ ਸੀ, ਬੜੀ ਮਾੜੀ ਹਾਲਤ ਸੀ ਮੇਰੀ। ਮਨ ਨੂੰ ਬੇਚੈਨੀ ਲੱਗੀ ਹੋਈ ਸੀ ਪਤਾ ਨੀ ਕੀ ਆਏਗਾ ਰਿਪੋਰਟ ਵਿਚ, ਅੰਦਰੋਂ-ਅੰਦਰੀਂ ਇਕ ਅਣਜਾਣ ਜਿਹਾ ਡਰ ਉਪਜਦਾ ਕਿ ਜੇ ਰਿਪੋਰਟ ਮੈਚ ਨਾ ਹੋਈ। ਘੰਟੇ 'ਚ ਚਾਰ ਵਾਰ ਪਾਣੀ ਪੀ ਆਈ ਸਾਂ, ਫੇਰ ਵੀ ਸਰੀਰ ਪਸੀਨੇ ਨਾਲ਼ ਗੱਚ ਹੋਇਆ ਪਿਆ ਸੀ। ਮਨ ਫੇਰ ਅੰਗਰੇਜ਼ੀ ਅਖਬਾਰ ਦੀ ਉਸੇ ਖ਼ਬਰ 'ਤੇ ਜਾ ਟਿਕਦਾ ਕਿ ਕੀ ਪਤਾ ਕਿਤੇ ਕੁੱਝ ਅਜਿਹਾ ਹੀ ਨਾ ਹੋਜੇ। ਫੇਰ ਤਾਂ ਜਮਾਂ ਹੀ ਪੱਟੀ ਜਾਊਂਗੀ। ਪਰਸ ਵਿਚੋਂ ਵਾਰ-ਵਾਰ ਕੁਲਵੀਰ ਦੀ ਫੋਟੋ ਕੱਢ ਕੇ ਵੇਖ ਲੈਂਦੀ। ਮਨ ਫੇਰ ਵੀ ਨਾ ਟਿਕਦਾ। ਜਦ ਹਰਮਨ ਗਰਭ ਵਿਚ ਸੀ, ਕਵਾਟਰ ਦੇ ਸਾਰੇ ਕਮਰਿਆਂ ਵਿਚ ਕੁਲਵੀਰ ਦੀਆਂ ਫੋਟੋਆਂ ਵੱਡੀਆਂ ਕਰਵਾ ਕੇ ਲਗਵਾ ਲਈਆਂ ਸਨ।"

ਮੈਨੂੰ ਜਾਪਦਾ ਜਿਵੇਂ ਮੈਂ ਉਸੇ ਤਰ੍ਹਾਂ ਸੂਲ਼ੀ 'ਤੇ ਲਟਕੀ ਹੋਵਾਂ। ਜਿਵੇਂ ਦੀਵਾਰ 'ਤੇ ਫੋਟੋਆਂ।

ਉਹ ਖਬਰ ਵੀ ਉਨ੍ਹਾਂ ਦਿਨਾਂ ਵਿਚ ਹੀ ਪੜ੍ਹਨੀ ਸੀ। ਲਿਖਿਆ ਸੀ ਕਿ ਕੋਰਟ ਨੇ ਡਾਕਟਰ ਨੂੰ ਦਸ ਸਾਲ ਦੀ ਸਜ਼ਾ ਕਰਤੀ, ਹਰ ਪ੍ਰਭਾਵਤ ਨੂੰ ਦੋ-ਦੋ ਲੱਖ ਦੇਣ ਦਾ ਹੁਕਮ ਵੀ ਕੀਤਾ। ਪੈਸੇ ਦੇ ਕੇ ਵੀ ਡਾਕਟਰ ਨੂੰ ਤਾਂ ਘਾਟਾ ਨੀ ਪਿਆ ਹੁਣਾ। ਕਹਿੰਦੇ ਡਾਕਟਰ ਰੱਬ ਦਾ ਰੂਪ ਹੁੰਦੇ ਨੇ। ਉਹ ਡਾਕਟਰ ਤਾਂ ਰੱਬ ਹੀ ਬਣ ਬੈਠਾ ਜਦ ਉਹਦੇ ਹਸਪਤਾਲ ਵਿਚ ਜੰਮੇ ਨੱਬੇ ਪ੍ਰਤੀਸ਼ਤ ਬੱਚਿਆਂ ਦੇ ਡੀ ਐੱਨ ਏ ਉਸ ਡਾਕਟਰ ਨਾਲ਼ ਹੀ ਮੇਲ ਖਾ ਗਏ। ਇਹੀ ਸੋਚ-ਸੋਚ ਮਨ ਡਰੀ ਜਾਵੇ। ਕੀ ਹਾਲਤ ਹੋਊ ਵਿਚਾਰੀਆਂ ਦੀ, ਮਸਾਂ ਤਾਂ ਸੁੱਖਾਂ ਸੁੱਖ ਕੇ ਮਾਵਾਂ ਬਣੀਆਂ ਸਨ। ਉਹ ਤਾਂ ਨਾ ਇੱਧਰ ਦੀਆਂ ਰਹੀਆ ਨਾ ਉੱਧਰ ਦੀਆਂ। ਜਵਾਕ ਵੀ ਵਿਚਾਰੇ ਸਜ਼ਾ ਭੁਗਤਣਗੇ। ਇਹਨਾ ਮਾਵਾਂ ਨਾਲ਼ ਤਾਂ ਫੇਰ ਉਨ੍ਹਾਂ ਦੇ ਟੱਬਰ ਸਨ। ਜੇ ਭਲਾਂ ਮੇਰੇ ਨਾਲ਼ ਅਜਿਹੀ ਹੋ ਗੀ, ਮੈਂ ਤਾਂ ਥਾਂ 'ਤੇ ਹੀ ਮਰ ਜੂੰ।

ਜਦੋਂ ਵਰੰਟ ਭੇਜੇ ਤਾਂ ਬਾਪੂ ਜੀ ਹਾਜ਼ਰ ਹੋਏ, ਮੈਂ ਸਤਿ ਸ੍ਰੀ ਅਕਾਲ ਬੁਲਾਉਂਦਿਆਂ ਸਿਰ ਝੁਕਾਇਆ ਪਰ ਉਹਨਾਂ ਨੇ ਮੂੰਹ ਫੇਰ ਲਿਆ। ਕਈ ਤਰੀਕਾਂ ਵਿਚ ਵੀ ਜਦ ਹੱਲ ਨਾ ਨਿਕਲਿਆ ਤਾਂ ਕੋਰਟ ਨੇ ਦਾਦੇ ਦਾਦੀ ਦਾ ਪੋਤੇ ਨਾਲ਼ ਡੀ ਐੱਨ ਏ ਮਿਲਾਉਣ ਦਾ ਫ਼ੈਸਲਾ ਕੀਤਾ। ਹੁਕਮ ਅਨੁਸਾਰ ਡਾਕਟਰਾਂ ਨੇ ਤਿੰਨਾਂ ਦੇ ਡੀ ਐੱਨ ਏ ਦੇ ਨਮੂਨੇ ਲੈ ਲਏ। ਅਗਲੀ ਤਰੀਕ 'ਤੇ ਰਿਪੋਰਟ ਆਈ ਤਾਂ ਹਰਮਨ ਦਾ ਡੀ ਐੱਨ ਏ ਬਾਪੂ ਜੀ ਨਾਲ਼ ਮੈਚ ਕਰ ਗਿਆ। ਫ਼ੈਸਲੇ ਤੋਂ ਬਾਅਦ ਵੀ ਇਹਨਾਂ ਸਾਨੂੰ ਨਾ ਅਪਣਾਇਆ।"

"ਮੈਨੂੰ ਫੇਰ ਜਾਇਦਾਦ ਦੇ ਹੱਕ ਲਈ ਕੋਰਟ ਜਾਣਾ ਪਿਆ। ਜਾਇਦਾਦ ਦੀ ਤਾਂ ਮੈਨੂੰ ਲੋੜ ਵੀ ਨੀ। ਮੈਂ ਤਾਂ ਕਿਸੇ ਬਹਾਨੇ ਇਹਨਾਂ ਕੋਲ ਰਹਿਣਾ ਚਾਹੁੰਦੀ ਹਾਂ। ਕੁਲਵੀਰ ਬਿਨਾਂ ਇਹ ਘਰ ਖਾਣ ਨੂੰ ਆਉਂਦਾ ਹੈ। ਉਹ ਅੱਜ ਵੀ ਮੇਰਾ ਖਹਿੜਾ ਨੀ ਛੱਡਦਾ। ਸੋਚਦੀ ਹਾਂ ਨੇੜੇ ਰਹਾਂਗੀ ਤਾਂ ਸ਼ਾਇਦ ਕਦੇ ਇਹਨਾਂ ਦਾ ਮੋਹ ਜਾਗ ਪਏ।" ਮਨੀ ਬੋਲਦਿਆਂ ਰੁਕੀ।

"ਕੁਲਵੀਰ ਦੇ ਹੁੰਦੇ ਕਿਸ ਸਟੇਜ 'ਤੇ ਸੀ ਇਲਾਜ ਤੁਹਾਡਾ?" ਸਹੇਲੀ ਨੇ ਪੁੱਛਿਆ ਸੀ।

ਐਕਸੀਡੈਂਟ ਤੋਂ ਇਕ ਦਿਨ ਪਹਿਲਾਂ ਹੀ ਗਏ ਸੀ ਹਸਪਤਾਲ, ਜਦ ਅਸੀਂ ਤੁਰਨ ਲੱਗੇ ਤਾਂ ਡਾਕਟਰ ਨੇ ਸਾਨੂੰ ਰੋਕਿਆ।

"ਕੁਲਵੀਰ ਜੀ ਹੁਣ ਤੁਸੀਂ ਦੋਵੇਂ ਬੱਚਾ ਪੈਦਾ ਕਰਨ ਦੇ ਯੋਗ ਹੋ। ਮਨਮੀਤ ਜੀ ਦੇ ਵਾਇਰਲ ਤੋਂ ਠੀਕ ਹੁੰਦਿਆਂ ਹੀ ਆਪਾਂ ਬੱਚੇ ਲਈ ਅਗਲਾ ਕਦਮ ਚੁੱਕਾਂਗੇ। ਤੁਸੀਂ ਸਪਰਮ ਬੈਂਕ ਦੀ ਫੀਸ ਭਰ ਕੇ ਆਪਣਾ ਸਪਰਮ ਦੇ ਜਾਵੋ, ਕੁੱਝ ਜਰੂਰੀ ਟੈਸਟ ਕਰਨੇ ਪੈਣਗੇ। ਇਹਨਾਂ ਨੂੰ ਸਿਹਤ ਠੀਕ ਹੋਣ ਤੋਂ ਬਾਅਦ ਲੈ ਆਇਓ।" ਡਾਕਟਰ ਨੇ ਕਿਹਾ ਸੀ।

"ਜੀ ਮੇਰਾ ਸਪਰਮ ਅੱਜ ਹੀ।" ਕੁਲਵੀਰ ਨੇ ਪੁੱਛਿਆ ਸੀ।

"ਹਾਂ ਸਾਡੇ ਕੋਲ ਪ੍ਰਬੰਧ ਹੈ, ਸਪਰਮ ਸਾਲਾਂ ਤਕ ਵੀ ਸਟੋਰ ਕਰ ਕੇ ਰੱਖਿਆ ਜਾ ਸਕਦੈ।" 000

***(ਪਿੰਡ ਡਡਿਆਣਾ, ਡਾਕਖਾਨਾ ਰੁਪਾਲਹੇੜੀ,***
***ਵਾਇਆ ਸਰਹੰਦ, ਜ਼ਿਲ੍ਹਾ ਫਤਿਹਗੜ੍ਹ ਸਾਹਿਬ-140 406***
***ਫੋਨ: 94177-33038)***

# ਵੇਲਜ਼ ਵਿਚ ਲੇਖਕ ਡਿਲਨ ਟੌਮਸ ਦੇ ਸਮਾਰਕ-ਘਰ ਦੀ ਫੇਰੀ ਤੋਂ ਬਾਅਦ: ਸੁਕੀਰਤ

ਸਾਡਾ ਵਾਹਨ ਚਾਲਕ ਆਪਣੇ ਆਪ ਨੂੰ "ਡੈਨ ਦ ਵੈਨ" ਕਹਿੰਦਾ ਹੈ। ਆਖਦਾ ਹੈ, ਇੰਝ ਤੁਸੀਂ ਮੇਰਾ ਨਾਂ ਕਦੇ ਨਹੀਂ ਭੁੱਲੋਗੇ: ਤੁਹਾਡੀ ਵੈਨ ਦਾ ਡਰਾਈਵਰ ਡੈਨ। ਵੈਸੇ ਡੈਨ ਨੂੰ ਭੁਲਾ ਸਕਣਾ ਸੌਖਾ ਨਹੀਂ, ਉਹਦੇ ਵਰਗਾ ਡਰਾਈਵਰ ਮੈਂ ਕਦੇ ਨਹੀਂ ਦੇਖਿਆ। ਮੁਸਤੈਦ ਤੇ ਮਾਹਰ ਡਰਾਈਵਰ ਤਾਂ ਹੈ ਹੀ, ਜਾਣਕਾਰੀ ਦਾ ਭੰਡਾਰ ਵੀ ਹੈ, ਤੇ ਸਾਡਾ ਗਾਈਡ ਵੀ। ਕੀ ਸਾਹਿਤ ਤੇ ਕੀ ਇਤਿਹਾਸ, ਕੀ ਸਿਨਮਾ ਤੇ ਕੀ ਸੰਗੀਤ; ਹਰ ਵਿਸ਼ੇ ਦੀ ਉਸਨੂੰ ਚੋਖੀ ਤੇ ਡੂੰਘੀ ਜਾਣਕਾਰੀ ਹੈ। ਡਰਾਈਵਰੀ ਕਰਦਿਆਂ ਉਸਦੀ ਨਜ਼ਰ ਸੜਕ 'ਤੇ ਹੁੰਦੀ ਹੈ, ਤੇ ਧਿਆਨ ਸਾਨੂੰ ਵੱਧ ਤੋਂ ਵੱਧ ਜਾਣਕਾਰੀ ਮੁਹੱਈਆ ਕਰਨ ਵੱਲ।

"ਤੁਸੀਂ ਡਿਲਨ ਟੌਮਸ ਦਾ ਨਾਂਅ ਸੁਣਿਆ ਹੋਵੇਗਾ?" ਉਹ ਕੁਝ ਦੱਸਣ ਖਾਤਰ ਪੁੱਛ ਰਿਹਾ ਹੈ।

ਡਿਲਨ ਟੌਮਸ!? ਪਰ ਜ਼ਿਹਨ ਵਿਚ ਬੌਬ ਡਿਲਨ ਦਾ ਨਾਂਅ ਹੀ ਉਭਰ ਰਿਹਾ ਹੈ। ਮੇਰੀ ਜਵਾਨੀ ਵੇਲੇ ਦਾ ਮਸ਼ਹੂਰ ਅਮਰੀਕੀ ਗਾਇਕ ਜਿਸਦੇ ਜੰਗ ਵਿਰੋਧੀ ਅਤੇ ਸਥਾਪਤੀ ਵਿਰੋਧੀ ਗੀਤਾਂ ਨੂੰ ਉਨ੍ਹਾਂ ਵੇਲ਼ਿਆਂ ਵਿਚ ਅਸੀਂ ਸੁਣ ਸੁਣ ਨਹੀਂ ਸਾਂ ਥੱਕਦੇ: ਸਾਡੇ ਅੰਦਰ ਰੋਹ ਤੇ ਜੋਸ਼ ਦਾ ਸੰਚਾਰ ਕਰਨ ਵਾਲੇ ਨਗ਼ਮੇ। ਪਰ ਡਿਲਨ ਟੌਮਸ ਮੈਨੂੰ ਚੇਤੇ ਨਹੀਂ ਆ ਰਿਹਾ। ਮੇਰੇ ਚਿਹਰੇ 'ਤੇ ਉੱਕਰ ਆਈ ਦੁਬਿਧਾ ਨੂੰ ਸ਼ਾਇਦ ਡੈਨ ਨੇ ਪੜ੍ਹ ਲਿਆ ਹੈ।

"ਡਿਲਨ ਟੌਮਸ ਸਾਡੇ ਵੇਲਜ਼ ਦਾ ਸਭ ਤੋਂ ਵੱਡਾ ਤੇ ਮਸ਼ਹੂਰ ਕਵੀ ਸੀ, ਜਿਸਦੇ ਨਾਂਅ ਤੋਂ ਹੀ ਅਮਰੀਕੀ ਗਾਇਕ ਬੌਬ ਡਿਲਨ ਨੇ ਆਪਣਾ ਨਾਂਅ ਤਬਦੀਲ ਕੀਤਾ, ਭਾਵੇਂ ਉਸਦਾ ਅਸਲੀ ਨਾਂਅ ਰੌਬਰਟ ਜ਼ਿਮਰਮਾਨ ਸੀ।"

ਮੈਨੂੰ ਤੇ ਇਹ ਵੀ ਨਹੀਂ ਸੀ ਪਤਾ ਕਿ ਮਕਬੂਲ ਗਾਇਕ ਬੌਬ ਡਿਲਨ ਦਾ ਅਸਲੀ ਨਾਂਅ ਕੁਝ ਹੋਰ ਸੀ, ਪਰ ਡਿਲਨ ਟੌਮਸ ਦਾ ਪੇਤਲਾ ਜਿਹਾ ਝਾਉਲਾ ਮੇਰੇ ਚੇਤੇ ਵਿਚ ਜ਼ਰੂਰ ਝਲਕ ਆਇਆ। ਦਰਅਸਲ ਸਾਹਿਤ ਦੀਆਂ ਸਾਰੀਆਂ ਵੰਨਗੀਆਂ ਵਿਚੋਂ ਕਵਿਤਾ ਮੇਰਾ ਸਭ ਤੋਂ ਕਮਜ਼ੋਰ ਵਿਸ਼ਾ ਹੈ। ਮੈਨੂੰ ਤਾਂ ਪੰਜਾਬੀ ਕਵੀਆਂ ਤੇ ਕਵਿਤਾ ਬਾਰੇ ਵੀ ਪੇਤਲੀ ਜਿਹੀ ਸਮਝ ਤੇ ਜਾਣਕਾਰੀ ਹੈ, ਤੇ ਬਹੁਤਿਆਂ ਦੇ ਨਾਂਅ ਵੀ ਚੇਤੇ ਨਹੀਂ ਰਹਿੰਦੇ, ਡਿਲਨ ਟੌਮਸ ਨੇ ਕਵੀ ਵਜੋਂ ਕਿੱਥੇ ਯਾਦ ਰਹਿ ਜਾਣਾ ਸੀ।

"ਮਸ਼ਹੂਰ ਡਰਾਮੇ 'ਅੰਡਰ ਮਿਲਕ ਵੁੱਡ' ਦਾ ਲੇਖਕ ਡਿਲਨ ਟੌਮਸ ਨਾ?" ਮੈਂ ਪੁੱਛਦਾ ਹਾਂ।

"ਜੀ, ਓਹੀਓ। ਡਿਲਨ ਟੌਮਸ ਸਾਡੇ ਵੇਲਜ਼ ਦਾ ਸਭ ਤੋਂ ਅਜ਼ੀਮ ਸ਼ਾਇਰ ਹੈ।" ਡੈਨ ਦੱਸਦਾ ਹੈ, ਪਰ ਮੈਂ ਤਾਂ ਡਿਲਨ ਟੌਮਸ ਨੂੰ ਅੰਗਰੇਜ਼ੀ ਲੇਖਕ ਵਜੋਂ ਜਾਣਦਾ ਹਾਂ।

"ਲਿਖਿਆ ਤੇ ਉਸਨੇ ਹਮੇਸ਼ਾ ਅੰਗਰੇਜ਼ੀ ਵਿਚ ਹੀ, ਪਰ ਉਹ ਜੰਮਪਲ ਵੇਲਜ਼ ਦਾ ਸੀ।" ਡੈਨ ਖੁਲਾਸਾ ਕਰਦਾ ਹੈ।

ਮੈਂ ਡੈਨ ਨਾਲ ਕਿਸੇ ਬਹਿਸ ਵਿਚ ਨਹੀਂ ਪੈਂਦਾ, ਪਰ ਕੁਝ ਵਰ੍ਹੇ ਪਹਿਲਾਂ ਲਾਹੌਰ ਵਿਚ ਦੋ ਅਦਬੀ ਮਿੱਤਰਾਂ ਵਿਚਕਾਰ ਹੋਈ ਬਹਿਸ ਚੇਤੇ ਆ ਜਾਂਦੀ ਹੈ। ਇਕ ਨੇ ਫੈਜ਼ ਅਹਿਮਦ ਫੈਜ਼ ਨੂੰ ਅਜ਼ੀਮ ਪੰਜਾਬੀ ਸ਼ਾਇਰ ਕਹਿ ਦਿੱਤਾ ਸੀ, ਤਾਂ ਦੂਜਾ ਭੁੜਕ ਪਿਆ ਸੀ, "ਗਿਣ ਕੇ ਚਾਰ ਜਾਂ ਛੇ ਨਜ਼ਮਾਂ ਫੈਜ਼ ਨੇ ਲਿਖੀਆਂ ਨੇ ਪੰਜਾਬੀ ਵਿਚ, ਸਾਰੀ ਹਯਾਤੀ ਉਰਦੂ ਵਿਚ ਲਿਖਦਾ ਰਿਹਾ, ਫੇਰ

ਉਹ ਪੰਜਾਬੀ ਦਾ ਅਜ਼ੀਮ ਸ਼ਾਇਰ ਕਿਵੇਂ ਹੋ ਗਿਆ?"

ਮੈਂ ਉਨ੍ਹਾਂ ਦੀ ਭਖਵੀਂ ਬਹਿਸ ਸੁਣਦਿਆਂ ਸੋਚਦਾ ਰਿਹਾ ਸਾਂ ਕਿ ਦੂਜੇ ਬੰਦੇ ਦੀ ਗੱਲ ਵਿਚ ਵਜ਼ਨ ਤਾਂ ਹੈ। ਅਸੀਂ ਮੁਲਕ ਰਾਜ ਆਨੰਦ, ਰਾਜਿੰਦਰ ਸਿੰਘ ਬੇਦੀ, ਮੰਟੋ, ਕ੍ਰਿਸ਼ਨ ਚੰਦਰ, ਖੁਸ਼ਵੰਤ ਸਿੰਘ ਨੂੰ ਪੰਜਾਬੀ ਦੇ ਅਜ਼ੀਮ ਲੇਖਕ ਤਾਂ ਨਹੀਂ ਕਹਿ ਸਕਦੇ ਨਾ? ਕਹਿਣਾ ਉਨ੍ਹਾਂ ਨੂੰ ਸਿਰਫ਼ ਪੰਜਾਬੀ ਮੂਲ ਦੇ ਲੇਖਕ ਚਾਹੀਦਾ ਹੈ। ਤੇ ਇਹੋ ਗੱਲ ਡਿਲਨ ਟੌਮਸ 'ਤੇ ਵੀ ਢੁਕਦੀ ਹੈ, ਉਹ ਵੇਲਸ਼ ਮੂਲ ਦਾ ਸੀ, ਪਰ ਸ਼ਾਇਰ ਤਾਂ ਅੰਗਰੇਜ਼ੀ ਦਾ ਹੀ ਸੀ। ਪਰ ਮੈਂ ਡੈਨ ਨਾਲ ਵੀ ਕਿਸੇ ਬਹਿਸ ਵਿਚ ਨਹੀਂ ਪੈਂਦਾ, ਸਗੋਂ ਉਨ੍ਹਾਂ ਅਣਗਿਣਤ ਲੇਖਕਾਂ ਬਾਰੇ ਸੋਚਣ ਲੱਗ ਪੈਂਦਾ ਹਾਂ ਜਿਨ੍ਹਾਂ ਨੇ ਮਾਂ-ਬੋਲੀ ਤਜ ਕੇ ਸਮੇਂ ਜਾਂ ਸਥਾਨ ਦੀ ਹਾਵੀ ਬੋਲੀ ਵਿਚ ਸਾਹਿਤ ਰਚਣ ਨੂੰ ਤਰਜੀਹ ਦਿੱਤੀ।

"ਅੱਜ ਅਸੀਂ ਲਾਰਨ ਜਾਵਾਂਗੇ, ਉਸ ਥਾਂ ਜਿੱਥੇ ਡਿਲਨ ਟੌਮਸ ਨੇ ਆਪਣੀ ਉਮਰ ਦੇ ਆਖ਼ਰੀ ਚਾਰ ਸਾਲ ਕੱਟੇ।" ਡੈਨ ਨੇ ਇਸ ਕਸਬੇ ਦਾ ਨਾਂਅ ਅੰਗਰੇਜ਼ੀ ਤਰਜ਼ ਵਿਚ ਰਾਰੇ ਨੂੰ ਸਿਰਫ਼ ਦੋ ਧੁਨੀਆਂ ਵਿਚਲੇ ਲਮਕਾਅ ਵਾਂਗ ਵਰਤ ਕੇ ਕੁਝ ਇਸ ਢੰਗ ਨਾਲ ਲਿਆ ਹੈ ਕਿ ਲਾਰਨ ਵੀ ਸੁਣਿਆਂ ਲਾਅਨ ਹੀ ਜਾਪਦਾ ਹੈ। ਮੈਂ ਨਕਸ਼ੇ ਵਿਚ ਇਸ ਲਾਰਨ ਜਾਂ ਲਾਅਨ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਹਾਂ, ਪਰ ਇਹੋ ਜਿਹੀ ਕੋਈ ਵੀ ਥਾਂ ਨੇੜੇ ਤੇੜੇ ਨਹੀਂ ਦਿਸਦੀ। ਦਿਸ ਵੀ ਕਿਵੇਂ ਸਕਦੀ ਸੀ, ਅੰਗਰੇਜ਼ੀ ਵਿਚ ਇਸਨੂੰ ਲਿਖਿਆ ਤੇ ਹੋਇਆ ਹੈ, ਤੇ ਬੋਲਣ ਵੇਲੇ ਇਹ ਨਾਂਅ, ਲਾਫ਼ਆਰਨ, ਕੁਝ ਹੋਰ ਹੀ ਰੂਪ ਧਾਰ ਗਿਆ ਹੈ। ਪੰਜਾਹ ਸਾਲ ਹੋ ਗਏ ਨੇ ਅੰਗਰੇਜ਼ੀ ਸ਼ਬਦ-ਜੋੜਾਂ ਦੀਆਂ ਵਚਿੱਤਰ ਮੋੜ-ਕੱਟਣੀਆਂ ਨਾਲ ਸਿੱਝਦਿਆਂ, ਪਰ ਅਜੇ ਵੀ ਹੈਰਾਨੀਜਨਕ ਗੱਲਾਂ ਨਾਲ ਵਾਹ ਪੈ ਹੀ ਜਾਂਦਾ ਹੈ : ਲਿਖੋ ਹੋਰ, ਉਚਾਰੋ ਕੁਝ ਹੋਰ ਹੀ।

"ਲਾਰਨ ਉਹ ਥਾਂ ਹੈ, ਜਿੱਥੇ ਡਿਲਨ ਟੌਮਸ ਨੇ ਆਪਣੀ ਜ਼ਿੰਦਗੀ ਦੇ ਆਖਰੀ ਚਾਰ ਸਾਲ ਬਿਤਾਏ, ਭਾਵੇਂ ਸਾਰੀ ਉਮਰ ਉਹ ਥਾਂ ਦਰ ਥਾਂ ਕਈ ਸ਼ਹਿਰਾਂ ਵਿਚ ਰਿਹਾ ਤੇ ਮੌਤ ਵੀ ਉਸਦੀ ਨਿਊ ਯੌਰਕ ਵਿਚ ਹੋਈ। ਹੁਣ ਓਥੇ, ਲਾਰਨ ਵਿਚ, ਉਸਦੇ ਆਖਰੀ ਘਰ ਨੂੰ ਸਮਾਰਕ-ਅਜਾਇਬਘਰ ਵਿਚ ਤਬਦੀਲ ਕਰ ਦਿੱਤਾ ਗਿਆ ਹੈ, ਜਿਸਨੂੰ ਅੱਜ ਦੇਖਣ ਜਾਵਾਂਗੇ।" ਡੈਨ ਅੱਜ ਦੇ ਦਿਨ ਦਾ ਪ੍ਰੋਗਰਾਮ ਦੱਸ ਰਿਹਾ ਹੈ।

ਡਿਲਨ ਟੌਮਸ ਦਾ ਜਨਮ 1914 ਵਿਚ ਵੇਲਜ਼ ਦੇ ਵੱਡੇ ਸ਼ਹਿਰ ਸਵਾਂਜ਼ੀ ਵਿਚ ਹੋਇਆ ਸੀ, ਤੇ 1953 ਵਿਚ ਸਿਰਫ਼ 39 ਵਰ੍ਹਿਆਂ ਦੀ ਅਉਧ ਹੰਢਾ ਕੇ 1953 ਵਿਚ ਉਹ ਪੂਰਾ ਹੋ ਗਿਆ। ਲਿਖਣਾ ਉਸ ਨੇ ਬਹੁਤ ਛੋਟੀ ਉਮਰੇ ਸ਼ੁਰੂ ਕਰ ਦਿੱਤਾ ਸੀ। 16 ਸਾਲ ਦੀ ਉਮਰ ਵਿਚ ਉਹ ਇਕ ਅਖ਼ਬਾਰ ਵਿਚ ਰਿਪੋਰਟਰ ਹੋ ਗਿਆ ਤੇ ਨਾਲ ਹੀ ਕਵਿਤਾਵਾਂ ਵੀ ਲਿਖਣ ਲੱਗ ਪਿਆ। ਉਸਦੀ ਕਾਵਿ ਸਿਰਜਣਾ ਦਾ ਅੱਧਾ ਹਿੱਸਾ 1930 ਤੋਂ 1934 ਦੇ ਸਾਲਾਂ ਵਿਚ, ਯਾਨੀ 16 ਤੋਂ 20 ਸਾਲ ਦੀ ਉਮਰ ਵਿਚ ਰਚਿਆ ਲੱਭਦਾ ਹੈ। ਉਹ ਅਜੇ 19 ਸਾਲ ਦਾ ਹੀ ਸੀ ਜਦੋਂ ਉਸਦੀ ਪਲੇਠੀ ਕਾਵਿ ਪੁਸਤਕ ਛਪ ਗਈ। ਅਗਲੇ ਵਰ੍ਹਿਆਂ ਵਿਚ ਉਸਨੇ ਲਗਾਤਾਰ ਤੇ ਬਹੁਤ ਸਰਾਹੀਆਂ ਗਈਆਂ ਕਵਿਤਾਵਾਂ ਰਚੀਆਂ, ਤੇ ਆਪਣੀ ਮੌਤ ਮਗਰੋਂ ਤਕਰੀਬਨ ਪੌਣੀ ਸਦੀ ਲੰਘ ਜਾਣ ਦੇ ਬਾਵਜੂਦ ਅੱਜ ਵੀ ਅੰਗਰੇਜ਼ੀ ਦੇ ਬਿਹਤਰੀਨ ਆਧੁਨਿਕ ਕਵੀਆਂ ਵਿਚ ਸ਼ੁਮਾਰ ਹੁੰਦਾ ਹੈ। ਸਿਰਫ਼ ਏਨਾ ਹੀ ਨਹੀਂ, ਉਸਦੇ ਲਿਖੇ ਰੇਡੀਓ ਡਰਾਮੇ ਹੁਣ ਤਕ ਬਹੁਤ ਮਕਬੂਲ ਹਨ, ਖੇਡੇ ਜਾਂਦੇ ਹਨ ਤੇ ਉਨ੍ਹਾਂ ਦਾ ਫਿਲਮੀਕਰਣ ਵੀ ਹੋਇਆ ਹੈ, ਸਮੇਤ 'ਅੰਡਰ ਮਿਲਕ ਵੁੱਡ' ਦੇ, ਜਿਸ ਕਾਰਨ ਮੈਂ ਡਿਲਨ ਟੌਮਸ ਦੇ ਨਾਂਅ ਤੋਂ ਵਾਕਫ਼ ਸਾਂ।

ਪਰ 23 ਸਾਲ ਦੀ ਉਮਰ ਤਕ ਅੱਪੜਦਿਆਂ ਉਸਨੇ ਬਹੁਤ ਜ਼ਿਆਦਾ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ ਸੀ, ਤੇ ਮੰਨਿਆ ਜਾਂਦਾ ਹੈ ਕਿ ਸਿਰਫ਼ 39 ਵਰ੍ਹਿਆਂ ਦੀ ਉਮਰ ਵਿਚ ਹੋਈ ਉਸਦੀ ਮੌਤ ਦਾ ਕਾਰਨ ਵੀ ਸ਼ਰਾਬ ਦੀ ਬੇਲਗਾਮ ਵਰਤੋਂ ਹੀ ਸੀ। ਦੂਜੇ ਪਾਸੇ, ਭਾਵੇਂ 23 ਸਾਲ ਦੀ ਉਮਰ

ਵਿਚ ਉਸਨੇ ਸਟੇਜ-ਨਰਤਕੀ ਕੇਟਲਿਨ ਮੈਕਨਮਾਰਾ ਨਾਲ ਵਿਆਹ ਕਰਾ ਲਿਆ, ਪਰ ਸਾਰੀ ਉਮਰ ਉਸਦੇ ਹੋਰ ਔਰਤਾਂ ਨਾਲ ਆਸ਼ਨਾਈ ਦੇ ਕਿੱਸੇ ਵੀ ਮਸ਼ਹੂਰ ਹਨ। ਡੈਨ ਦੱਸਦਾ ਹੈ ਕਿ ਡਿਲਨ ਟੌਮਸ ਤੇ ਕੇਟਲਿਨ ਦਾ ਵਿਆਹ ਤਾਂ ਤੋੜ ਤੀਕ ਨਿਭਿਆ ਪਰ ਉਮਰ ਸਾਰੀ ਰੋਸਿਆਂ, ਸ਼ਿਕਵਿਆਂ ਤੇ ਝਗੜਿਆਂ ਵਿਚ ਹੀ ਲੰਘੀ।

ਮੇਰੇ ਮਨ ਵਿਚ ਆਪ-ਮੁਹਾਰੇ ਹੀ ਦੁਨੀਆ ਦੇ ਹੋਰ ਕਈ ਰੁਮਾਂਟਕ ਕਵੀਆਂ ਦੇ ਬਿੰਬ ਉਭਰਦੇ ਹਨ, ਜਿਨ੍ਹਾਂ ਦੀ ਕਵਿਤਾ ਹੀ ਨਹੀਂ ਜ਼ਿੰਦਗੀ ਵੀ ਰੁਮਾਂਟਕ ਕਿੱਸਿਆਂ ਨਾਲ ਓਤ-ਪੋਤ ਲੱਭਦੀ ਹੈ, ਜਿਨ੍ਹਾਂ ਦੀ ਜ਼ਿੰਦਗੀ ਵਿਚ ਅਣਗਿਣਤ ਔਰਤਾਂ ਆਈਆਂ ਤੇ ਗਈਆਂ: ਅੰਗਰੇਜ਼ੀ ਦਾ ਕਵੀ ਬਾਇਰਨ ; ਰੂਸੀ ਦਾ ਯੇਸੇਨਿਨ, ਤੇ ਸਾਡਾ ਆਪਣਾ ਸ਼ਿਵ ਕੁਮਾਰ ਬਟਾਲਵੀ। ਏਨਾ ਹੀ ਨਹੀਂ ਇਨ੍ਹਾਂ ਸਾਰਿਆਂ ਵਿਚ ਇਕ ਹੋਰ ਗੱਲ ਵੀ ਸਾਂਝੀ ਹੈ। ਇਹ ਸਾਰੇ, ਆਪੋ ਆਪਣੀ ਜ਼ੁਬਾਨ ਦੇ ਅਜ਼ੀਮ ਸ਼ਾਇਰ, ਛੋਟੀ ਉਮਰੇ ਹੀ ਚੱਲ ਵਸੇ: ਬਾਇਰਨ 36 ਸਾਲ ਦੀ ਵਰ੍ਹੇਸੇ, ਯੇਸੇਨਿਨ 33 ਸਾਲ ਦੀ ਉਮਰੇ, ਸ਼ਿਵ ਆਪਣੇ 36 ਵੇਂ ਵਰ੍ਹੇ ਵਿਚ ਤੇ ਡਿਲਨ ਟੌਮਸ 39 ਸਾਲ ਦੀ ਅਉਧ ਵਿਚ। ਤੇ ਬਾਇਰਨ ਨੂੰ ਛੱਡ ਕੇ, ਜਿਸਦੀ ਮੌਤ ਗ੍ਰੀਸ ਵਿਚ ਬੀਮਾਰੀ ਕਾਰਨ ਹੋਈ, ਬਾਕੀ ਤਿੰਨਾਂ ਸ਼ਾਇਰਾਂ ਵਿਚ ਇਕ ਹੋਰ ਗੱਲ ਵੀ ਸਾਂਝੀ ਲੱਭਦੀ ਹੈ: ਤਿੰਨਾਂ ਦੀ ਮੌਤ ਦਾ ਮੁਖ ਕਾਰਨ ਸ਼ਰਾਬ ਦੀ ਬੇਤਹਾਸ਼ਾ ਵਰਤੋਂ ਤੇ ਉਸ ਕਾਰਨ ਪੈਦਾ ਹੋਈਆਂ ਸਰੀਰਕ ਤੇ ਮਾਨਸਿਕ ਬੀਮਾਰੀਆਂ ਨੂੰ ਮੰਨਿਆ ਜਾਂਦਾ ਹੈ। ਕੀ ਰੁਮਾਂਟਕ ਕਵੀਆਂ ਅੰਦਰ ਕੋਈ ਖਾਸ ਜੀਨ, ਕੋਈ ਵਿਸ਼ੇਸ਼ ਮਾਦਾ ਹੁੰਦਾ ਹੈ ਜੋ ਉਨ੍ਹਾਂ ਨੂੰ ਨਿਰਾਸਤਾ ਭਰਪੂਰ ਵੀਰਾਨੀਆਂ ਵਿਚੋਂ ਲੰਘਾਉਂਦਾ ਹੈ? ਆਪਾ-ਘਾਤ ਤੇ ਸਵੈ ਉਜਾੜੇ ਦੇ ਰਾਹਾਂ ਵੱਲ ਧੱਕਦਾ ਹੈ।

ਮੈਂ ਅਜਿਹੀਆਂ ਖਿਆਲ ਤਰੰਗਾਂ ਵਿਚ ਉਲਝਿਆ ਹੋਇਆ ਹਾਂ ਕਿ ਡੈਨ ਦੱਸਦਾ ਹੈ, "ਖੱਬੇ ਹੱਥ ਜਿਹੜਾ ਹੋਟਲ ਹੈ, ਬਰਾਊਨਜ਼ ਹੋਟਲ ਦੇਖ ਰਹੇ ਹੋ ਨਾ, ਇਸ ਵਿਚ ਲਾਰਨ ਵਿਚਲੀ ਡਿਲਨ ਟੌਮਸ ਦੀ ਪਸੰਦੀਦਾ ਪੱਬ ਸੀ। ਉਹ ਰੋਜ਼ ਸ਼ਾਮ ਮਿੱਤਰਾਂ ਨਾਲ ਬਹਿ ਕੇ ਪੀਣ ਲਈ ਏਥੇ ਹੀ ਆਂਦਾ ਸੀ, ਹੁਣ ਏਸ ਤੱਥ ਨੂੰ ਪੱਬ ਦੇ ਬਾਹਰ ਇਕ ਸਜਾਵਟੀ ਫੱਟੀ ਉੱਤੇ ਲਿਖ ਕੇ ਦਰਜ ਕੀਤਾ ਹੋਇਆ ਹੈ।"

ਸੋ, ਅਸੀਂ ਲਾਰਨ ਪਹੁੰਚ ਗਏ ਹਾਂ। ਆਬਾਦੀ: 1300 ਦੇ ਗੇੜ ਵਿਚ। ਏਥੇ ਇਸਨੂੰ ਟਾਊਨ ਜਾਂ ਕਸਬਾ ਕਹਿੰਦੇ ਹਨ, ਭਾਵੇਂ ਸਾਡੇ ਦੇਸ ਦੇ ਪਿੰਡ ਵੀ ਇਸ ਤੋਂ ਵੱਧ ਆਬਾਦੀ ਵਾਲੇ ਹੁੰਦੇ ਹਨ। ਪਰ ਚਲੋ ਕਸਬਾ ਹੀ ਸਹੀ। ਲਾਰਨ ਟਾਫ਼ ਨਦੀ ਦੇ ਦਹਾਨੇ 'ਤੇ ਵੱਸਿਆ ਹੋਇਆ ਹੈ : ਏਥੇ ਖੁਦਾਈ ਸਮੇਂ 50000 ਸਾਲ ਪਹਿਲਾਂ ਦੀਆਂ ਕੰਦਰਾਂ ਵੀ ਲੱਭੀਆਂ ਹਨ ਅਤੇ ਇਸ ਗੱਲ ਦੇ ਪ੍ਰਮਾਣ ਵੀ ਮਿਲਦੇ ਹਨ ਕਿ ਮੁੱਢਲੇ ਪੱਥਰ ਯੁਗ, ਯਾਨੀ ਤਕਰੀਬਨ 10000 ਸਾਲ ਤੋਂ ਏਥੇ ਮਨੁੱਖੀ ਵਸੇਬਾ ਰਿਹਾ ਹੈ। ਏਸ ਪੱਖੋਂ ਲਾਰਨ ਨੂੰ ਵੇਲਜ਼ ਦੇ ਸਭ ਤੋਂ ਪੁਰਾਣੇ, ਹੁਣ ਤਕ ਵੱਸਦੇ ਆ ਰਹੇ ਥਾਂ ਵਜੋਂ ਜਾਣਿਆ ਜਾਂਦਾ ਹੈ। ਕਸਬੇ ਵਿਚ ਕਈ ਇਤਿਹਾਸਕ ਇਮਾਰਤਾਂ ਹਨ ਜਿਨ੍ਹਾਂ ਵਿਚੋਂ ਸਭ ਤੋ ਵੱਧ ਉੱਘੜਵਾਂ ਅਤੇ ਫੈਲਵਾਂ ਲਾਰਨ ਦਾ ਕਿਲ੍ਹਾ ਹੈ। ਇਸਦੀ ਮੁੱਢਲੀ ਉਸਾਰੀ 1116 ਵਿਚ ਹੋਈ ਪਰ ਕਈ ਸਦੀਆਂ, ਤੇ ਕਈ ਹੱਥਾਂ ਵਿਚੋਂ ਲੰਘਣ ਕਾਰਨ ਇਸਦਾ ਰੂਪ ਤੇ ਆਕਾਰ ਵੀ ਬਦਲਦੇ ਗਏ ਤੇ ਵੇਲਜ਼ ਦੇ ਬਹੁਤੇ ਕਿਲ੍ਹਿਆਂ ਵਾਂਗ ਭਾਵੇਂ ਹੁਣ ਇਸਦੇ ਖੰਡਰ ਹੀ ਬਚੇ ਹਨ, ਇਹ ਅੱਜ ਵੀ ਬਹੁਤ ਪ੍ਰਭਾਵਸ਼ਾਲੀ ਹੈ। ਪੁਰਾਣੇ ਸਮਿਆਂ ਵਿਚ ਜਦੋਂ ਵਪਾਰਕ ਵਸਤਾਂ ਦੀ ਢੋਆ-ਢੁਆਈ ਮੁਖ ਤੌਰ 'ਤੇ ਦਰਿਆਵਾਂ ਤੇ ਨਦੀਆਂ ਰਾਹੀਂ ਹੁੰਦੀ ਸੀ, ਇਨ੍ਹਾਂ ਦੇ ਦਹਾਨਿਆਂ ਨੂੰ ਬੰਦਰਗਾਹਾਂ ਵਾਂਗ ਵਰਤਿਆ ਜਾਂਦਾ ਸੀ ਤੇ ਇਹੋ ਜਿਹੇ ਕਿਲ੍ਹੇ ਉਨ੍ਹਾਂ ਦੀ ਰਾਖੀ ਲਈ ਅਤੇ ਚੌਕਸ ਨਿਗਰਾਨੀ ਲਈ ਉਸਾਰੇ ਜਾਂਦੇ ਸਨ। ਕਿਲ੍ਹਾ ਤਾਂ ਰਤਾ ਉਚੇਰੀ ਪਹਾੜੀ ਉੱਤੇ ਉਸਾਰਿਆ ਗਿਆ ਹੈ, ਜਿੱਥੋਂ ਤੁਸੀਂ ਦੂਰ ਸਮੁੰਦਰ ਤੀਕ ਦੇਖ ਸਕਦੇ ਹੋ, ਪਰ ਇਸਦੇ ਪੈਰਾਂ ਵਿਚ ਸੈਲਾਨੀ ਕਾਰਾਂ ਤੇ

ਵੈਨਾਂ ਦੇ ਵਕਤੀ ਠਹਿਰਾਅ ਲਈ ਖੁਲ੍ਹਾ ਮੈਦਾਨ ਰਾਖਵਾਂ ਹੈ। ਡਿਲਨ ਟੌਮਸ ਦੇ ਘਰ ਤਕ ਜਾਣ ਲਈ ਪੈਦਲ ਡੰਡੀ-ਰਾਹ ਵੀ ਏਥੋਂ ਹੀ ਸ਼ੁਰੂ ਹੁੰਦਾ ਹੈ।

ਕੋਈ 300 ਮੀਟਰ ਦਾ ਰਾਹ ਹੋਵੇਗਾ, ਪਰ ਹਲਕੀ ਜਿਹੀ ਚੜ੍ਹਾਈ ਵਾਲਾ। ਖੱਬੇ ਹੱਥ ਕਿਲ੍ਹੇ ਦੇ ਆਲੀਸ਼ਾਨ ਖੰਡਰਾਂ ਦੇ ਹੇਠੋਂ ਲੰਘਦਿਆਂ ਅਸੀਂ ਰਤਾ ਉਪਰ ਜਾਂਦੀ ਪੱਕੀ ਡੰਡੀ ਉੱਤੇ ਪੈ ਜਾਂਦੇ ਹਾਂ: ਇਹ ਵਲੇਵੇਂਦਾਰ ਰਾਹ ਆਪਣੇ ਦੋਵੇਂ ਪਾਸੇ ਨਿੱਕੇ ਵੱਡੇ, ਤੇ ਪਹਾੜੀ ਘਰਾਂ ਵਾਂਗ ਉੱਚੇ ਨੀਂਵੇਂ ਮਕਾਨਾਂ ਦੇ ਵਿਚੋਂ ਲੰਘਦਾ ਹੋਇਆ ਅਚਾਨਕ ਖੁਲ੍ਹ ਜਾਂਦਾ ਹੈ ਤੇ ਹੁਣ ਸਾਡੇ ਸੱਜੇ ਹੱਥ ਸਿਰਫ਼ ਪਾਣੀ ਦਾ ਅਥਾਹ ਪਸਾਰ ਹੈ। ਪਰ ਇਹ ਸਮੁੰਦਰ ਨਹੀਂ, ਟਾਫ਼ ਨਦੀ ਦੇ ਚੌੜੇ ਦਹਾਨੇ ਦਾ ਸ਼ਾਂਤ ਫੈਲਾਅ ਹੈ ਜੋ ਦੂਰ, ਦਿਸਹੱਦੇ ਕੋਲ਼ ਸਮੁੰਦਰ ਨਾਲ ਰਲ਼ਣ ਜਾ ਰਿਹਾ ਹੈ। ਇਸ ਥਾਂ ਦੀ ਅਨੋਖੀ ਖ਼ੂਬਸੂਰਤੀ ਇਹ ਹੈ ਕਿ ਏਥੋਂ ਨਜ਼ਾਰਾ ਤਾਂ ਸਮੁੰਦਰ ਵਰਗਾ ਹੈ, ਪਰ ਸੁਬਕ ਜਿਹੀ ਹਰਕਤ ਵਾਲੇ ਪਾਣੀਆਂ ਕਾਰਨ ਸ਼ਾਂਤੀ ਪਹਾੜਾਂ ਵਾਲੀ ਜਾਪਦੀ ਹੈ। ਜਾਪਦਾ ਹੈ ਜਿਵੇਂ ਅਸੀਂ ਇਕ ਐਸੀ ਪਹਾੜੀ 'ਤੇ ਤੁਰ ਰਹੇ ਹਾਂ ਜਿਸਦੇ ਪੈਰਾਂ ਵਿਚ ਵਿਛੇ ਸਮੁੰਦਰ ਦੀਆਂ ਲਹਿਰਾਂ ਸ਼ੂਕਣਾ ਤਜ ਕੇ ਸੁਸਤਾ ਰਹੀਆਂ ਹਨ।

ਸਾਰੀਆਂ ਇਮਾਰਤਾਂ ਹੁਣ ਸਾਡੇ ਖੱਬੇ ਵਾਲੇ ਪਾਸੇ ਹਨ ਤੇ ਸੱਜੇ ਹੱਥ ਸਿਰਫ਼ ਪੱਥਰਾਂ ਦੀ ਚਿਣਾਈ ਨਾਲ ਬਣੀ ਕਦੀਮੀ ਤਿੰਨ ਫੁੱਟੀ ਕੰਧ ਸਾਡੇ ਬਚਾਅ ਲਈ ਨਾਲੋ ਨਾਲ ਤੁਰੀ ਆ ਰਹੀ ਹੈ। ਅਚਾਨਕ ਏਸੇ ਹੱਥ ਇਕ ਕੈਬਿਨ ਬਣਿਆ ਨਜ਼ਰੀਂ ਪੈਂਦਾ ਹੈ, ਜਿਸ ਦੇ ਦਰਵਾਜ਼ੇ ਦੀ ਥਾਂ ਸ਼ੀਸ਼ੇ ਦੀ ਕੰਧ ਹੈ ਜਿਸ ਰਾਹੀਂ ਕੈਬਿਨ ਅੰਦਰ ਖੁਲ੍ਹਕੇ ਝਾਕ ਸਕਣਾ ਸੰਭਵ ਹੈ। ਅੰਦਰ ਝਾਤ ਮਾਰੋ ਤਾਂ ਕਮਰੇ ਦੇ ਪਾਰਲੇ ਸਿਰੇ 'ਤੇ, ਸਾਹਮਣੇ ਖੁਲ੍ਹਦੀ ਬਾਰੀ ਨਾਲ ਲੱਗੀ ਲਿਖਣ ਮੇਜ਼ ਡੱਠੀ ਦਿਸਦੀ ਹੈ, ਜਿਸ ਉੱਤੇ ਕੁਝ ਕਿਤਾਬਾਂ ਤੇ ਖਿੱਲਰੇ ਹੋਏ ਕਾਗ਼ਜ਼ ਹਨ, ਇਕ ਲੈਂਪ ਤੇ ਕਈ ਕਲਮਾਂ ਨਾਲ ਲੈਸ ਕਲਮਦਾਨ ਰੱਖੇ ਹੋਏ ਹਨ, ਨਾਲ ਹੀ ਚਾਹ ਜਾਂ ਕੌਫੀ ਵਾਸਤੇ ਇਕ ਮਗ ਤੇ ਇਕ ਬੀਅਰ ਦੀ ਬੋਤਲ ਪਏ ਹਨ। ਕੋਲ਼ ਪਈ ਕੁਰਸੀ ਦੀ ਪਿੱਠ ਉੱਤੇ ਲਾਹ ਕੇ ਰੱਖਿਆ ਕੋਟ ਟੰਗਿਆ ਹੋਇਆ ਹੈ, ਤੇ ਫ਼ਰਸ਼ ਉੱਤੇ ਗੁੱਛਾ-ਮੁੱਛਾ ਕਰ ਕੇ ਸੁੱਟੇ ਹੋਏ ਕਾਗ਼ਜ਼ ਹਨ। ਜਿਵੇਂ ਕੋਈ ਲਿਖਾਰੀ ਹੁਣੇ ਹੁਣੇ ਏਥੋਂ ਉਠ ਕੇ ਗਿਆ ਹੋਵੇ।

"ਇਹ ਡਿਲਨ ਟੌਮਸ ਦਾ ਲਿਖਣ ਸ਼ੈੱਡ ਹੈ", ਡੈਨ ਦੱਸਦਾ ਹੈ, "ਇਹ ਪਿਛਲੇ ਮਕਾਨ ਵਾਲਿਆਂ ਨੇ 1920 ਵਿਚ ਆਪਣੀ ਕਾਰ ਦੇ ਗਰਾਜ ਵਜੋਂ ਤਿਆਰ ਕੀਤਾ ਸੀ, ਜੋ ਲ਼ਾਰਨ ਦੀ ਪਹਿਲੀ ਕਾਰ ਵੀ ਸੀ, ਪਰ ਬਹੁਤਾ ਚਿਰ ਵਰਤ ਨਾ ਸਕੇ। ਓਧਰਲੇ ਪਾਸਿਓਂ ਕਾਰ ਲਿਆ ਕੇ ਖੜ੍ਹੀ ਤਾਂ ਕੀਤੀ ਜਾ ਸਕਦੀ ਹੈ, ਪਰ ਰਾਹ ਸੌੜਾ ਹੋਣ ਕਾਰਨ ਮੋੜਨ ਦੀ ਕੋਈ ਥਾਂ ਨਹੀਂ। ਤੇ ਕਾਰ ਨੂੰ ਬੈਕ ਗੀਅਰ ਪਾ ਕੇ ਹੀ ਵਾਪਸ ਲਿਜਾਇਆ ਜਾ ਸਕਦਾ ਹੈ, ਜੋ ਇਸ ਵਲੇਵੇਂਦਾਰ ਰਾਹ ਉੱਤੇ ਕਰ ਸਕਣਾ ਸੌਖਾ ਨਹੀਂ। ਸੋ ਵਰ੍ਹਿਆਂ ਤੋਂ ਇਹ ਥਾਂ ਵਰਤੋਂ ਵਿਚ ਨਹੀਂ ਸੀ। ਡਿਲਨ ਟੌਮਸ ਦਾ ਘਰ ਏਥੋਂ ਨਾਲ ਹੀ ਹੈ, ਪਰ ਇਕ ਤਾਂ ਘਰ ਬਹੁਤ ਛੋਟਾ ਹੈ, ਤੇ ਦੂਜਾ ਆਪਣੀ ਪਤਨੀ ਕੇਟਲਿਨ ਨਾਲ ਵੀ ਹਰ ਵੇਲ਼ੇ ਖਹਿਬੜਨਾ ਲੱਗਾ ਹੀ ਰਹਿੰਦਾ ਸੀ। ਸੋ ਅਰਾਮ ਨਾਲ, ਬੇਝੰਜਟ ਹੋ ਕੇ ਲਿਖਣ ਲਈ ਡਿਲਨ ਟੌਮਸ ਨੇ ਏਸ ਥਾਂ ਨੂੰ ਵਰਤਣਾ ਸ਼ੁਰੂ ਕਰ ਦਿੱਤਾ।"

ਡਿਲਨ ਟੌਮਸ ਦਾ ਘਰ, ਜਿਸਨੂੰ ਬੋਟ ਹਾਊਸ (ਬੇੜੀ-ਘਰ) ਕਿਹਾ ਜਾਂਦਾ ਹੈ, ਸੱਚਮੁੱਚ ਨਿਕਚੂ ਜਿਹਾ ਹੈ। ਬਾਹਰੋਂ ਦੇਖਿਆਂ ਇਹ ਕਿਸੇ ਬਾਲ ਦੀ ਬਣਾਈ ਘਰ ਦੀ ਡਰਾਇੰਗ ਵਰਗਾ ਜਾਪਦਾ ਹੈ: ਆਇਤਾਕਾਰ ਸ਼ਕਲ ਦਾ ਮਕਾਨ, ਦੋ ਚੌਕੋਰ ਬਾਰੀਆਂ ਦੇ ਵਿਚਕਾਰ ਇਕ ਦਰਵਾਜ਼ਾ, ਉਤਲੀ ਮੰਜ਼ਲ 'ਤੇ ਉਹੋ ਜਿਹੀਆਂ ਤਿੰਨ ਬਾਰੀਆਂ ਤੇ ਉਪਰ ਢਾਲ਼ਵੀਂ ਛੱਤ, ਜਿਸਦੇ ਇਕ ਪਾਸੇ ਚਿਮਨੀ ਹੈ। ਝੀਲ ਵਾਂਗ ਫੈਲੇ ਦਰਿਆਈ ਪਾਣੀ ਦੇ ਕੰਢੇ 'ਤੇ ਬਣੇ ਇਸ ਘਰ ਨੂੰ ਹੜ੍ਹਾਂ ਤੋਂ ਬਚਾਣ ਲਈ ਪਥਰੀਲੇ, ਉੱਚੇ ਚੁੱਕੇ ਥੜ੍ਹੇ ਉੱਤੇ ਉਸਾਰਿਆ ਗਿਆ ਹੈ, ਤੇ ਇਸਨੂੰ ਦੋ ਪਾਸਿਆਂ ਤੋਂ ਵਲ਼ਦੀ ਲੱਕੜ ਦੀ ਬਾਲਕੋਨੀ ਹੈ, ਜੋ ਬਾਲਕੋਨੀ ਘੱਟ ਤੇ ਲਾਂਘਾ ਵੱਧ ਜਾਪਦੀ ਹੈ। 5 ਪੌਂਡ ਦੇ ਕੇ ਤੁਸੀਂ

ਘਰ ਦੇ ਅੰਦਰ ਦਾਖਲ ਹੁੰਦੇ ਹੋ। ਹੇਠਲੀ ਮੰਜ਼ਲ 'ਤੇ ਵੱਡਾ ਕਮਰਾ ਜਾਂ ਬੈਠਕ ਹੈ, ਜਿਸਨੂੰ ਤਕਰੀਬਨ ਉਵੇਂ ਹੀ ਰੱਖਿਆ ਗਿਆ ਹੈ, ਜਿਵੇਂ ਪੌਣੀ ਸਦੀ ਪਹਿਲਾਂ ਡਿਲਨ ਟੌਮਸ ਦੇ ਪਰਿਵਾਰ ਦੇ ਏਥੇ ਰਹਿੰਦਿਆਂ ਇਹ ਹੁੰਦਾ ਹੋਵੇਗਾ। ਉਤਲੇ ਦੋ ਕਮਰਿਆਂ ਵਿਚ ਡਿਲਨ ਟੌਮਸ ਨਾਲ ਸੰਬੰਧਤ ਵਸਤਾਂ ਅਤੇ ਉਸਦੀਆਂ ਲਿਖਤਾਂ ਨਾਲ ਜੁੜੀਆਂ ਚੀਜ਼ਾਂ ਦੀ ਨੁਮਾਇਸ਼ ਹੈ। ਪਿਛੋਕੜ ਵਿਚ ਉਸਦੀ ਰਿਕਾਰਡ ਕੀਤੀ ਆਵਾਜ਼ ਦੀ ਟੇਪ ਲਗਾਤਾਰ ਚਲਾਈ ਜਾਂਦੀ ਹੈ। ਏਥੇ ਰੱਖੀ ਗਈ ਸਭ ਤੋਂ ਅਜੀਬ ਚੀਜ਼ 1953 ਵਿਚ ਨਿਊ ਯੌਰਕ ਵਿਚ ਡਿਲਨ ਟੌਮਸ ਦੀ ਮੌਤ ਤੋਂ ਬਾਅਦ ਉਸਦੇ ਮੁਰਦਾ ਚਿਹਰੇ ਦੀ ਛਾਪ ਲੈ ਕੇ ਬਣਾਇਆ ਗਿਆ ਮਾਸਕ ਹੈ।

ਇਹ ਘਰ ਡਿਲਨ ਟੌਮਸ ਨੂੰ (ਜਿਹੜਾ ਆਪਣੇ ਜਿਉਂਦੇ ਜੀਅ ਕਿਸੇ ਵੀ ਘਰ ਦਾ ਮਾਲਕ ਨਾ ਬਣ ਸਕਿਆ), ਉਸਦੀ ਇਕ ਉਪਾਸ਼ਕ (ਸਾਡੇ ਡੈਨ ਦੀ ਵਿਸਤ੍ਰਤ ਜਾਣਕਾਰੀ ਮੁਤਾਬਕ ਦਰਅਸਲ ਉਸਦੀ ਮਾਸ਼ੂਕ) ਮਾਰਗ੍ਰੇਟ ਟੇਲਰ ਨੇ ਲੈ ਕੇ ਦਿੱਤਾ ਸੀ। ਘਰ ਭਾਵੇਂ ਅਸਲੋਂ ਨਿੱਕੜਾ ਹੈ, ਪਰ ਹੈ ਬਹੁਤ ਟਿਕਾਣੇ 'ਤੇ, ਜਿੱਥੋਂ ਹਰ ਬਾਰੀ ਦਿਲਕਸ਼ ਨਜ਼ਾਰਿਆਂ ਵੱਲ ਝਾਤ ਪੁਆਉਂਦੀ ਹੈ। ਘਰ ਛੋਟਾ ਜਿਹਾ ਹੋਣ ਕਾਰਨ ਇਸਨੂੰ ਦੇਖਣ ਵਿਚ ਬਹੁਤਾ ਸਮਾਂ ਨਹੀਂ ਲੱਗਦਾ, ਤੇ ਘਰ-ਨਿਗਰਾਨ ਦੇ ਦੱਸਣ ਮੁਤਾਬਕ ਸਾਲ ਵਿਚ 25,000 ਦੇ ਗੇੜ ਵਿਚ ਲੋਕ ਇਸਨੂੰ ਦੇਖਣ ਅਤੇ ਡਿਲਨ ਟੌਮਸ ਨੂੰ ਸ਼ਰਧਾ ਭੇਟ ਕਰਨ ਆਂਦੇ ਹਨ।

ਮਨ ਵਿਚੋਂ ਲੰਘੇ ਬਿਨਾਂ ਨਹੀਂ ਰਹਿੰਦਾ ਕਿ ਵੇਲਜ਼ ਦੇ ਇਸ ਸਿਰਫ਼ 1300 ਦੀ ਆਬਾਦੀ ਵਾਲੇ ਕਸਬੇ ਵਿਚ ਹਰ ਸਾਲ 25000 ਲੋਕ ਆਪਣੇ ਲੇਖਕ ਨੂੰ ਅਕੀਦਤ ਪੇਸ਼ ਕਰਨ ਏਥੇ ਆਂਦੇ ਹਨ। ਡਿਲਨ ਟੌਮਸ ਨੇ ਵੇਲਸ਼ ਮੂਲ ਦਾ ਹੋਣ ਦੇ ਬਾਵਜੂਦ ਹਮੇਸ਼ਾ ਅੰਗਰੇਜ਼ੀ ਵਿਚ ਲਿਖਿਆ, ਆਪਣੀ ਮਾਂ ਬੋਲੀ ਵਿਚ ਨਹੀਂ, ਤਾਂ ਵੀ ਵੇਲਸ਼ ਲੋਕ ਉਸਨੂੰ ਆਪਣੇ ਖ਼ਿੱਤੇ ਦੇ ਅਜ਼ੀਮ ਲੇਖਕ ਵਜੋਂ ਯਾਦ ਕਰਦੇ ਹਨ। ਵੇਲਜ਼ ਦੇ ਕਈ ਸ਼ਹਿਰਾਂ, ਸਮੇਤ ਉਸਦੇ ਜਨਮ ਸ਼ਹਿਰ ਸਵਾਂਜ਼ੀ ਦੇ, ਵਿਚ ਉਸਦੀ ਯਾਦ ਵਿਚ ਸਮਾਰਕ ਹਨ। ਉਹ ਏਸ ਘਰ ਵਿਚ ਸਿਰਫ ਆਖ਼ਰੀ ਚਾਰ ਸਾਲ ਰਿਹਾ, ਫੇਰ ਵੀ ਇਸਨੂੰ ਸਾਂਭ ਕੇ ਰੱਖਿਆ ਗਿਆ ਹੈ। ਤੇ ਸਾਡੇ ਪੰਜਾਬ ਵਿਚ .... ਜਿਸ ਥਾਂ, ਪ੍ਰੀਤਨਗਰ, ਵਿਚ ਅੱਜੋਕੇ ਪੰਜਾਬੀ ਸਾਹਿਤ ਦੇ ਦੋ ਮੋਢੀ ਗੁਰਬਖ਼ਸ਼ ਸਿੰਘ ਤੇ ਨਾਨਕ ਸਿੰਘ ਤਾਅ ਉਮਰ ਰਹੇ, ਜਿਸ ਥਾਂ ਨੂੰ ਪੰਜਾਬੀ ਲੇਖਕਾਂ ਦਾ ਮੱਕਾ ਕਿਹਾ ਜਾਂਦਾ ਹੈ, ਓਥੇ ਸਾਲ ਵਿਚ 1500 ਜਣੇ ਵੀ ਫੇਰੀ ਨਹੀਂ ਮਾਰਦੇ। ਜੇ ਪਰਿਵਾਰਕ ਕੋਸ਼ਿਸ਼ਾਂ ਨਾਲ ਇਸਨੂੰ ਸਾਂਭ ਕੇ ਰੱਖਣ ਵਾਲੇ ਨਾ ਹੁੰਦੇ ਤਾਂ ਹੁਣ ਤਕ ਇਸਨੇ ਥੇਹ ਹੀ ਹੋ ਜਾਣਾ ਸੀ। ਬਲਵੰਤ ਗਾਰਗੀ ਦਾ ਕਾਸ਼ਨੀ ਵਿਹੜੇ ਵਾਲਾ ਘਰ ਦਿੱਲੀ ਦੀਆਂ ਬਹੁ-ਮੰਜ਼ਲੀਆਂ ਇਮਾਰਤਾਂ ਨੇ ਚਿਰੋਕਣਾ ਨਿਗਲ ਲਿਆ ਹੋਇਆ ਹੈ। ਅਮ੍ਰਿਤਾ ਪ੍ਰੀਤਮ ਦੇ ਘਰ ਦਾ ਉਨ੍ਹਾਂ ਦੇ ਜਾਣ ਸਾਰ ਹੀ ਰੂਪ ਵਟ ਗਿਆ ਸੀ। ਸ਼ਿਵ ਕੁਮਾਰ ਬਟਾਲਵੀ ਨਾਲ ਜੁੜੀ ਕੋਈ ਵੀ ਰਿਹਾਇਸ਼ੀ ਥਾਂ ਨਹੀਂ ਬਚੀ। ਕਿਸ ਕਿਸ ਨੂੰ ਯਾਦ ਕਰਾਂ ! ਅਸੀ ਸ਼ਾਇਦ ਸੈਮੀਨਾਰਾਂ ਦੇ ਭਾਸ਼ਣਾਂ ਵਿਚ ਹੀ ਆਪਣੀ ਵਿਰਾਸਤ ਨੂੰ ਬਚਾ ਕੇ ਰੱਖਣ ਦੇ ਫਿਕਰ ਜ਼ਾਹਰ ਕਰਨ ਵਾਲੀ ਕੌਮ ਹਾਂ ....000

***(sukirat.anand@gmail.com)***

# ਵਾਤਾਵਰਣ ਸੰਕਟ: ਦੁਨੀਆ ਦੇ ਧਨਾਢ ਤੇ ਕਾਰਪੋਰੇਸ਼ਨਾਂ

**ਸੁਖਵੰਤ ਹੁੰਦਲ**

ਤਕਰੀਬਨ ਇਕ ਦਹਾਕਾ ਪਹਿਲਾਂ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਵਿਚ ਇਕਨਾਮਿਕਸ ਦੇ ਪ੍ਰੋਫੈਸਰ ਅਤੇ ਇਕਨਾਮਿਕ ਸਾਇੰਸਜ਼ ਵਿਚ ਨੋਬਲ ਇਨਾਮ ਜੇਤੂ ਜੋਸਫ ਸਟਿਗਲੈਟਸ ਨੇ ਅਮਰੀਕਾ ਵਿਚ ਦੌਲਤ ਅਤੇ ਸਿਆਸੀ ਨਾਬਰਾਬਰੀ ਬਾਰੇ ਲਿਖੇ ਇਕ ਆਰਟੀਕਲ ਦਾ ਨਾਂ "of the 1%, by the 1%m for the 1%" ਭਾਵ 1% ਦੀ, 1% ਵੱਲੋਂ, 1% ਲਈ" ਰੱਖਿਆ ਹੈ। ਆਪਣੇ ਆਰਟੀਕਲ ਦਾ ਇਹ ਨਾਂ ਰੱਖ ਕੇ ਉਹ ਇਹ ਕਹਿ ਰਹੇ ਜਾਪਦੇ ਹਨ ਕਿ ਅਮਰੀਕਾ ਦੀ ਸਰਕਾਰ ਉਪਰਲੇ 1% ਅਮੀਰਾਂ ਦੀ ਸਰਕਾਰ ਹੈ, ਇਹ ਇਹਨਾਂ 1% ਅਮੀਰਾਂ ਵੱਲੋਂ ਚਲਾਈ ਜਾਂਦੀ ਹੈ ਅਤੇ ਇਹ 1% ਅਮੀਰਾਂ ਲਈ ਹੈ। ਪ੍ਰੋਫੈਸਰ ਸਟਿਗਲੈਟਸ ਦੀ ਇਹ ਧਾਰਨਾ ਲੋਕਤੰਤਰ ਬਾਰੇ ਪ੍ਰਚਲਤ ਉਸ ਆਮ ਧਾਰਨਾ ਦੇ ਬਿਲਕੁਲ ਉਲਟ ਹੈ ਜੋ ਇਹ ਕਹਿੰਦੀ ਹੈ ਕਿ ਲੋਕਤੰਤਰ ਵਿਚਲੀ ਸਰਕਾਰ ਲੋਕਾਂ ਦੀ ਸਰਕਾਰ ਹੁੰਦੀ ਹੈ, ਲੋਕਾਂ ਵੱਲੋਂ ਚਲਾਈ ਜਾਂਦੀ ਹੈ ਅਤੇ ਲੋਕਾਂ ਲਈ ਕੰਮ ਕਰਦੀ ਹੈ। ਉਹਨਾਂ ਦੀ ਅਮਰੀਕਾ ਬਾਰੇ ਇਸ ਧਾਰਨਾ ਨੂੰ ਸਮੁੱਚੇ ਪੂੰਜੀਵਾਦੀ ਪ੍ਰਬੰਧ ਹੇਠ ਕੰਮ ਕਰਦੀਆਂ ਸਰਕਾਰਾਂ 'ਤੇ ਲਾਗੂ ਕੀਤਾ ਜਾ ਸਕਦਾ ਹੈ ਅਤੇ ਇਹ ਕਿਹਾ ਜਾ ਸਕਦਾ ਹੈ ਕਿ ਪੂੰਜੀਵਾਦੀ ਪ੍ਰਬੰਧ ਹੇਠ ਕੰਮ ਕਰਦੀਆਂ ਸਰਕਾਰਾਂ ਦਾ ਰੋਲ 1% ਪੂੰਜੀਵਾਦੀ ਲੋਕਾਂ ਦੇ ਹਿਤਾਂ ਦੀ ਰਾਖੀ ਕਰਨਾ ਹੁੰਦਾ ਹੈ। ਇਹ ਪੱਕਾ ਕਰਨ ਲਈ ਕਿ ਸਰਕਾਰਾਂ ਵੱਲੋਂ ਬਣਾਏ ਜਾਂਦੇ ਕਾਨੂੰਨ ਅਤੇ ਨੀਤੀਆਂ ਇਹਨਾਂ 1% ਲੋਕਾਂ ਦੇ ਹਿਤਾਂ ਵਿਚ ਹੋਣ, ਇਹ 1% ਲੋਕ ਜੋ ਢੰਗ ਵਰਤਦੇ ਹਨ, ਉਨ੍ਹਾਂ ਵਿਚੋਂ ਕੁੱਝ ਇਸ ਪ੍ਰਕਾਰ ਹਨ: ਉਹ ਇਲੈਕਸ਼ਨਾਂ ਵਿਚ ਉਮੀਦਵਾਰਾਂ ਦੀ ਮਦਦ ਲਈ ਫੰਡ ਦਿੰਦੇ ਹਨ, ਉਹ ਸਰਕਾਰਾਂ ਦੇ ਨੁਮਾਇੰਦਿਆਂ ਨੂੰ ਲੌਬੀ ਕਰਨ ਵਾਲੇ ਲੋਕਾਂ ਨੂੰ ਪੈਸੇ ਦਿੰਦੇ ਹਨ ਅਤੇ ਉਹ ਉਹਨਾਂ ਥਿੰਕ ਟੈਂਕਾਂ, ਖੋਜ ਸੰਸਥਾਵਾਂ ਆਦਿ ਨੂੰ ਫੰਡ ਕਰਦੇ ਹਨ ਜੋ ਇਹਨਾਂ ਅਮੀਰਾਂ ਦੇ ਹੱਕ ਵਿਚ ਲੋਕ ਰਾਇ ਪੈਦਾ ਕਰਦੇ ਹਨ ਅਤੇ ਇਹਨਾਂ ਦੇ ਹਿਤਾਂ ਵਿਰੁੱਧ ਜਾਣ ਵਾਲੀ ਜਾਣਕਾਰੀ 'ਤੇ ਸ਼ੰਕੇ ਖੜ੍ਹੇ ਕਰਨ ਦਾ ਕਾਰਜ ਕਰਦੇ ਹਨ। ਆਪਣੀ ਇਸ ਧਾਰਨਾ ਨੂੰ ਸਾਬਤ ਕਰਨ ਲਈ ਅਸੀਂ ਇਸ ਲੇਖ ਵਿਚ ਅਮੀਰ ਲੋਕਾਂ ਅਤੇ ਵੱਡੀਆਂ ਕਾਰਪੋਰੇਸ਼ਨਾਂ ਵੱਲੋਂ ਪਿਛਲੇ ਕੁੱਝ ਦਹਾਕਿਆਂ ਦੌਰਾਨ ਵਾਤਾਵਰਨ ਦੇ ਸੰਕਟ ਨਾਲ ਸੰਬੰਧਤ ਗੱਲਬਾਤ ਨੂੰ ਪ੍ਰਭਾਵਤ ਕਰਨ ਲਈ ਵਰਤੇ ਗਏ ਵੱਖ ਵੱਖ ਤਰੀਕਿਆਂ ਬਾਰੇ ਗੱਲ ਕਰਾਂਗੇ।

ਜੇਮਜ਼ ਹੋਗਨ ਅਤੇ ਰਿਚਰਡ ਲਿਟਲਮੋਰ ਵੱਲੋਂ ਲਿਖੀ ਕਿਤਾਬ *Climate Coverup: The crusade to deny global warming* ਅਨੁਸਾਰ, ਜਦੋਂ ਜੌਰਜ ਡਬਲਿਊ ਬੁਸ਼ ਨੇ ਪ੍ਰੈਜ਼ੀਡੈਂਟ ਬਣਨ ਲਈ ਪਹਿਲੀ ਇਲੈਕਸ਼ਨ ਲੜੀ ਤਾਂ ਉਸ ਸਮੇਂ ਬੁਸ਼ ਨੂੰ ਤੇਲ ਸਨਅਤ ਵੱਲੋਂ 15 ਲੱਖ (1.5 ਮਿਲੀਅਨ) ਡਾਲਰ ਤੋਂ ਜ਼ਿਆਦਾ ਰਕਮ ਇਲੈਕਸ਼ਨ ਲੜਨ ਲਈ ਦਿੱਤੀ ਗਈ। ਸੰਨ 2001 ਅਤੇ 2004 ਦੌਰਾਨ ਕੋਲੇ ਨਾਲ ਚੱਲਣ ਵਾਲੇ ਥਰਮਲ ਪਲਾਂਟਾਂ ਦੀ ਮਾਲਕ ਸਾਊਦਰਨ ਕੰਪਨੀ ਨੇ ਸਿਆਸੀ ਖੇਤਰ ਵਿਚ 44 ਲੱਖ (4.4 ਮਿਲੀਅਨ) ਡਾਲਰ ਦੀ ਰਕਮ ਦਾਨ ਦਿੱਤੀ ਸੀ। ਆਪਣੀ ਪਹਿਲੀ ਇਲੈਕਸ਼ਨ ਜਿੱਤਣ ਤੋਂ ਬਾਅਦ ਜਾਰਜ ਬੁਸ਼ ਦੇ ਪ੍ਰਸ਼ਾਸਨ ਵੱਲੋਂ ਲਏ ਗਏ ਪਹਿਲੇ ਕੁਝ ਫੈਸਲਿਆਂ ਵਿਚ ਇਕ ਫੈਸਲਾ ਜਲਵਾਯੂ ਦੀ ਤਬਦੀਲੀ ਨਾਲ ਸੰਬੰਧਤ ਕਿਓਟੋ ਪ੍ਰੋਟੋਕਲ ਹੇਠ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੁਨਕਰ ਹੋਣ ਲਈ ਕੀਤਾ ਗਿਆ ਫੈਸਲਾ ਸੀ। ਕਿਓਟੋ ਪ੍ਰੋਟੋਕਲ ਯੂਨਾਈਟਿਡ ਨੇਸ਼ਨਜ਼ ਦੀ ਅਗਵਾਈ ਹੇਠ ਕੀਤਾ ਗਿਆ ਇਕ ਸਮਝੌਤਾ ਸੀ ਜੋ ਵਿਕਸਤ ਦੇਸ਼ਾਂ ਨੂੰ

ਸੰਨ 2012 ਤਕ ਆਪਣੇ ਕਾਰਬਨ ਡਾਈਔਕਸਾਈਡ ਦੇ ਪ੍ਰਦੂਸ਼ਣ ਨੂੰ ਇਕ ਨਿਸ਼ਚਿਤ ਮਾਤਰਾ ਵਿਚ ਘਟਾਉਣ ਲਈ ਵਚਨਬੱਧ ਕਰਦਾ ਸੀ। ਬਾਅਦ ਵਿਚ ਬੁਸ਼ ਨੇ ਅਮਰੀਕਾ ਦੀ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ (ਈ.ਪੀ.ਏ.) ਵੱਲੋਂ 2002 ਵਿਚ ਪ੍ਰਦੂਸ਼ਣ ਘਟਾਉਣ ਲਈ Clear Skies Initiative (ਕਲੀਅਰ ਸਕਾਈਜ਼ ਇਨੀਸ਼ੀਏਟਿਵ) ਨਾਂ ਹੇਠ ਤਿਆਰ ਕੀਤੇ ਨਿਯਮਾਂ ਨੂੰ ਕਮਜ਼ੋਰ ਕਰਨ ਲਈ ਕਦਮ ਚੁੱਕੇ ਸਨ। ਜੇ ਈ ਪੀ ਏ ਵੱਲੋਂ ਤਿਆਰ ਕੀਤੇ ਇਹ ਨਿਯਮ ਆਪਣੇ ਮੁੱਢਲੇ ਰੂਪ ਵਿਚ ਲਾਗੂ ਹੋ ਜਾਂਦੇ ਤਾਂ ਕੋਲੇ ਨਾਲ ਚੱਲਣ ਵਾਲੇ ਥਰਮਲ ਪਲਾਂਟਾਂ ਰਾਹੀਂ ਬਿਜਲੀ ਤਿਆਰ ਕਰਨ ਵਾਲੀ ਅਮਰੀਕਾ ਦੀ ਸਨਅਤ ਨੂੰ ਇਸ ਵਿਚ ਸੁਝਾਏ ਉਪਾਅ ਲਾਗੂ ਕਰਨ ਲਈ 6.5 ਅਰਬ (ਬਿਲੀਅਨ) ਡਾਲਰ ਖਰਚਣੇ ਪੈਣੇ ਸਨ, ਅਤੇ ਇਹਨਾਂ ਉਪਾਵਾਂ ਕਾਰਨ ਅਮਰੀਕਾ ਦੇ ਲੋਕਾਂ ਨੂੰ ਸਿਹਤ ਦੇ ਖੇਤਰ ਵਿਚ 93 ਅਰਬ (ਬਿਲੀਅਨ) ਡਾਲਰ ਦੇ ਫਾਇਦੇ ਹੋਣੇ ਸਨ। ਪਰ ਬੁਸ਼ ਪ੍ਰਸ਼ਾਸਨ ਦੇ ਦਬਾਅ ਕਾਰਨ ਈ ਪੀ ਏ ਨੇ ਇਸ ਉੱਦਮ ਵਿਚ ਤਬਦੀਲੀਆਂ ਕਰਕੇ ਇਹਨਾਂ ਨਿਯਮਾਂ ਨੂੰ ਕਾਫੀ ਕਮਜ਼ੋਰ ਕਰ ਦਿੱਤਾ ਸੀ। ਇਸ ਦੇ ਬਾਵਜੂਦ ਕਲੀਅਰ ਸਕਾਈਜ਼ ਇਨੀਸ਼ੀਏਟਿਵ ਅਮਰੀਕਾ ਦੀ ਕਾਂਗਰਸ ਵਿਚ ਪਾਸ ਨਾ ਹੋ ਸਕਿਆ। ਫਿਰ ਬੁਸ਼ ਪ੍ਰਸ਼ਾਸਨ ਨੇ ਕਲੀਅਰ ਸਕਾਈਜ਼ ਇਨੀਸ਼ੀਏਟਿਵ ਦੀ ਥਾਂ ਨਵੇਂ ਨਿਯਮ ਲਿਆਂਦੇ ਜਿਹੜੇ ਕਿ ਕਾਫੀ ਕਮਜ਼ੋਰ ਸਨ। ਅਸਲ ਵਿਚ ਈ ਪੀ ਏ ਵੱਲੋਂ ਤਿਆਰ ਕੀਤੇ ਨਵੇਂ ਨਿਯਮਾਂ ਵਿਚ ਦਰਜਨ ਤੋਂ ਵੱਧ ਪੈਰ੍ਹੇ ਕੋਲੇ ਨਾਲ ਚੱਲਣ ਵਾਲੇ ਥਰਮਲ ਪਲਾਂਟਾਂ ਦੀ ਸਨਅਤ ਦੀ ਨੁਮਾਇੰਦਗੀ ਕਰਨ ਵਾਲੀ ਵੈਸਟ ਐਸੋਸੀਏਸ਼ਨ ਅਤੇ ਵਾਤਾਵਰਨ ਦੇ ਸੰਬੰਧ ਵਿਚ ਕਾਰਪੋਰੇਸ਼ਨਾਂ ਦੇ ਕੇਸ ਲੜਨ ਵਾਲੀ ਵਕੀਲਾਂ ਦੀ ਫਰਮ ਲੱਠਮ ਐਂਡ ਵਾਟਕਿਨਜ਼ ਵੱਲੋਂ ਪੇਸ਼ ਕੀਤੇ ਮੀਮੋਆਂ ਵਿਚੋਂ ਲਏ ਗਏ ਸਨ।

ਚੋਣਾਂ ਵਿਚ ਸਿਆਸੀ ਪਾਰਟੀਆਂ ਨੂੰ ਸਿੱਧੇ ਪੈਸੇ ਦੇਣ ਤੋਂ ਬਿਨਾਂ ਦੁਨੀਆ ਦੀ ਦੌਲਤ ‘ਤੇ ਕਾਬਜ਼ ਇਹ ਮੁੱਠੀ ਭਰ ਲੋਕ ਅਤੇ ਉਹਨਾਂ ਦੀ ਅਗਵਾਈ ਹੇਠ ਚਲਦੀਆਂ ਵੱਡੀਆਂ ਕਾਰਪੋਰੇਸ਼ਨਾਂ ਸਰਕਾਰਾਂ ਦੇ ਕਾਨੂੰਨਾਂ ਅਤੇ ਨੀਤੀਆਂ ਨੂੰ ਆਪਣੇ ਹਿਤਾਂ ਅਨੁਸਾਰ ਪ੍ਰਭਾਵਤ ਕਰਨ ਲਈ, ਸਰਕਾਰਾਂ ਦੇ ਨੁਮਾਇੰਦਿਆਂ ਨੂੰ ਲੌਬੀ ਕਰਨ ਵਾਸਤੇ ਬਹੁਤ ਸਾਰਾ ਪੈਸਾ ਖਰਚ ਕਰਦੀਆਂ ਹਨ। ਜਦੋਂ ਵੀ ਕੋਈ ਅਜਿਹੇ ਕਾਨੂੰਨ ਬਣਾਉਣ ਦੇ ਯਤਨ ਹੁੰਦੇ ਹਨ, ਜਿਹੜੇ ਵੱਡੀਆਂ ਕਾਰਪੋਰੇਸ਼ਨਾਂ ਵੱਲੋਂ ਮੁਨਾਫਾ ਕਮਾਉਣ ਦੇ ਕਾਰਜਾਂ ਵਿਚ ਰੁਕਾਵਟ ਬਣ ਸਕਦੇ ਹੋਣ ਤਾਂ ਇਨ੍ਹਾਂ ਵੱਡੀਆਂ ਕੰਪਨੀਆਂ ਲਈ ਕੰਮ ਕਰਦੇ ਲੌਬੀ ਕਰਨ ਵਾਲੇ ਸਰਕਾਰਾਂ ਦੇ ਨੁਮਾਇੰਦਿਆਂ ਤਕ ਪਹੁੰਚ ਕਰਕੇ ਇਸ ਤਰ੍ਹਾਂ ਦੇ ਕਾਨੂੰਨਾਂ ਨੂੰ ਪਾਸ ਹੋਣ ਤੋਂ ਰੋਕਣ ਜਾਂ ਕਾਨੂੰਨਾਂ ਦੀ ਕਾਰਪੋਰੇਸ਼ਨਾਂ ਵਿਰੋਧੀ ਧਾਰ ਨੂੰ ਖੁੰਢੀ ਕਰਨ ਲਈ ਜ਼ੋਰ ਲਾਉਂਦੇ ਹਨ। ਉਹਨਾਂ ਦੇ ਇਸ ਕੰਮ ਲਈ ਮੁੱਠੀ ਭਰ ਅਮੀਰ ਲੋਕ ਅਤੇ ਉਹਨਾਂ ਦੀਆਂ ਕਾਰਪੋਰੇਸ਼ਨਾਂ ਲੌਬੀ ਕਰਨ ਵਾਲਿਆਂ ‘ਤੇ ਪਾਣੀ ਵਾਂਗ ਪੈਸਾ ਵਹਾਉਂਦੀਆਂ ਹਨ। ਓਕਬਾਜ਼ਗੀ ਯੋਹੈਨਸ ਆਪਣੀ ਕਿਤਾਬ *The Biofuel Deception ਦੀ ਬਾਇਓਫਿਊਲ ਡਿਸੈਪਸ਼ਨ* ਵਿਚ ਦੱਸਦਾ ਹੈ ਕਿ ਜਨਵਰੀ 2009 ਅਤੇ ਜੂਨ 2010 ਵਿਚਕਾਰ ਤੇਲ ਅਤੇ ਗੈਸ ਦੀ ਸਨਅਤ ਨੇ ਕਲੀਨ ਐਨਰਜੀ ਬਿੱਲਾਂ ਨੂੰ ਪਾਸ ਹੋਣ ਤੋਂ ਰੋਕਣ ਲਈ ਅਮਰੀਕਾ ਦੀ ਕਾਂਗਰਸ ਨੂੰ ਲਾਬੀ ਕਰਨ ਖਾਤਰ 25 ਕਰੋੜ (250 ਮਿਲੀਅਨ) ਡਾਲਰ ਖਰਚ ਕੀਤੇ ਸਨ। ਇਸ ਹੀ ਸਮੇਂ ਦੌਰਾਨ ਚੈਂਬਰ ਆਫ ਕਮਰਸ ਨੇ ਆਲਮੀ ਤਪਸ਼ (Global Warming) ਨਾਲ ਸੰਬੰਧਤ ਕਾਨੂੰਨਾਂ ਨੂੰ ਹਰਾਉਣ ਲਈ 19 ਕਰੋੜ (190 ਮਿਲੀਅਨ) ਡਾਲਰ ਖਰਚੇ ਸਨ। ਸੰਨ 1999 ਅਤੇ 2009 ਵਿਚਕਾਰ ਤੇਲ ਅਤੇ ਗੈਸ, ਕੋਲੇ ਅਤੇ ਬਿਜਲੀ ਉਤਪਾਦਨ ਨਾਲ ਸੰਬੰਧਤ ਕੰਪਨੀਆਂ ਨੇ ਅਮਰੀਕਾ ਦੀ ਕਾਂਗਰਸ ਨੂੰ ਲੌਬੀ ਕਰਨ ਲਈ ਕੁੱਲ ਮਿਲਾ ਕੇ 2 ਅਰਬ (ਬਿਲੀਅਨ) ਡਾਲਰ ਖਰਚੇ ਸਨ ਤਾਂ ਕਿ ਉਹਨਾਂ ਕਾਨੂੰਨਾਂ ਨੂੰ ਹਰਾਇਆ ਜਾ ਸਕੇ ਜੋ ਕਾਨੂੰਨ ਆਲਮੀ ਤਪਸ਼ ਦੇ ਅਸਰਾਂ ਨੂੰ ਘੱਟ ਕਰਨ ਲਈ ਬਣਾਏ ਜਾਣੇ ਸਨ।

ਨਵੰਬਰ 2008 ਵਿਚ ਜਦੋਂ ਬਰਾਕ ਓਬਾਮਾ ਪਹਿਲੀ ਵਾਰ ਅਮਰੀਕਾ ਦਾ ਪ੍ਰੈਜ਼ੀਡੈਂਟ ਬਣਿਆ ਤਾਂ ਆਪਣੇ ਸ਼ੁਰੂਆਤੀ ਦਿਨਾਂ ਵਿਚ ਉਸ ਨੇ ਕੁੱਝ ਸੰਕੇਤ ਦਿੱਤੇ ਕਿ ਉਹ ਆਲਮੀ ਤਪਸ਼ ਘਟਾਉਣ ਲਈ ਕੁੱਝ ਕਦਮ ਚੁੱਕੇਗਾ। ਉਸ ਦੇ ਇਹਨਾਂ ਸੰਕੇਤਾਂ ਨੂੰ ਧਿਆਨ ਵਿਚ ਰੱਖਦਿਆਂ, ਵੱਡੀਆਂ ਕਾਰਪੋਰੇਸ਼ਨਾਂ ਨੇ ਓਬਾਮਾ ਵੱਲੋਂ ਚੁੱਕੇ ਜਾਣ ਵਾਲੇ ਕਦਮਾਂ ਨੂੰ ਰੋਕਣ ਜਾਂ ਖੁੰਢਾ ਕਰਨ ਲਈ ਆਲਮੀ ਤਪਸ਼ ਦੇ ਸੰਬੰਧ ਵਿਚ ਲੌਬੀ ਕਰਨ ਦੇ ਆਪਣੇ ਯਤਨਾਂ ਨੂੰ ਵੱਡੀ ਪੱਧਰ 'ਤੇ ਤੇਜ਼ ਕਰ ਦਿੱਤਾ। 25 ਫਰਵਰੀ 2009 ਨੂੰ 'ਦੀ ਸੈਂਟਰ ਫਾਰ ਪਬਲਿਕ ਐਨਟੈਗਰਟੀ' (The Centre for Public Integrity) ਦੀ ਰਿਪੋਰਟ 'ਕਲਾਈਮੇਟ ਚੇਂਜ ਲੌਬੀ ਐਕਪਲੋਜ਼ਨ' (Climate Change Lobby Explosion) ਵਿਚ ਇਸ ਬਾਰੇ ਇਸ ਤਰ੍ਹਾਂ ਲਿਖਿਆ ਹੈ:

*ਜਦੋਂ ਓਬਾਮਾ ਦੀ ਟੀਮ ਆਲਮੀ ਤਪਸ਼ ਦੀ ਚੁਣੌਤੀ ਨਾਲ ਨਿਪਟਣ ਲਈ ਤਿਆਰ ਹੋ ਰਹੀ ਹੈ, ਉਸ ਸਮੇਂ ਜਲਵਾਯੂ ਸੰਬੰਧੀ ਨੀਤੀਆਂ ਨੂੰ ਲੀਹੋਂ ਲਾਹੁਣ ਜਾਂ ਖੁੰਢਾ ਕਰਨਾ ਚਾਹੁਣ ਵਾਲੇ ਜਾਂ ਉਹਨਾਂ ਨੂੰ ਆਪਣੇ ਸੌੜੇ ਅਜੰਡਿਆਂ ਮੁਤਾਬਕ ਢਾਲਣਾ ਚਾਹੁਣ ਵਾਲੇ ਖਾਸ ਹਿਤਾਂ ਵਾਲੇ ਲੋਕ ਪਹਿਲਾਂ ਹੀ ਵੱਡੀ ਗਿਣਤੀ ਵਿਚ ਇਕੱਠੇ ਹੋ ਚੁੱਕੇ ਹਨ। ਸੈਂਟਰ ਫਾਰ ਪਬਲਿਕ ਐਨਟੈਗਰਿਟੀ ਵੱਲੋਂ ਸੈਨਟ ਦੇ ਡਿਸਕਲੋਜ਼ਰ ਫਾਰਮਾਂ ਦਾ ਕੀਤਾ ਵਿਸ਼ਲੇਸ਼ਣ ਦਿਖਾਉਂਦਾ ਹੈ ਕਿ ਪਿਛਲੇ ਸਾਲ ਵਿਚ ਫੈਡਰਲ ਪੱਧਰ 'ਤੇ ਜਲਵਾਯੂ ਨਾਲ ਸੰਬੰਧਤ ਨੀਤੀਆਂ ਨੂੰ ਪ੍ਰਭਾਵਤ ਕਰਨ ਲਈ 770 ਤੋਂ ਵੱਧ ਕੰਪਨੀਆਂ ਅਤੇ ਖਾਸ ਹਿਤ ਰੱਖਣ ਵਾਲੇ ਗਰੁੱਪਾਂ ਨੇ 2340 ਲੌਬੀ ਕਰਨ ਵਾਲਿਆਂ ਨੂੰ ਹਾਇਰ ਕੀਤਾ ਹੈ। ਇਹ ਗਿਣਤੀ ਪਿਛਲੇ 5 ਸਾਲਾਂ ਦੌਰਾਨ ਜਲਵਾਯੂ ਵਿਚ ਤਬਦੀਲੀ ਬਾਰੇ ਲੌਬੀ ਕਰਨ ਵਾਲੇ ਲੋਕਾਂ ਦੀ ਗਿਣਤੀ ਵਿਚ 300 ਫੀਸਦੀ ਦਾ ਵਾਧਾ ਹੈ, ਅਤੇ ਇਸ ਦਾ ਮਤਲਬ ਹੈ ਕਿ ਹੁਣ ਵਸ਼ਿੰਗਟਨ ਵਿਚ ਕਾਂਗਰਸ ਦੇ ਇਕ ਮੈਂਬਰ ਮਗਰ ਜਲਵਾਯੂ ਵਿਚ ਤਬਦੀਲੀ ਬਾਰੇ ਲੌਬੀ ਕਰਨ ਵਾਲੇ ਚਾਰ ਲੋਕ ਕੰਮ ਕਰ ਰਹੇ ਹਨ।*

ਸ਼ਾਇਦ ਇਹ ਇੰਨੀ ਵੱਡੀ ਪੱਧਰ 'ਤੇ ਲੌਬੀ ਕਰਨ ਦੇ ਯਤਨਾਂ ਦਾ ਹੀ ਨਤੀਜਾ ਸੀ ਕਿ ਓਬਾਮਾ ਜਲਵਾਯੂ ਵਿਚ ਤਬਦੀਲੀਆਂ ਨਾਲ ਸੰਬੰਧਤ ਨੀਤੀਆਂ ਦੇ ਸੰਬੰਧ ਵਿਚ ਕੋਈ ਵੱਡਾ ਕਦਮ ਨਹੀਂ ਚੁੱਕ ਸਕਿਆ। ਜਲਵਾਯੂ ਵਿਚ ਤਬਦੀਲੀ ਦੇ ਸੰਬੰਧ ਵਿਚ ਕੀਤੇ ਓਬਾਮਾ ਦੇ ਕੰਮ ਦਾ ਮੁੱਲਾਂਕਣ ਕਰਨ ਲਈ 29 ਅਪਰੈਲ 2017 ਵਿਚ ਛਪੇ ਇਕ ਆਰਟੀਕਲ ਵਿਚ ਡੇਵਿਡ ਬੁੱਕਬਾਈਂਡਰ ਲਿਖਦਾ ਹੈ ਕਿ *"ਬੇਸ਼ੱਕ ਜਲਵਾਯੂ ਵਿਚ ਤਬਦੀਲੀਆਂ ਦੇ ਸੰਬੰਧ ਵਿਚ ਓਬਾਮਾ ਦੀ ਵਿਰਾਸਤ ਨੂੰ ਗਰੀਨ (ਵਾਤਾਵਰਨ ਦੀ ਹਿਮਾਇਤੀ) ਦਰਸਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਪ੍ਰੈਜ਼ੀਡੈਂਟ ਹੋਣ ਦੀ ਆਪਣੀ "ਪਹਿਲੀ ਟਰਮ ਵਿਚ ਓਬਾਮਾ ਦੀਆਂ ਜਲਵਾਯੂ ਨਾਲ ਸੰਬੰਧਤ ਨੀਤੀਆਂ ਦਾ ਜਾਰਜ ਡਬਲਿਊ ਬੁਸ਼ ਦੀਆਂ ਨੀਤੀਆਂ ਨਾਲੋਂ ਕੋਈ ਬਹੁਤ ਵੱਡਾ ਫਰਕ ਨਹੀਂ ਸੀ। ਦੋਹਾਂ ਨੇ ਗਰੀਨਹਾਊਸ ਗੈਸਾਂ ਨਾਲ ਸੰਬੰਧਤ ਕਾਨੂੰਨਾਂ ਦਾ ਵਿਰੋਧ ਕਰਨ ਲਈ ਪੂਰੇ ਜ਼ੋਰ ਨਾਲ ਲੜਾਈ ਕੀਤੀ..."*

ਬਾਰਾਕ ਓਬਾਮਾ ਦੇ ਤੇਲ ਅਤੇ ਗੈਸ ਸਨਅਤ ਵੱਲ ਦੋਸਤਾਨਾ ਰਵੱਈਏ ਬਾਰੇ ਕੁੱਝ ਹੋਰ ਤੱਥ ਪੇਸ਼ ਹਨ। ਸੰਨ 2017 ਵਿਚ ਛਪੀ ਆਪਣੀ ਕਿਤਾਬ, *ਕਰੀਏਟਿੰਗ ਐਨ ਇਕੌਲੌਜੀਕਲ ਸੁਸਾਇਟੀ (Creating An Ecological Society)* ਵਿਚ ਫਰੈੱਡ ਮੈਗਡੌਫ ਅਤੇ ਕਰਿਸ ਵਿਲੀਅਮਜ਼ ਲਿਖਦੇ ਹਨ ਕਿ ਸੰਨ 2012 ਵਿਚ ਆਪਣੇ ਇਕ ਭਾਸ਼ਨ ਵਿਚ ਓਬਾਮਾ ਨੇ ਕਿਹਾ ਸੀ, *"ਕਈ ਅਜਿਹੇ ਸਿਆਸਤਦਾਨ ਹਨ ਜੋ ਕਹਿੰਦੇ ਹਨ ਕਿ ਜੇ ਅਸੀਂ ਹੋਰ ਡਰਿੱਲ ਕਰਾਂਗੇ, ਤਾਂ ਗੈਸ ਦੀਆਂ ਕੀਮਤਾਂ ਇਕ ਦਮ ਹੇਠਾਂ ਆ ਜਾਣਗੀਆਂ। ਪਰ ਉਹ ਇਹ ਨਹੀਂ ਦੱਸਦੇ....ਕਿ ਅਮਰੀਕਾ ਪਿਛਲੇ ਅੱਠ ਸਾਲਾਂ ਦੇ ਕਿਸੇ ਵੀ ਸਮੇਂ ਨਾਲੋਂ ਵੱਧ ਤੇਲ ਦਾ ਉਤਪਾਦਨ ਕਰ ਰਿਹਾ ਹੈ। ਅਸੀਂ ਤੇਲ ਅਤੇ*

*ਗੈਸ ਲੱਭਣ ਲਈ ਨਵੇਂ ਇਲਾਕਿਆਂ ਨੂੰ ਖੋਲ੍ਹਿਆ ਹੈ। ਅਸੀਂ (ਤੇਲ ਅਤੇ ਗੈਸ) ਕੱਢਣ ਲਈ ਕੰਮ ਕਰ ਰਹੀਆਂ ਰਿੱਗਾਂ ਦੀ ਗਿਣਤੀ ਵਿਚ ਚਾਰ ਗੁਣਾਂ ਵਾਧਾ ਕੀਤਾ ਹੈ, ਜੋ ਕਿ ਇਕ ਰਿਕਾਰਡ ਹੈ। ਅਸੀਂ ਤੇਲ ਅਤੇ ਗੈਸ ਦੀਆਂ ਪਾਈਪਲਾਈਨਾਂ ਵਿਚ ਇੰਨੀ ਵੱਡੀ ਗਿਣਤੀ ਮਾਤਰਾ ਵਿਚ ਵਾਧਾ ਕੀਤਾ ਹੈ, ਕਿ ਉਹਨਾਂ ਨਾਲ ਸਾਰੀ ਧਰਤੀ ਨੂੰ ਵਲਿਆ ਜਾ ਸਕਦਾ ਹੈ।"* ਸੰਨ 2015 ਵਿਚ ਜਦੋਂ ਅਮਰੀਕਾ ਵਾਤਾਵਰਨ ਦੇ ਸੰਕਟ ਦਾ ਹੱਲ ਲੱਭਣ ਲਈ ਪੈਰਿਸ ਕਲਾਈਮੇਟ ਨਾਂ ਨਾਲ ਜਾਣੀ ਜਾਂਦੀ ਗੱਲਬਾਤ ਵਿਚ ਹਿੱਸਾ ਲੈ ਰਿਹਾ ਸੀ, ਉਸ ਸਮੇਂ ਓਬਾਮਾ ਨੇ ਤੇਲ ਸਨਅਤ ਦੇ ਖੇਤਰ ਦੀ ਇਕ ਵੱਡੀ ਕੰਪਨੀ ਐਕਸਨ ਅਤੇ ਕੋਕ ਬ੍ਰਦਰਜ਼ ਦੀ ਹਿਮਾਇਤ ਪ੍ਰਾਪਤ ਬਿੱਲ 'ਤੇ ਦਸਖਤ ਕੀਤੇ ਸਨ, ਜਿਸ ਦਾ ਮਕਸਦ ਪਾਈਪਲਾਈਨਾਂ ਦੀ ਉਸਾਰੀ ਲਈ ਲੋੜੀਂਦੇ ਪਰਮਿਟ ਦੇਣ ਦੇ ਅਮਲ ਨੂੰ ਤੇਜ਼ ਕਰਨਾ ਸੀ। ਇਸੇ ਹੀ ਤਰ੍ਹਾਂ ਓਬਾਮਾ ਪ੍ਰਸ਼ਾਸਨ ਨੇ ਮੈਕਸੀਕੋ ਦੀ ਖਾੜੀ (Gulf of Mexico) ਵਿਚ ਫਰੈਕਿੰਗ ਦੇ 1500 ਪਰਮਿਟਾਂ ਨੂੰ ਪ੍ਰਵਾਨਗੀ ਦਿੱਤੀ ਸੀ। (ਫਰੈਕਿੰਗ ਧਰਤੀ ਵਿਚੋਂ ਗੈਸ ਕੱਢਣ ਦਾ ਇਕ ਅਜਿਹਾ ਤਰੀਕਾ ਹੈ ਜਿਸ ਵਿਚ ਗੈਸ ਲਈ ਡਰਿਲਿੰਗ ਕਰਨ ਤੋਂ ਪਹਿਲਾਂ ਬਹੁਤ ਹੀ ਜ਼ਿਆਦਾ ਦਬਾਅ ਹੇਠ ਪਾਣੀ, ਰੇਤ ਅਤੇ ਰਸਾਇਣਕ ਪਦਾਰਥਾਂ ਦਾ ਮਿਸ਼ਰਨ ਧਰਤੀ ਹੇਠਾਂ ਘੱਲਿਆ ਜਾਂਦਾ ਹੈ ਤਾਂ ਕਿ ਪੱਥਰਾਂ ਵਿਚਕਾਰ ਫਸੀ ਗੈਸ ਨੂੰ ਆਜ਼ਾਦ ਕੀਤਾ ਜਾ ਸਕੇ। ਇਸ ਅਮਲ ਦੇ ਆਲੋਚਕਾਂ ਦਾ ਕਹਿਣਾ ਹੈ ਕਿ ਇਹ ਕਈ ਤਰ੍ਹਾਂ ਨਾਲ ਵਾਤਾਵਰਨ ਦਾ ਨੁਕਸਾਨ ਕਰਦਾ ਹੈ। ਜਿਵੇਂ ਕਿ ਇਹ ਅਮਲ ਧਰਤੀ ਹੇਠਲੇ ਪਾਣੀ ਨੂੰ ਜ਼ਹਿਰੀਲਾ ਬਣਾ ਸਕਦਾ ਹੈ, ਧਰਤੀ ਉਪਰਲੇ ਪਾਣੀ ਨੂੰ ਪ੍ਰਦੂਸ਼ਤ ਕਰ ਸਕਦਾ ਹੈ, ਅਤੇ ਪਾਣੀ ਵਿਚ ਰਹਿਣ ਵਾਲੇ ਜੀਵਜੰਤੂਆਂ ਲਈ ਖਤਰਾ ਬਣ ਸਕਦਾ ਹੈ) ਇੱਥੇ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਇਹਨਾਂ ਪਰਮਿਟਾਂ ਦੀ ਪ੍ਰਵਾਨਗੀ ਤੋਂ ਕੁੱਝ ਸਾਲ ਪਹਿਲਾਂ ਸੰਨ 2010 ਵਿਚ ਮੈਕਸੀਕੋ ਦੀ ਖਾੜੀ ਵਿਚ ਬ੍ਰਿਟਿਸ਼ ਪੈਟਰੌਲੀਅਮ ਦੀ ਡੀਪਵਾਟਰ ਹੋਰਾਈਜਨ ਨਾਂ ਦੀ ਤੇਲ ਕੱਢਣ ਵਾਲੀ ਰਿੱਗ ਵਿਚ ਹੋਈ ਇਕ ਵਿਨਾਸ਼ਕਾਰੀ ਦੁਰਘਟਨਾ ਕਾਰਨ ਇਸ ਖਾੜੀ ਵਿਚ 13.4 ਕਰੋੜ (134 ਮਿਲੀਅਨ) ਗੈਲਨ ਤੇਲ ਡੁੱਲ੍ਹਿਆ ਸੀ। ਸਮੁੰਦਰ ਵਿਚ ਤੇਲ ਡੁੱਲ੍ਹਣ ਦੀ ਇਸ ਦੁਰਘਟਨਾ ਨੂੰ ਅਮਰੀਕਾ ਦੇ ਇਤਿਹਾਸ ਵਿਚ ਸਮੁੰਦਰ ਵਿਚ ਤੇਲ ਡੁੱਲ੍ਹਣ ਦੀ ਸਭ ਤੋਂ ਵੱਡੀ ਦੁਰਘਟਨਾ ਸਮਝਿਆ ਜਾਂਦਾ ਹੈ ਅਤੇ ਇਸ ਕਾਰਨ ਵਾਤਾਵਰਨ ਨੂੰ ਹੋਏ ਨੁਕਸਾਨ ਦੀ ਲਾਗਤ 17.2 ਅਰਬ (ਬਿਲੀਅਨ) ਡਾਲਰ ਦੇ ਬਰਾਬਰ ਸੀ। 5 ਜਨਵਰੀ 2016 ਵਿਚ ਬਲੂਮਬਰਗ ਦੇ ਸਾਈਟ 'ਤੇ ਛਪਿਆ ਇਕ ਆਰਟੀਕਲ ਓਬਾਮਾ ਦੇ ਦੌਰ ਵਿਚ ਅਮਰੀਕਾ ਵਿਚ ਤੇਲ ਅਤੇ ਗੈਸ ਦੀ ਸਨਅਤ ਵਿਚ ਹੋਏ ਵਾਧੇ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ:

*ਪਿਛਲੇ 7 ਸਾਲਾਂ ਦੌਰਾਨ ਯੂ ਐੱਸ ਵਿਚ ਤੇਲ ਦਾ ਉਤਪਾਦਨ 82 ਫੀਸਦੀ ਵਧਿਆ ਹੈ, ਜੋ ਕਿ ਤਕਰੀਬਨ ਇਕ ਰਿਕਾਰਡ ਹੈ, ਅਤੇ ਨੈਚਰੁਲ ਗੈਸ ਦੇ ਉਤਪਾਦਨ ਵਿਚ ਤਕਰੀਬਨ ਇਕ ਚੌਥਾਈ ਵਾਧਾ ਹੋਇਆ ਹੈ। ਸੰਘਣੇ ਪੱਥਰਾਂ ਵਿਚੋਂ ਗੈਸ ਕੱਢਣ ਲਈ ਵਰਤੇ ਜਾਂਦੇ ਅਮਲ ਹਾਈਡਰੌਲਿਕ ਫਰੈਕਚਰਿੰਗ ਨੂੰ ਬੰਦ ਕਰਨ ਦੀ ਥਾਂ ਓਬਾਮਾ ਨੇ ਬਾਲਣ ਦੇ ਇਸ ਸ੍ਰੋਤ (ਗੈਸ) ਨੂੰ ਭਵਿੱਖ ਦੇ ਗਰੀਨਰ (ਵਾਤਾਵਰਨ ਨੂੰ ਨੁਕਸਾਨ ਨਾ ਪਹੁੰਚਾਉਣ ਵਾਲੇ) ਅਤੇ ਨਵਿਆਏ ਜਾ ਸਕਣ ਵਾਲੇ ਊਰਜਾ ਸ੍ਰੋਤਾਂ ਤਕ ਜਾਣ ਦੇ ਇਕ ਪੌਡੇ ਵਜੋਂ ਉਤਸ਼ਾਹਤ ਕੀਤਾ ਹੈ।*

*ਵਾਤਾਵਰਨ ਪ੍ਰੇਮੀਆਂ ਦੇ ਇਤਰਾਜ਼ਾਂ ਦੇ ਬਾਵਜੂਦ (ਓਬਾਮਾ) ਪ੍ਰਸ਼ਾਸਨ ਨੇ ਅਰਕਟਿਕ ਸਾਗਰ ਵਿਚ ਤੇਲ ਕੱਢਣ ਨੂੰ ਇਜਾਜ਼ਤ ਦਿੱਤੀ ਹੈ ਅਤੇ ਪੂਰਬੀ ਤੱਟ ਨਾਲ ਲੱਗਦੇ ਅੰਧ ਮਹਾਂ ਸਾਗਰ (ਐਟਲਾਂਟਿਕ ਉਸ਼ੀਅਨ) ਦੇ ਪਾਣੀਆਂ ਵਿਚ ਤੇਲ ਅਤੇ ਗੈਸ ਕੱਢਣ ਦੇ ਨਵੇਂ ਉਦਮਾਂ ਲਈ ਦਰਵਾਜ਼ਾ ਖੋਲ੍ਹਿਆ ਹੈ। (ਓਬਾਮਾ) ਨੇ ਅਮਰੀਕਾ ਦੇ ਬਹੁਤੇ ਕਰੂਡ ਆਇਲ ਦੇ ਨਿਰਯਾਤ 'ਤੇ 40 ਸਾਲਾਂ ਤੋਂ ਲੱਗੀ ਪਾਬੰਦੀ ਨੂੰ ਖਤਮ ਕਰਨ ਲਈ ਇਕ ਹੁਕਮ 'ਤੇ ਦਸਖਤ ਕੀਤੇ ਹਨ।*

ਇਲੈਕਸ਼ਨਾਂ ਵਿਚ ਉਮੀਦਵਾਰਾਂ ਨੂੰ ਸਿੱਧੇ ਪੈਸੇ ਦੇਣ ਅਤੇ ਸਰਕਾਰਾਂ ਨੂੰ ਲੌਬੀ ਕਰਨ ਵਾਲਿਆਂ

ਨੂੰ ਵੱਡੀ ਮਾਤਰਾ ਵਿਚ ਪੈਸੇ ਦੇਣ ਤੋਂ ਇਲਾਵਾ ਦੁਨੀਆ ਦੇ ਮੁੱਠੀ ਭਰ ਅਮੀਰ ਅਤੇ ਉਹਨਾਂ ਦੀਆਂ ਕਾਰਪੋਰੇਸ਼ਨਾਂ ਆਪਣੇ ਮੁਨਾਫਿਆਂ ਲਈ ਖਤਰਾ ਬਣਨ ਵਾਲੀ ਜਾਣਕਾਰੀ, ਵਿਚਾਰਾਂ ਅਤੇ ਤੱਥਾਂ ਦੇ ਵਿਰੋਧ ਵਿਚ ਰਾਇ ਪੈਦਾ ਕਰਨ, ਉਹਨਾਂ ਨੂੰ ਝੁਠਲਾਉਣ ਜਾਂ ਉਹਨਾਂ ਬਾਰੇ ਸ਼ੱਕ ਪੈਦਾ ਕਰਨ ਲਈ ਥਿੰਕ ਟੈਂਕਾਂ, ਖੋਜ ਕੇਂਦਰਾਂ, ਇਸ਼ਤਿਹਾਰਾਂ ਦੀਆਂ ਮੁਹਿੰਮਾਂ ਆਦਿ ਨੂੰ ਫੰਡ ਕਰਨ ਲਈ ਕਰੋੜਾਂ/ਅਰਬਾਂ ਡਾਲਰ ਮੁਹੱਈਆ ਕਰਦੀਆਂ ਹਨ। ਇਹਨਾਂ ਅਮੀਰਾਂ ਅਤੇ ਕਾਰਪੋਰੇਸ਼ਨਾਂ ਵੱਲੋਂ ਵਾਤਾਵਰਨ ਦੇ ਸੰਕਟ ਨਾਲ ਸੰਬੰਧਤ ਕੀਤੇ ਜਾਂਦੇ ਅਜਿਹੇ ਯਤਨਾਂ ਬਾਰੇ ਕੁੱਝ ਜਾਣਕਾਰੀ ਪੇਸ਼ ਹੈ। ਤੇਲ ਦੀ ਸਅਨਤ ਨਾਲ ਸੰਬੰਧਤ ਕਾਰਪੋਰੇਸ਼ਨ ਐਕਸਨ-ਮੋਬਿਲ 124 ਤੋਂ ਵੱਧ ਅਜਿਹੀਆਂ ਸੰਸਥਾਵਾਂ ਨੂੰ ਫੰਡ ਦਿੰਦੀ ਰਹੀ ਹੈ ਜੋ ਜਲਵਾਯੂ ਨਾਲ ਸੰਬੰਧਤ ਸਾਇੰਸ ਨੂੰ "Junk Science" (ਰੱਦੀ ਸਾਇੰਸ) ਅਤੇ ਵਾਤਾਵਰਨ ਨੂੰ ਬਚਾਉਣ ਲਈ ਕੰਮ ਕਰਦੇ ਲੋਕਾਂ ਨੂੰ ਪਖੰਡੀ ਅਤੇ ਜਨੂੰਨੀਆਂ ਵਜੋਂ ਪੇਸ਼ ਕਰਦੀਆਂ ਹਨ। ਇਹਨਾਂ ਸੰਸਥਾਵਾਂ ਵਿਚੋਂ ਕੁੱਝ ਮਸ਼ਹੂਰ ਸੰਸਥਾਵਾਂ ਦੇ ਨਾਂ ਹਨ: ਹੈਰੀਟੇਜ ਫਾਊਂਡੇਸ਼ਨ, ਦੀ ਕੈਟੋ ਇੰਸਟੀਚਿਊਟ, ਹਡਸਨ ਇੰਸਟੀਚਿਊਟ, ਜੌਰਜ ਮੇਸਨਜ਼ ਲਾਅ ਐਂਡ ਇਕਨੌਮਿਕਸ ਸੈਂਟਰ, ਦੀ ਕੰਪੀਟੀਟਵ ਇੰਟਰਪ੍ਰਾਈਜ਼ ਇੰਸਟੀਚਿਊਟ, ਦੀ ਫਰੰਟੀਅਰ ਆਫ ਫਰੀਡਮ ਇੰਸਟੀਚਿਊਟ, ਦੀ ਰੀਜ਼ਨ ਫਾਊਂਡੇਸ਼ਨ, ਦੀ ਜੌਰਜ ਸੀ. ਮਾਰਸ਼ਲ ਇੰਸਟੀਚਿਊਟ ਆਦਿ।

ਇਸ ਤਰ੍ਹਾਂ ਦੀਆਂ ਸੰਸਥਾਵਾਂ ਵਾਤਾਵਰਨ ਨਾਲ ਸੰਬੰਧਤ ਸਾਇੰਸ ਨੂੰ ਮੰਨਣ ਤੋਂ ਇਨਕਾਰ ਹੀਂ ਨਹੀਂ ਕਰਦੀਆਂ ਸਗੋਂ ਵਾਤਾਵਰਨ ਲਈ ਸੰਕਟ ਪੈਦਾ ਕਰਨ ਵਾਲੇ ਵਰਤਾਰਿਆਂ ਨੂੰ ਲੋਕਾਂ ਲਈ ਫਾਇਦੇਮੰਦ ਦੱਸਦੀਆਂ ਹਨ। ਓਕਬਾਜ਼ਗੀ ਯੋਹੈਨਸ ਦੀ ਕਿਤਾਬ *ਦੀ ਬਾਇਓਫਿਊਲ ਡਿਸੈਪਸ਼ਨ* ਵਿਚ ਦਿੱਤੇ ਇਕ ਹਵਾਲੇ ਅਨੁਸਾਰ, ਐਕਸਨ ਕਾਰਪੋਰੇਸ਼ਨ ਤੋਂ 6 ਲੱਖ 30 ਹਜ਼ਾਰ ਡਾਲਰ ਪ੍ਰਾਪਤ ਕਰਨ ਵਾਲੇ ਜੌਰਜ ਸੀ. ਮਾਰਸ਼ਲ ਇੰਸਟੀਚਿਊਟ ਦੇ ਦੋ ਕਰਮਚਾਰੀ ਵਾਤਾਵਰਨ ਵਿਚ ਗਰੀਨ ਹਾਊਸ ਗੈਸਾਂ ਦੇ ਫੈਲਣ ਦੇ ਫਾਇਦਿਆਂ ਬਾਰੇ ਗੱਲ ਕਰਦਿਆਂ ਕਹਿੰਦੇ ਹਨ:

> *ਜਿਵੇਂ ਜਿਵੇਂ ਕੋਲਾ, ਤੇਲ ਅਤੇ ਕੁਦਰਤੀ ਗੈਸ ਦੀ ਵਰਤੋਂ ਵਿਸ਼ਵ ਪੱਧਰ 'ਤੇ ਵੱਡੀ ਗਿਣਤੀ ਵਿਚ ਲੋਕਾਂ ਨੂੰ ਖਾਣਾ ਮੁਹੱਈਆ ਕਰਨ ਅਤੇ ਗਰੀਬੀ ਤੋਂ ਬਾਹਰ ਕੱਢਣ ਲਈ ਕੀਤੀ ਜਾਵੇਗੀ, ਤਿਵੇਂ ਤਿਵੇਂ ਜ਼ਿਆਦਾ ਕਾਰਬਨਡਾਇਔਕਸਾਈਡ ਵਾਯੂਮੰਡਲ ਵਿਚ ਛੱਡੀ ਜਾਵੇਗੀ। ਇਹ ਸਾਰੇ ਲੋਕਾਂ ਦੀ ਸਿਹਤ ਕਾਇਮ ਰੱਖਣ ਅਤੇ ਉਸ ਵਿਚ ਸੁਧਾਰ ਕਰਨ, ਉਮਰ ਵਧਾਉਣ, ਖੁਸ਼ਹਾਲੀ ਅਤੇ ਉਤਪਾਦਕਤਾ ਵਧਾਉਣ ਲਈ ਸਹਾਈ ਹੋਵੇਗੀ।...ਕਾਰਬਨਡਾਇਔਕਸਾਈਡ ਦੇ ਵਾਧੇ ਕਾਰਨ ਅਸੀਂ ਬੂਟਿਆਂ ਅਤੇ ਜਾਨਵਰਾਂ ਦੇ ਬਹੁਤ ਜ਼ਿਆਦਾ ਹਰੇ-ਭਰੇ ਵਾਤਾਵਰਨ ਵਿਚ ਰਹਿ ਰਹੇ ਹਾਂ। ਸਾਡੇ ਬੱਚੇ ਸਾਡੇ ਮੁਕਾਬਲੇ ਵੱਧ ਬੂਟਿਆਂ ਅਤੇ ਜਾਨਵਰਾਂ ਨਾਲ ਭਰਪੂਰ ਧਰਤੀ ਦਾ ਆਨੰਦ ਮਾਣਨਗੇ। ਇਹ ਸਨਅਤੀ ਇਨਕਲਾਬ ਵੱਲੋਂ ਪੇਸ਼ ਕੀਤਾ ਗਿਆ ਅਦਭੁਤ ਅਤੇ ਅਣਕਿਆਸਿਆ ਤੋਹਫਾ ਹੈ।*

ਇੱਥੇ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਐਕਸਨ ਕਾਰਪੋਰੇਸ਼ਨ ਨੂੰ ਆਪਣੀ ਖੁਦ ਦੀ ਖੋਜ ਤੋਂ 1980ਵਿਆਂ ਤੋਂ ਹੀ ਪਤਾ ਸੀ ਕਿ ਇਸ ਵੱਲੋਂ ਪੈਦਾ ਕੀਤੀਆਂ ਵਸਤਾਂ (ਤੇਲ, ਗੈਸ ਆਦਿ) ਜਲਵਾਯੂ ਵਿਚ ਤਬਦੀਲੀ ਲਿਆਉਣ ਦਾ ਮੁੱਖ ਕਾਰਨ ਹਨ। ਸੰਨ 1977 ਵਿਚ ਐਕਸਨ ਨਾਲ ਕੰਮ ਕਦੇ ਸੀਨੀਅਰ ਵਿਗਿਆਨੀ ਜੇਮਜ਼ ਐੱਫ ਬਲੈਕ ਨੇ ਐਕਸਨ ਦੀ ਮੈਨੇਜਮੈਂਟ ਨੂੰ ਦੱਸਿਆ ਸੀ ਕਿ "ਸਭ ਤੋਂ ਪਹਿਲਾਂ, ਵਿਗਿਆਨੀਆਂ ਵਿਚ ਇਹ ਆਮ ਸਹਿਮਤੀ ਹੈ ਕਿ ਜਿਸ ਢੰਗ ਨਾਲ ਮਨੁੱਖਤਾ ਵਿਸ਼ਵ ਦੇ ਜਲਵਾਯੂ ਨੂੰ ਪ੍ਰਭਾਵਤ ਕਰ ਰਹੀ ਹੈ, ਉਸ ਦਾ ਸਭ ਤੋਂ ਸੰਭਵ ਕਾਰਨ ਫੌਸਿਲ ਫਿਊਲ (fossil fuel ਖਣਿਜ ਪਦਾਰਥ ਤੋਂ ਪੈਦਾ ਹੋਣ ਵਾਲਾ ਬਾਲਣ-ਤੇਲ, ਗੈਸ ਆਦਿ) ਦੀ

ਵਰਤੋਂ ਕਾਰਨ ਜਲਵਾਯੂ ਵਿਚ ਛੱਡੀ ਜਾਣ ਵਾਲੀ ਕਾਰਬਨਡਾਇਔਕਸਾਈਡ ਹੈ।" ਉਸ ਤੋਂ ਬਾਅਦ ਐਕਸਨ ਨੇ ਆਲਮੀ ਤਪਸ਼ ਬਾਰੇ ਹੋਰ ਖੋਜ ਕਰਨ ਲਈ ਇਕ ਪ੍ਰੋਗਰਾਮ ਸਥਾਪਤ ਕੀਤਾ। ਜਦੋਂ ਇਸ ਪ੍ਰੋਗਰਾਮ ਵੱਲੋਂ ਕੀਤੀ ਖੋਜ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਫੌਸਿਲ ਫਿਊਲ ਦੀ ਵਰਤੋਂ ਨਾਲ ਆਲਮੀ ਤਪਸ਼ ਦਾ ਵਧਣਾ ਸੰਭਵ ਹੈ ਤਾਂ ਐਕਸਨ ਨੇ ਇਸ ਪ੍ਰੋਗਰਾਮ ਨੂੰ ਬੰਦ ਕਰ ਦਿੱਤਾ ਅਤੇ ਇਸ ਖੋਜ ਦੇ ਨਤੀਜਿਆਂ ਨੂੰ ਜਨਤਕ ਕਰਨ ਦੀ ਥਾਂ ਅੰਦਰੇ ਅੰਦਰ ਦੱਬ ਲਿਆ ਅਤੇ ਜਲਵਾਯੂ ਦੀ ਤਬਦੀਲੀ ਨਾਲ ਸੰਬੰਧਤ ਵਿਗਿਆਨਕ ਸਚਾਈ ਬਾਰੇ ਸ਼ੱਕ ਪੈਦਾ ਕਰਨ, ਇਸ ਸਚਾਈ ਤੋਂ ਮੁਨਕਰ ਹੋਣ ਵਾਲੇ ਥਿੰਕ ਟੈਂਕਾਂ, ਵਿਗਿਆਨੀਆਂ ਅਤੇ ਸਿਆਸਤਦਾਨਾਂ ਨੂੰ ਪੈਸੇ ਦੇਣ ਲੱਗੀ। ਬਾਅਦ ਵਿਚ ਜਦੋਂ ਇਹ ਸਚਾਈ ਦੁਨੀਆ ਦੇ ਸਾਹਮਣੇ ਆ ਗਈ ਤਾਂ ਸੰਨ 2007 ਵਿਚ ਐਕਸਨ-ਮੋਬਿਲ ਕਾਰਪੋਰੇਸ਼ਨ (ਸੰਨ 1999 ਵਿਚ ਐਕਸਨ ਅਤੇ ਮੋਬਿਲ ਕੰਪਨੀਆਂ ਦੇ ਇਕੱਠੇ ਹੋਣ ਬਾਅਦ ਬਣੀ ਕੰਪਨੀ) ਨੇ ਵਾਅਦਾ ਕੀਤਾ ਕਿ ਅੱਗੇ ਤੋਂ ਉਹ ਜਲਵਾਯੂ ਦੀ ਤਬਦੀਲੀ ਨਾਲ ਸੰਬੰਧਤ ਵਿਗਿਆਨ 'ਤੇ ਸ਼ੱਕ ਕਰਨ ਵਾਲਿਆ ਨੂੰ ਪੈਸੇ ਨਹੀਂ ਦੇਵੇਗੀ। ਪਰ ਬਾਅਦ ਵਿਚ ਛਪੀਆਂ ਰਿਪੋਰਟਾਂ ਦੱਸਦੀਆਂ ਹਨ ਕਿ ਐਕਸਨ-ਮੋਬਿਲ ਨੇ ਆਪਣਾ ਇਹ ਵਾਅਦਾ ਪੂਰਾ ਨਹੀਂ ਕੀਤਾ। 2007 ਤੋਂ ਬਾਅਦ ਵੀ ਉਹ ਜਲਵਾਯੂ ਵਿਚ ਤਬਦੀਲੀ ਨਾਲ ਸੰਬੰਧਤ ਵਿਗਿਆਨ ਬਾਰੇ ਸ਼ੱਕ ਪੈਦਾ ਕਰਨ ਵਾਲਿਆਂ ਨੂੰ ਪੈਸੇ ਦਿੰਦੀ ਆ ਰਹੀ ਹੈ। ਜੁਲਾਈ 2015 ਵਿਚ 'ਗਾਰਡੀਅਨ' ਵਿਚ ਛਪੇ ਇਕ ਆਰਟੀਕਲ ਅਨੁਸਾਰ ਇਹ ਵਾਅਦਾ ਕਰਨ ਤੋਂ ਅੱਠ ਸਾਲ ਬਾਅਦ ਐਕਸਨ ਮੋਬਿਲ ਨੇ ਜਲਵਾਯੂ ਵਿਚ ਤਬਦੀਲੀ ਦੀ ਵਿਗਿਆਨਕ ਸੱਚਾਈ ਤੋਂ ਮੁਨਕਰ ਹੋਣ ਵਾਲੇ ਅਮਰੀਕਾ ਦੀ ਕਾਂਗਰਸ ਦੇ ਮੈਂਬਰਾਂ ਅਤੇ ਲੌਬੀ ਗਰੁੱਪਾਂ ਨੂੰ 23 ਕਰੋੜ (2.3 ਮਿਲੀਅਨ) ਡਾਲਰ ਦਿੱਤੇ ਸਨ। ਵਸ਼ਿੰਗਟਨ, ਡੀ ਸੀ ਵਿਚ ਸਥਿਤ ਯੂਨੀਅਨ ਆਫ ਕਨਸਰਨਡ ਸਾਇੰਟਿਸਟਸ ਦੇ ਸੀਨੀਅਰ ਲੇਖਕ ਐਲੀਅਟ ਨੀਗਨ ਨੇ 27 ਅਕਤੂਬਰ 2021 ਨੂੰ ਛਪੇ ਆਪਣੇ ਇਕ ਆਰਟੀਕਲ ਵਿਚ ਲਿਖਿਆ ਹੈ ਕਿ ਐਕਸਨ ਮੋਬਿਲ ਜਲਵਾਯੂ ਦੀ ਸਾਇੰਸ ਤੋਂ ਮੁਨਕਰ ਹੋਣ ਵਾਲੇ ਥਿੰਕ ਟੈਂਕਾਂ ਅਤੇ ਐਡਵੋਕੇਸੀ ਗਰੁੱਪਾਂ ਨੂੰ ਪੈਸੇ ਦੇਣੇ ਜਾਰੀ ਰੱਖ ਰਹੀ ਹੈ ਅਤੇ ਸੰਨ 1998 ਤੋਂ ਲੈ ਕੇ ਹੁਣ ਤਕ ਇਸ ਨੇ ਇਸ ਤਰ੍ਹਾਂ ਦੇ ਲੋਕਾਂ ਨੂੰ 3.9 ਕ੍ਰੋੜ (39 ਮਿਲੀਅਨ) ਡਾਲਰ ਦਿੱਤੇ ਹਨ।

ਐਕਸਨ-ਮੌਬਿਲ ਤੋਂ ਬਿਨਾਂ ਹੋਰ ਤੇਲ ਕੰਪਨੀਆਂ ਨੂੰ ਵੀ ਕਾਫੀ ਸਮਾਂ ਪਹਿਲਾਂ ਇਸ ਗੱਲ ਦਾ ਪਤਾ ਸੀ ਕਿ ਤੇਲ ਦੀ ਵਰਤੋਂ ਕਾਰਨ ਪੈਦਾ ਹੁੰਦੀ ਕਾਰਬਨ ਡਾਈਔਕਸਾਈਡ ਜਲਵਾਯੂ ਵਿਚ ਤਬਦੀਲੀਆਂ ਦਾ ਕਾਰਨ ਬਣ ਸਕਦੀ ਹੈ। ਇਸ ਬਾਰੇ ਇਨਸਾਈਡ ਕਲਾਈਮੇਟ ਨਿਊਜ਼ ਦੀ ਸਾਈਟ 'ਤੇ 22 ਦਸੰਬਰ, 2015 ਨੂੰ ਨੀਨਾ ਬੈਨਰਜੀ ਦੇ ਛਪੇ ਇਕ ਆਰਟੀਕਲ ਵਿਚੋਂ ਕੁੱਝ ਜਾਣਕਾਰੀ ਪੇਸ਼ ਹੈ: ਸੰਨ 1979 ਅਤੇ 1983 ਵਿਚਕਾਰ ਅਮਰੀਕਨ ਪੈਟਰੋਲੀਅਮ ਇੰਸਟੀਚਿਊਟ ਅਤੇ ਹੋਰ ਕਈ ਤੇਲ ਕੰਪਨੀਆਂ ਨੇ ਰਲ਼ ਕੇ ਇਕ ਟਾਸਕ ਫੋਰਸ ਬਣਾਈ ਸੀ ਜਿਸ ਦਾ ਮਕਸਦ ਜਲਵਾਯੂ ਵਿਚ ਤਬਦੀਲੀਆਂ ਬਾਰੇ ਖੋਜ ਕਰਨਾ ਅਤੇ ਇਸ ਖੋਜ ਨੂੰ ਇਕ ਦੂਸਰੇ ਨਾਲ ਸਾਂਝੀ ਕਰਨਾ ਸੀ। ਇਸ ਗਰੁੱਪ ਦੇ ਮੈਂਬਰਾਂ ਵਿਚ ਤੇਲ ਅਤੇ ਗੈਸ ਨਾਲ ਸੰਬੰਧਤ ਅਮਰੀਕਾ ਦੀਆਂ ਅਤੇ ਬਹੁਕੌਮੀ ਵੱਡੀਆਂ ਕੰਪਨੀਆਂ ਦੇ ਸੀਨੀਅਰ ਵਿਗਿਆਨੀ ਅਤੇ ਇੰਜਨੀਅਰ ਸ਼ਾਮਲ ਸਨ। ਇਸ ਗਰੁੱਪ ਵਿਚ ਸ਼ਾਮਲ ਕੁੱਝ ਕੰਪਨੀਆਂ ਦੇ ਨਾਂ ਇਸ ਪ੍ਰਕਾਰ ਹਨ: ਐਕਸਨ, ਮੋਬਿਲ, ਐਮੋਕੋ, ਫਿਲਪਸ, ਟੈਕਸਾਕੋ, ਸ਼ੈੱਲ, ਸਨੋਕੋ, ਸੋਹੀਓ, ਸਟੈਂਡਰਡ ਆਇਲ ਅਤੇ ਗਲਫ ਆਇਲ। ਸੰਨ 1979 ਵਿਚ ਇਕ ਪੇਪਰ ਲੇਖਕ ਨੇ ਅਮਰੀਕਨ ਪੈਟਰੋਲੀਅਮ ਇੰਸਟੀਚਿਊਟ ਦੇ ਮੈਂਬਰਾਂ ਨੂੰ ਦੱਸਿਆ ਕਿ ਵਾਯੂਮੰਡਲ ਵਿਚ ਕਾਰਬਨ ਡਾਈਔਕਸਾਈਡ ਲਗਾਤਾਰ ਵਧ ਰਹੀ ਹੈ ਅਤੇ ਨੇੜ ਭਵਿੱਖ ਵਿਚ ਇਸ ਕਾਰਨ ਜਲਵਾਯੂ ਵਿਚ ਤਬਦੀਲੀ ਦੇ ਅਸਰ ਦੇਖੇ ਜਾ ਸਕਣਗੇ। ਇਸ ਦੇ ਨਾਲ ਹੀ ਇਸ ਸਮੇਂ ਅਮਰੀਕਨ ਪੈਟਰੌਲੀਅਮ ਇੰਸਟੀਚਿਊਟ ਦੇ ਮੈਂਬਰ ਇਸ ਵਿਚਾਰ ਨਾਲ ਸਹਿਮਤ

ਜਾਪਦੇ ਸਨ ਕਿ ਸ਼ਾਇਦ ਤੇਲ ਸਨਅਤ ਨੂੰ ਵਾਯੂਮੰਡਲ ਵਿਚ ਛੱਡੀ ਜਾ ਰਹੀ ਕਾਰਬਨ ਡਾਇਔਕਸਾਈਡ ਦੀ ਮਾਤਰਾ ਘਟਾਉਣ ਲਈ ਕੁੱਝ ਜ਼ਿੰਮੇਵਾਰੀ ਉਠਾਉਣੀ ਪਵੇਗੀ। ਇਸ ਜਾਣਕਾਰੀ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਹਨਾਂ ਤੇਲ ਕੰਪਨੀਆਂ ਨੂੰ ਵੀ 1979 ਤੋਂ ਪਤਾ ਸੀ ਕਿ ਉਹਨਾਂ ਦਾ ਉਤਪਾਦ, ਤੇਲ, ਵਾਯੂਮੰਡਲ ਵਿਚ ਕਾਰਬਨ ਡਾਈਔਕਸਾਈਡ ਵਧਾਉਣ ਅਤੇ ਜਲਵਾਯੂ ਵਿਚ ਤਬਦੀਲੀਆਂ ਲਿਆਉਣ ਲਈ ਜ਼ਿੰਮੇਵਾਰ ਹੈ। ਪਰ ਕੀ ਅਮਰੀਕਨ ਪੈਟਰੋਲੀਅਮ ਇੰਸਟੀਚਿਊਟ ਨੇ ਜਲਵਾਯੂ ਵਿਚ ਤਬਦੀਲੀਆਂ ਦੇ ਖਤਰੇ ਨੂੰ ਘਟਾਉਣ ਲਈ ਕੋਈ ਯਤਨ ਕੀਤੇ? ਜੁਆਬ ਹੈ, ਨਹੀਂ। ਨੀਨਾ ਬੈਨਰਜੀ ਦੇ ਉਪਰੋਕਤ ਆਰਟੀਕਲ ਅਨੁਸਾਰ, 1990ਵਿਆਂ ਵਿਚ ਅਮਰੀਕਨ ਪੈਟਰੋਲੀਅਮ ਇੰਸਟੀਚਿਊਟ ਗਲੋਬਲ ਕਲਾਈਮੇਟ ਕੋਆਲੀਸ਼ਨ (Global Climate Coalition GCC) ਦਾ ਮੈਂਬਰ ਬਣ ਗਿਆ। ਗਲੋਬਲ ਕਲਾਈਮੇਟ ਕੋਆਲੀਸ਼ਨ ਦੇ ਮੈਂਬਰਾਂ ਵਿਚ ਐਕਸਨ ਅਤੇ ਤੇਲ ਦੀ ਸਨਅਤ ਨਾਲ ਸੰਬੰਧਤ ਹੋਰ ਕੰਪਨੀਆਂ ਅਤੇ ਹੋਰ ਤੇਲ ਉਤਪਾਦਕ ਸ਼ਾਮਲ ਸਨ ਅਤੇ ਇਸ ਕੋਆਲੀਸ਼ਨ ਦਾ ਮਕਸਦ ਅੰਤਰਰਾਸ਼ਟਰੀ ਪੱਧਰ 'ਤੇ ਗਰੀਨ ਹਾਊਸ ਗੈਸਾਂ (ਧਰਤੀ 'ਤੇ ਗਰਮੀ ਨੂੰ ਰੋਕ ਕੇ ਰੱਖਣ ਵਾਲੀਆਂ ਗੈਸਾਂ) ਦੀ ਮਾਤਰਾ ਨੂੰ ਘਟਾਉਣ ਲਈ ਕੀਤੇ ਜਾ ਰਹੇ ਯਤਨਾਂ ਨੂੰ ਲੀਹੋਂ ਲਾਹੁਣਾ ਸੀ। 1997 ਵਿਚ ਕਿਓਟੋ ਪ੍ਰੋਟੋਕਲ ਵਿਚ ਇਹ ਮਤਾ ਅਪਣਾਇਆ ਗਿਆ ਸੀ ਕਿ ਦੁਨੀਆ ਦੇ ਦੇਸ਼ਾਂ ਵੱਲੋਂ ਫੌਸਿਲ ਫਿਊਲ ਦੀ ਵਰਤੋਂ ਕਾਰਨ ਪੈਦਾ ਹੋਣ ਵਾਲੀਆਂ ਗੈਸਾਂ ਦੀ ਮਾਤਰਾ ਨੂੰ ਘਟਾਇਆ ਜਾਵੇ। ਇਸ ਤੋਂ ਇਕ ਸਾਲ ਬਾਅਦ ਸੰਨ 1998 ਵਿਚ ਅਮਰੀਕਨ ਪੈਟਰੋਲੀਅਮ ਇੰਸਟੀਚਿਊਟ ਨੇ ਅਮਰੀਕਾ ਦੇ ਲੋਕਾਂ ਅਤੇ ਕਾਨੂੰਨ ਬਣਾਉਣ ਵਾਲਿਆਂ ਨੂੰ ਇਹ ਮਨਾਉਣ ਲਈ ਇਕ ਮੁਹਿੰਮ ਚਲਾਈ ਕਿ ਜਲਵਾਯੂ ਨਾਲ ਸੰਬੰਧਤ ਸਾਇੰਸ ਕਾਫੀ ਕੱਚੀ ਹੈ ਅਤੇ ਇਸ ਲਈ ਅਮਰੀਕਾ ਨੂੰ ਕਿਓਟੋ ਪ੍ਰੋਟੋਕੋਲ ਦੀ ਸੰਧੀ ਦੀ ਪੁਸ਼ਟੀ ਨਹੀਂ ਕਰਨੀ ਚਾਹੀਦੀ। ਅਮਰੀਕਨ ਪੈਟਰੋਲੀਅਮ ਇੰਸਟੀਚਿਊਟ ਵੱਲੋਂ ਗਰੁੱਪ ਵਿਚ ਅੰਦਰੂਨੀ ਤੌਰ 'ਤੇ ਵੰਡੀ ਜਾਣਕਾਰੀ ਵਿਚ ਕਿਹਾ ਗਿਆ *"ਜਦੋਂ ਤਕ 'ਜਲਵਾਯੂ ਵਿਚ ਤਬਦੀਲੀ' ਇਕ ਨੌਨ-ਇਸ਼ੂ ਨਹੀਂ ਬਣ ਜਾਂਦਾ, ਭਾਵ ਜਦੋਂ ਤਕ ਕਿਓਟੋ ਪ੍ਰੋਟੋਕੋਲ ਦੀ ਹਾਰ ਨਹੀਂ ਹੁੰਦੀ ਅਤੇ ਜਲਵਾਯੂ ਦੀ ਤਬਦੀਲੀ ਦੇ ਖਤਰੇ ਨੂੰ ਘਟਾਉਣ ਲਈ ਕੋਈ ਵੀ ਹੋਰ ਉਦਮ ਸਾਹਮਣੇ ਨਹੀਂ ਰਹਿੰਦਾ, ਉਦੋਂ ਤਕ ਸਾਡੇ ਯਤਨਾਂ ਨੂੰ ਜੇਤੂ ਕਰਾਰ ਦੇਣ ਦਾ ਸਮਾਂ ਨਹੀਂ ਆਏਗਾ।"* ਅਮਰੀਕਨ ਪੈਟਰੋਲੀਅਮ ਇੰਸਟੀਚਿਊਟ ਅਤੇ ਗਲੋਬਲ ਕਲਾਈਮੇਟ ਕੋਆਲੀਸ਼ਨ ਲਈ ਜਿੱਤ ਦਾ ਪਲ ਉਸ ਸਮੇਂ ਆ ਗਿਆ ਜਦੋਂ ਜੌਰਜ ਡਬਲਿਊ ਬੁਸ਼ ਨੇ ਅਮਰੀਕਾ ਨੂੰ ਕਿਓਟੋ ਐਗਰੀਮੈਂਟ ਤੋਂ ਵੱਖ ਕਰ ਲਿਆ। ਬੁਸ਼ ਦੇ ਇਸ ਫੈਸਲੇ ਤੋਂ ਬਾਅਦ ਅਮਰੀਕਾ ਦੇ ਸਟੇਟ ਡਿਪਾਰਟਮੈਂਟ ਦੇ ਇਕ ਉੱਚ ਅਧਿਕਾਰੀ ਨੇ ਗਲੋਬਲ ਕਲਾਈਮੇਟ ਕੋਆਲੀਸ਼ਨ ਦਾ ਧੰਨਵਾਦ ਕੀਤਾ, ਕਿਉਂਕਿ ਉਸ ਅਨੁਸਾਰ, ਕਿਓਟੋ ਪ੍ਰੋਟੋਕੋਲ ਤੋਂ ਪਿੱਛੇ ਹਟਣ ਦੇ ਬੁਸ਼ ਦੇ ਫੈਸਲੇ ਵਿਚ ਕੁੱਝ ਹੱਦ ਤਕ ਗਲੋਬਲ ਕਲਾਈਮੇਟ ਕੋਆਲੀਸ਼ਨ ਦੀ ਰਾਇ ਦੀ ਵੀ ਭੂਮਿਕਾ ਸੀ।

ਜਲਵਾਯੂ ਵਿਚ ਤਬਦੀਲੀਆਂ ਨਾਲ ਸੰਬੰਧਤ ਸਾਇੰਸ ਨੂੰ ਝੁਠਲਾਉਣ, ਉਸ 'ਤੇ ਸ਼ੰਕੇ ਖੜ੍ਹੇ ਕਰਨ ਅਤੇ ਉਸ ਦੇ ਮੁਕਾਬਲੇ ਝੂਠੀ ਜਾਣਕਾਰੀ ਪੈਦਾ ਕਰਨ ਦੇ ਮਕਸਦ ਨਾਲ ਥਿੰਕ ਟੈਂਕਾਂ, ਵਿਦਿਅਕ ਅਤੇ ਖੋਜ ਸੰਸਥਾਵਾਂ ਆਦਿ ਨੂੰ ਵੱਡੀ ਮਾਤਰਾ ਵਿਚ ਪੈਸੇ ਦੇਣ ਵਾਲਿਆਂ ਦੇ ਖੇਤਰ ਵਿਚ ਅਗਲੀ ਉਦਾਹਰਨ ਅਮਰੀਕਾ ਸਥਿਤ ਬਹੁਕੌਮੀ ਕਾਰਪੋਰੇਸ਼ਨ ਕੋਕ ਇੰਡਸਟਰੀਜ਼ ਦੀ ਹੈ। ਇਸ ਕਾਰਪੋਰੇਸ਼ਨ ਬਾਰੇ ਦਿੱਤੀ ਜਾ ਰਹੀ ਜਾਣਕਾਰੀ ਓਕਬਾਜ਼ਗੀ ਦੀ ਕਿਤਾਬ *ਦੀ ਬਾਇਓਫਿਊਲ ਡਿਸੈਪਸ਼ਨ* ਅਤੇ ਗਰੀਨ ਪੀਸ ਵੱਲੋਂ 2010 ਵਿਚ ਛਪੀ ਰਿਪੋਰਟ *ਕੋਕ ਇੰਡਸਟਰੀਜ਼ ਸੀਕਰੇਟਲੀ ਫੰਡਿੰਗ ਦੀ ਕਲਾਈਮੇਟ ਡਿਨਾਇਲ ਮਸ਼ੀਨ Coch Industries secretly funding the Climate Denial Machine* ਵਿਚੋਂ ਲਈ ਗਈ ਹੈ। ਕੋਕ ਇੰਡਸਟਰੀਜ਼ ਦਾ ਹੈਡਕੁਆਰਟਰ ਅਮਰੀਕਾ ਦੇ ਕੈਨਸਸ ਸੂਬੇ ਦੇ ਸ਼ਹਿਰ ਵਿਚਿਟਾ ਵਿਚ ਹੈ। ਮੁੱਖ ਤੌਰ 'ਤੇ ਪੈਟਰੋਲੀਅਮ ਅਤੇ

ਕੈਮੀਕਲ ਦੇ ਖੇਤਰ ਵਿਚ ਸਰਗਰਮ ਕੋਕ ਇੰਡਸਟਰੀਜ਼ 60 ਦੇ ਕਰੀਬ ਦੇਸ਼ਾਂ ਵਿਚ ਕਾਰੋਬਾਰ ਕਰਦੀ ਹੈ ਅਤੇ ਇਸ ਦੇ ਉਤਪਾਦਾਂ ਦੀ ਸਾਲਾਨਾ ਵਿਕਰੀ 115 ਅਰਬ (ਬਿਲੀਅਨ ਡਾਲਰ) ਦੇ ਕਰੀਬ ਹੈ ਅਤੇ ਇਸ ਦੇ ਇਕ ਲੱਖ ਦੇ ਕਰੀਬ ਕਰਮਚਾਰੀ ਹਨ। ਇਕੱਲੇ ਅਮਰੀਕਾ ਵਿਚ ਇਸ ਕੋਲ਼ 4 ਤੇਲ ਸਾਫ ਕਰਨ ਵਾਲੀਆਂ ਰਿਫਾਈਨਰੀਆਂ, ਛੇ ਐਥਾਨੌਲ ਪੈਦਾ ਕਰਨ ਵਾਲੇ ਪਲਾਂਟ, ਇਕ ਗੈਸ ਨਾਲ ਬਿਜਲੀ ਪੈਦਾ ਕਰਨ ਵਾਲਾ ਪਲਾਂਟ, ਅਤੇ 4000 ਮੀਲ ਲੰਬੀ ਪਾਈਪ ਲਾਈਨ ਹੈ। ਸੰਨ 1990ਵਿਆਂ ਤੋਂ ਲੈ ਕੇ ਕੈਨੇਡਾ ਦੇ ਸੂਬੇ ਅਲਬਰਟਾ ਵਿਚਲੇ ਟਾਰ ਸੈਂਡਜ਼ ਦੀਆਂ ਕਈ ਲੀਜ਼ਾਂ ਇਸ ਕੋਲ਼ ਹਨ ਅਤੇ ਇਹ ਕੈਨੇਡਾ ਤੋਂ ਅਮਰੀਕਾ ਦੇ ਸੂਬਿਆਂ ਮਿਨੀਸੋਟਾ ਅਤੇ ਵਿਸਕੋਨਸਿਨ ਤਕ ਕਰੂਡ ਓਇਲ ਲਿਜਾਣ ਵਾਲੀ 'ਕੋਕ ਪਾਈਪ ਲਾਈਨ ਕੰਪਨੀ' ਦੀ ਮਾਲਕ ਹੈ।

ਕੋਕ ਇੰਡਸਟਰੀਜ਼ ਵੱਲੋਂ ਵਾਤਾਵਰਨ ਵਿਚ ਪ੍ਰਦੂਸ਼ਨ ਫੈਲਾਉਣ ਅਤੇ ਵਾਤਾਵਰਨ ਦੇ ਬਚਾਅ ਲਈ ਬਣਾਏ ਕਾਨੂੰਨਾਂ ਦੀ ਉਲੰਘਣਾ ਕਰਨ ਦਾ ਇਕ ਲੰਬਾ ਰਿਕਾਰਡ ਹੈ। ਉਦਾਹਰਨ ਲਈ ਸੰਨ 2009 ਵਿਚ ਅਮਰੀਕਾ ਦੇ ਜਸਟਿਸ ਡਿਪਾਰਟਮੈਂਟ ਅਤੇ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ਨੇ ਐਲਾਨ ਕੀਤਾ ਸੀ ਕਿ ਕੋਕ ਇੰਡਸਟਰੀਜ਼ ਦੀ ਇਕ ਮਾਤਹਿਤ (ਸਬਸਿਡਰੀ) ਕੰਪਨੀ ਇਨਵਿਸਟਾ ਨੂੰ ਕਈ ਸੂਬਿਆਂ ਵਿਚ ਵਾਤਾਵਰਨ ਦੇ ਕਾਨੂੰਨਾਂ ਦੀਆਂ ਕੀਤੀਆਂ ਉਲੰਘਣਾਵਾਂ ਕਾਰਨ 17 ਲੱਖ (1.7 ਮਿਲੀਅਨ) ਡਾਲਰ ਦੀ ਪੈਨਲਟੀ ਦੇਣੀ ਪਏਗੀ ਅਤੇ 50 ਕਰੋੜ (500 ਮਿਲੀਅਨ) ਡਾਲਰ ਉਹਨਾਂ ਉਲੰਘਣਾਵਾਂ ਨੂੰ ਠੀਕ ਕਰਨ ਲਈ ਖਰਚਣੇ ਪੈਣਗੇ। ਦਸੰਬਰ 2009 ਵਿਚ ਕੋਕ ਇੰਡਸਟਰੀਜ਼ ਦੀ ਇਕ ਪਾਈਪ ਲਾਈਨ ਵਿਚੋਂ ਮਿਨੀਸੋਟਾ ਸੂਬੇ ਦੇ ਸ਼ਹਿਰ ਫਿਲਬੁਰੱਕ ਵਿਖੇ 2 ਲੱਖ 10 ਹਜ਼ਾਰ ਗੈਲਨ ਕੱਚਾ ਤੇਲ (ਕਰੂਡ ਆਇਲ) ਲੀਕ ਹੋਇਆ ਸੀ ਅਤੇ ਸੰਨ 2005 ਵਿਚ ਇਕ ਹੋਰ ਦੁਰਘਟਨਾ ਦੌਰਾਨ ਮਿਨੀਸੋਟਾ ਵਿਚ ਹੀ ਲਿਟਲ ਫਾਲਜ਼ ਵਿਖੇ 1 ਲੱਖ ਗੈਲਨ ਕੱਚਾ ਤੇਲ ਲੀਕ ਹੋਇਆ ਸੀ। ਸੰਨ 2000 ਵਿਚ ਅਮਰੀਕਾ ਦੀ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ਨੇ ਤੇਲ ਲੀਕ ਹੋਣ ਦੀਆਂ 300 ਘਟਨਾਵਾਂ ਕਾਰਨ ਕੋਕ ਇੰਡਸਟਰੀਜ਼ ਨੂੰ 3 ਕਰੋੜ (30 ਮਿਲੀਅਨ) ਡਾਲਰ ਦਾ ਜੁਰਮਾਨਾ ਕੀਤਾ ਸੀ। ਤੇਲ ਲੀਕ ਹੋਣ ਦੀਆਂ ਇਹਨਾਂ ਘਟਨਾਵਾਂ ਦੌਰਾਨ 3 ਕਰੋੜ (30 ਮਿਲੀਅਨ) ਗੈਲਨ ਕੱਚਾ ਤੇਲ ਤਲਾਵਾਂ, ਝੀਲਾਂ, ਨਦੀਆਂ/ਨਾਲਿਆਂ ਅਤੇ ਸਮੁੰਦਰੀ ਤੱਟ ਨਾਲ ਲਗਦੇ ਪਾਣੀਆਂ ਵਿਚ ਲੀਕ ਹੋਇਆ ਸੀ।

ਵਾਤਾਵਰਨ ਵਿਚ ਇਸ ਤਰ੍ਹਾਂ ਦਾ ਪ੍ਰਦੂਸ਼ਣ ਫੈਲਾਉਣਾ ਕੋਕ ਇੰਡਸਟਰੀਜ਼ ਦੇ ਕਾਰੋਬਾਰ ਦਾ ਇਕ ਅਨਿੱਖੜਵਾਂ ਹਿੱਸਾ ਹੈ। ਉਹ ਇਹ ਸਭ ਕੁੱਝ ਕਰਨਾ ਤਾਂ ਹੀ ਜਾਰੀ ਰੱਖ ਸਕਦੇ ਹਨ ਜੇ ਵਾਤਾਵਰਨ ਦੇ ਬਚਾਅ ਲਈ ਬਣਾਏ ਗਏ ਕਾਨੂੰਨ ਕਮਜ਼ੋਰ ਹੋਣ ਜਾਂ ਹੋਂਦ ਵਿਚ ਹੀ ਨਾ ਆਉਣ। ਇਹਨਾਂ ਕਾਨੂੰਨਾਂ ਨੂੰ ਕਮਜ਼ੋਰ ਕਰਨ ਜਾਂ ਹੋਂਦ ਵਿਚ ਆਉਣ ਤੋਂ ਰੋਕਣ ਦੇ ਕਈ ਢੰਗਾਂ ਵਿਚੋਂ ਇਕ ਢੰਗ ਇਹ ਹੈ ਕਿ ਵਾਤਾਵਰਨ ਦੇ ਸੰਕਟ ਨਾਲ ਸੰਬੰਧਤ ਤੱਥਾਂ ਅਤੇ ਸਾਇੰਸ ਨੂੰ ਝੁਠਲਾਇਆ ਜਾਵੇ, ਉਹਨਾਂ ਦੇ ਬਰਾਬਰ ਝੂਠੇ ਤੱਥ ਅਤੇ ਜਾਣਕਾਰੀ ਖੜ੍ਹੀ ਕਰ ਕੇ ਉਹਨਾਂ ਬਾਰੇ ਸ਼ੱਕ ਪੈਦਾ ਕੀਤੀ ਜਾਵੇ। ਅਜਿਹਾ ਕਰਨ ਲਈ ਕੋਕ ਇੰਡਸਟਰੀਜ਼ ਬਹੁਤ ਸਾਰੇ ਅਜਿਹੇ ਥਿੰਕ ਟੈਂਕਾਂ, ਖੋਜ ਸੰਸਥਾਵਾਂ, ਅਤੇ ਵਿਦਿਅਕ ਸੰਸਥਾਵਾਂ ਨੂੰ ਫੰਡ ਦਿੰਦੀ ਹੈ ਜੋ ਵਾਤਾਵਰਨ ਅਤੇ ਜਲਵਾਯੂ ਵਿਚ ਤਬਦੀਲੀਆਂ ਨਾਲ ਸੰਬੰਧਤ ਸਾਇੰਸ ਵਿਚ ਯਕੀਨ ਨਹੀਂ ਕਰਦੇ। ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਸੰਨ 1997 ਵਿਚ ਵਾਤਾਵਰਨ ਦੇ ਸੰਕਟ ਬਾਰੇ ਅੰਤਰਰਾਸ਼ਟਰੀ ਪੱਧਰ 'ਤੇ ਕਿਓਟੋ ਪ੍ਰੋਟੋਕਲ ਨਾਂ ਹੇਠ ਇਕ ਗੱਲਬਾਤ ਹੋਈ ਸੀ ਅਤੇ ਵਾਤਾਵਰਨ ਦੇ ਸੰਕਟ ਦਾ ਮੁੱਦਾ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਦਾ ਕੇਂਦਰ ਬਣਿਆ ਸੀ। ਉਸ ਸਾਲ ਤੋਂ ਹੀ ਕਾਰਪੋਰੇਸ਼ਨਾਂ ਵੱਲੋਂ ਜਲਵਾਯੂ ਨਾਲ ਸੰਬੰਧਤ ਤਬਦੀਲੀਆਂ ਦਾ ਵਿਰੋਧ ਕਰਨ ਦਾ ਕਾਰਜ ਤਿੱਖਾ ਹੋ ਗਿਆ ਸੀ। ਉਦਾਹਰਨ ਲਈ ਸੰਨ 1997 ਤੋਂ ਲੈ ਕੇ ਸੰਨ 2008 ਤਕ ਕੋਕ ਇੰਡਸਟਰੀਜ਼ ਦੇ ਮਾਲਕ ਭਰਾਵਾਂ ਵੱਲੋਂ ਸਥਾਪਤ ਕੀਤੀ ਕੋਕ ਫਾਊਂਡੇਸ਼ਨ ਨੇ

ਜਲਵਾਯੂ ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲੇ ਗਰੁੱਪਾਂ ਨੂੰ 4.8 ਕਰੋੜ (48 ਮਿਲੀਅਨ) ਡਾਲਰ ਦੇ ਫੰਡ ਦਿੱਤੇ ਸਨ। ਇਹਨਾਂ ਗਰੁੱਪਾਂ ਦਾ ਕੰਮ ਊਰਜਾ ਦੇ ਸਾਫ ਸ੍ਰੋਤਾਂ ਅਤੇ ਜਲਵਾਯੂ ਨਾਲ ਸੰਬੰਧਤ ਸਾਇੰਸ ਅਤੇ ਨੀਤੀਆਂ ਵਿਰੁੱਧ ਗ਼ਲਤ ਅਤੇ ਗੁਮਰਾਹ ਕਰੂ ਜਾਣਕਾਰੀ ਪੈਦਾ ਕਰਨਾ ਅਤੇ ਫੈਲਾਉਣਾ ਸੀ। ਉਦਾਹਰਨ ਲਈ ਅਮਰੀਕਾ ਦੇ ਸੂਬੇ ਵਿਰਜੀਨੀਆ ਵਿਚ ਸਥਿਤ ਜੋਰਜ ਮੇਸਨ ਯੂਨੀਵਰਸਟੀ ਨਾਲ ਸੰਬੰਧਤ ਮਰਕੇਟਸ ਸੈਂਟਰ ਨੂੰ ਕੋਕ ਫਾਊਂਡੇਸ਼ਨ ਵੱਲੋਂ ਸੰਨ 1997 -2008 ਵਿਚਕਾਰ 98 ਲੱਖ 74 ਹਜ਼ਾਰ 5 ਸੌ (9.87 ਮਿਲੀਅਨ) ਡਾਲਰ ਦੇ ਫੰਡ ਪ੍ਰਾਪਤ ਹੋਏ ਸਨ। ਸੰਨ 2001 ਵਿਚ ਇਸ ਸੈਂਟਰ ਨੇ ਸਲਾਹ ਦਿੱਤੀ ਸੀ ਕਿ ਆਲਮੀ ਤਪਸ਼ "ਰਾਤ ਨੂੰ, ਸਿਆਲਾਂ ਵਿਚ ਅਤੇ ਧਰੁਵਾਂ 'ਤੇ ਵਾਪਰੇਗੀ ਅਤੇ ਫਾਇਦੇਮੰਦ ਹੋਵੇਗੀ"। ਸੰਨ 2009 ਵਿਚ ਉਹਨਾਂ ਨੇ ਇਹ ਤਾਂ ਮੰਨ ਲਿਆ ਕਿ ਆਲਮੀ ਤਪਸ਼ ਮਨੁੱਖੀ ਸਰਗਰਮੀਆਂ ਕਾਰਨ ਹੁੰਦੀ ਹੈ ਅਤੇ ਇਸ ਨਾਲ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਪਰ ਆਪਣੀਆਂ ਸਿਫਾਰਸ਼ਾਂ ਵਿਚ ਇਹ ਕਿਹਾ ਕਿ ਇਸ ਨੂੰ ਪੈਦਾ ਕਰਨ ਵਾਲੀਆਂ ਗੈਸਾਂ ਦੇ ਫੈਲਾਅ ਨੂੰ ਘਟਾਉਣ ਲਈ ਕੁੱਝ ਵੀ ਕਰਨ ਦੀ ਲੋੜ ਨਹੀਂ ਹੈ। ਜਦੋਂ ਜੌਰਜ ਡਬਲਿਊ ਬੁਸ਼ ਅਮਰੀਕਾ ਦਾ ਪ੍ਰੈਜ਼ੀਡੈਂਟ ਬਣਿਆ ਤਾਂ ਇਸ ਸੈਂਟਰ ਨੇ ਅਮਰੀਕਾ ਦੇ ਸੋਸ਼ਲ ਸਿਕਿਉਰਟੀ ਪ੍ਰੋਗਰਾਮ ਨੂੰ ਨਿੱਜੀ ਹੱਥਾਂ ਵਿਚ ਦੇਣ, ਟੈਕਸਾਂ ਵਿਚ ਹੋਰ ਕਟੌਤੀਆ ਕਰਨ, ਅਮਰੀਕਾ ਦੀ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ਨੂੰ ਖਤਮ ਕਰਨ ਅਤੇ ਸਰਕਾਰ ਦੀ ਸਹਾਇਤਾ ਨਾਲ ਚਲਦੇ ਵੈਲਫੇਅਰ ਸਿਸਟਮ ਅਤੇ ਮੈਡੀਕੇਅਰ ਨੂੰ ਖਤਮ ਕਰਨ ਵਰਗੀਆਂ ਸਿਫਾਰਸ਼ਾਂ ਕੀਤੀਆਂ। ਬੁਸ਼ ਨੇ ਇਸ ਸੈਂਟਰ ਨਾਲ ਕੰਮ ਕਰਦੀ ਅਤੇ ਜਨਤਕ ਹਿਤਾਂ ਲਈ ਬਣਾਏ ਜਾਣ ਵਾਲੇ ਕਾਨੂੰਨਾਂ (ਰੈਗੂਲੇਸ਼ਨ) ਦੀ ਕੱਟੜ ਵਿਰੋਧੀ ਸੂਜ਼ਨ ਡੂਡਲੀ ਨੂੰ ਆਪਣੇ ਪ੍ਰਸ਼ਾਸਨ ਵਿਚ ਇਕ ਵੱਡੇ ਅਹੁਦੇ, ਆਫਿਸ ਆਫ ਮੈਨੇਜਮੈਂਟ ਐਂਡ ਬੱਜਟ ਵਿਚ ਐਡਮਿਨਸਟ੍ਰੇਟਰ ਆਫ ਦੀ ਆਫਿਸ ਆਫ ਇਨਫਰਮੇਸ਼ਨ ਐਂਡ ਰੈਗੂਲੇਟਰੀ ਅਫੇਅਰਜ਼, 'ਤੇ ਤੈਨਾਤ ਕੀਤਾ ਸੀ। ਇਸੇ ਹੀ ਤਰ੍ਹਾਂ ਸੰਨ 1997 ਅਤੇ 2008 ਵਿਚਕਾਰ 'ਫੈਡਰਲਿਸਟ ਸੁਸਾਇਟੀ ਫਾਰ ਲਾਅ ਅਤੇ ਪਬਲਿਕ ਸਟੱਡੀਜ਼' ਨੂੰ ਕੋਕ ਫਾਊਂਡੇਸ਼ਨ ਵੱਲੋਂ 17.5 ਲੱਖ (1.75 ਮਿਲੀਅਨ) ਡਾਲਰ ਦੇ ਫੰਡ ਦਿੱਤੇ ਗਏ ਸਨ। ਇਹ ਸੁਸਾਇਟੀ ਵੀ ਆਲਮੀ ਤਪਸ਼ ਬਾਰੇ ਕੁੱਝ ਵੀ ਨਾ ਕਰਨ ਦੀ ਸਿਫਾਰਸ਼ ਕਰਦੀ ਹੈ। ਇਸ ਸੁਸਾਇਟੀ ਅਨੁਸਾਰ "ਆਲਮੀ ਤਪਸ਼ ਇਕ ਅੰਦਾਜ਼ੇ ਤੋਂ ਵਧ ਕੇ ਕੁੱਝ ਨਹੀਂ ਹੈ। ਇਹ ਅੰਦਾਜ਼ਾ ਉਹਨਾਂ ਵਿਗਿਆਨੀਆਂ ਵੱਲੋਂ ਲਾਇਆ ਜਾ ਰਿਹਾ ਹੈ ਜੋ ਅਜੇ ਵੀ ਇਸ ਗੱਲ 'ਤੇ ਬਹਿਸ ਕਰ ਰਹੇ ਹਨ ਕਿ ਡਾਈਨੋਸੋਰਾਂ ਨਾਲ ਕੀ ਵਾਪਰਿਆ ਸੀ। ਸ਼ਾਇਦ ਸਾਨੂੰ ਉਹਨਾਂ ਲੋਕਾਂ 'ਤੇ ਅੰਨ੍ਹਾ-ਯਕੀਨ ਕਰਨ ਤੋਂ ਪਹਿਲਾਂ ਧਿਆਨ ਨਾਲ ਸੋਚਣਾ ਚਾਹੀਦਾ ਹੈ ਕਿ ਜਿਹੜੇ ਗੱਡੀ ਦੇ ਇੰਜਨਾਂ ਜਿੱਡੇ ਜਿੱਡੇ ਕਰੋੜਾਂ ਜੀਵਾਂ ਦੇ ਖਤਮ ਹੋ ਜਾਣ ਬਾਰੇ ਨਹੀਂ ਦੱਸ ਸਕਦੇ।"

ਕੋਕ ਫਾਊਂਡੇਸ਼ਨ ਯੂਨੀਵਰਸਿਟੀਆਂ ਅਤੇ ਹੋਰ ਵਿਦਿਅਕ ਅਦਾਰਿਆਂ ਨੂੰ ਫੰਡ ਦੇਣ ਸਮੇਂ ਇਹ ਮੰਗ ਕਰਦੀ ਹੈ ਕਿ ਫਾਊਂਡੇਸ਼ਨ ਦੀ ਮਾਇਕ ਸਹਾਇਤਾ ਨਾਲ ਹੋਂਦ ਵਿਚ ਆਈਆਂ ਨੌਕਰੀਆਂ 'ਤੇ ਕਿਸ ਨੂੰ ਰੱਖਣਾ ਹੈ, ਇਸ ਗੱਲ ਦਾ ਫੈਸਲਾ ਫਾਊਂਡੇਸ਼ਨ ਕਰੇਗੀ। ਇਸ ਤੋਂ ਬਿਨਾਂ ਕੋਕ ਫਾਊਂਡੇਸ਼ਨ ਸਰਕਾਰ ਵਿਚ ਕੰਮ ਕਰਦੀ ਅਫਸਰਸ਼ਾਹੀ ਨੂੰ ਆਪਣੀ ਵਿਚਾਰਧਾਰਾ ਤੋਂ ਪ੍ਰਭਾਵਤ ਕਰਨ ਲਈ ਵਕੀਲਾਂ, ਜੱਜਾਂ, ਸੈਨੇਟਰਾਂ, ਕਾਂਗਰਸ ਦੇ ਮੈਂਬਰਾਂ, ਬੁੱਧੀਜੀਵੀਆਂ ਅਤੇ ਇਸ ਤਰ੍ਹਾਂ ਦੇ ਹੋਰ ਲੋਕਾਂ ਲਈ ਕਾਨੂੰਨ, ਅਰਥਸ਼ਾਸਤਰ, ਸਿਆਸਤ ਅਤੇ ਹੋਰ ਵਿਸ਼ਿਆਂ ਬਾਰੇ ਕਾਨਫਰੰਸਾਂ, ਸੈਮੀਨਾਰਾਂ, ਆਦਿ ਦਾ ਪ੍ਰਬੰਧ ਵੀ ਕਰਦੀ ਹੈ। ਜਾਪਦਾ ਹੈ ਕਿ ਇਹਨਾਂ ਸੈਮੀਨਾਰਾਂ ਅਤੇ ਕਾਨਫਰੰਸਾਂ ਤੋਂ ਜਾਣਕਾਰੀ ਪ੍ਰਾਪਤ ਲੋਕ ਕੋਕ ਇੰਡਸਟਰੀਜ਼ ਦੀਆਂ ਵਾਤਾਵਰਨ ਵਿਰੋਧੀ ਗਤੀਵਿਧੀਆਂ ਦਾ ਸਮਰਥਨ ਕਰਨ ਵਿਚ ਆਪਣਾ ਬਣਦਾ ਯੋਗਦਾਨ ਪਾਉਂਦੇ ਰਹਿੰਦੇ ਹਨ। ਉਦਾਹਰਨ ਲਈ ਜਦੋਂ ਅਮਰੀਕਾ ਦੀ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ਨੇ ਤੇਲ ਸਾਫ ਕਰਨ ਦੀਆਂ

ਰਿਫਾਈਨਰੀਆਂ ਵਿਚੋਂ ਪੈਦਾ ਹੋਣ ਵਾਲੀ ਓਜ਼ੋਨ ਬਾਰੇ ਕਾਨੂੰਨ ਬਣਾਉਣ ਦਾ ਯਤਨ ਕੀਤਾ ਤਾਂ ਕੋਕ ਇੰਡਸਟਰੀਜ਼ ਦੇ ਵਕੀਲ ਨੇ ਅਦਾਲਤ ਅੱਗੇ ਦਲੀਲ ਦਿੱਤੀ ਕਿ ਸਮੋਗ (ਇੰਡਸਟਰੀਆਂ ਕਾਰਨ ਪੈਦਾ ਹੋਣ ਵਾਲੇ ਧੂੰਏਂ ਅਤੇ ਪ੍ਰਦੂਸ਼ਣ ਤੋਂ ਚੜ੍ਹਨ ਵਾਲੀ ਧੁੰਦ) ਦੇ ਬਹੁਤ ਸਾਰੇ ਫਾਇਦੇ ਹਨ ਕਿਉਂਕਿ ਇਹ ਧੁੱਪ ਨੂੰ ਰੋਕਦੀ ਹੈ ਅਤੇ ਲੋਕਾਂ ਵਿਚ ਕੈਂਸਰ ਹੋਣ ਦੀ ਦਰ ਨੂੰ ਘਟਾਉਂਦੀ ਹੈ ਅਤੇ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ਨੇ ਸਮੋਗ ਦੇ ਇਹਨਾਂ ਫਾਇਦਿਆਂ ਨੂੰ ਧਿਆਨ ਵਿਚ ਨਹੀਂ ਰੱਖਿਆ। ਅਦਾਲਤ ਵਿਚ ਜੱਜ ਨੇ ਕੋਕ ਇੰਡਸਟਰੀਜ਼ ਦੇ ਵਕੀਲ ਦੀ ਦਲੀਲ ਮੰਨ ਲਈ ਅਤੇ ਈ ਪੀ ਏ 'ਤੇ ਦੋਸ਼ ਲਾਇਆ ਕਿ ਉਸ ਨੇ ਸਮੋਗ ਦੇ ਫਾਇਦਿਆਂ ਨੂੰ ਅਣਗੌਲਿਆਂ ਕੀਤਾ ਸੀ।

ਹੁਣ ਤਕ ਵਿਚਾਰੇ ਤੱਥਾਂ ਤੋਂ ਅਸੀਂ ਦੇਖ ਸਕਦੇ ਹਾਂ ਕਿ ਦੁਨੀਆ ਦੇ ਮੁੱਠੀ ਭਰ ਅਮੀਰ ਅਤੇ ਉਹਨਾਂ ਦੀਆਂ ਕਾਰਪੋਰੇਸ਼ਨਾਂ ਵਾਤਾਵਰਨ ਦੇ ਸੰਕਟ ਨੂੰ ਰੋਕਣ ਲਈ ਬਣਾਏ ਜਾ ਰਹੇ ਕਾਨੂੰਨਾਂ ਅਤੇ ਨੀਤੀਆਂ ਦਾ ਵਿਰੋਧ ਕਰਨ ਵਾਸਤੇ ਕਿਸ ਤਰ੍ਹਾਂ ਆਪਣੀ ਦੌਲਤ ਦੀ ਵਰਤੋਂ ਕਰਦੀਆਂ ਹਨ। ਇਸ ਦੌਲਤ ਕਾਰਨ ਦੁਨੀਆ ਦੀ ਆਰਥਿਕਤਾ ਅਤੇ ਸਿਆਸਤ ਉੱਪਰ ਕਾਰਪੋਰੇਸ਼ਨਾਂ ਦੇ ਗ਼ਲਬੇ ਦੇ ਹੁੰਦੇ ਹੋਏ ਕਦੇ ਵੀ ਵਾਤਾਵਰਨ ਦੇ ਸੰਕਟ ਨਾਲ ਨਿਪਟਣ ਲਈ ਸਹੀ ਕਾਨੂੰਨ ਅਤੇ ਨੀਤੀਆਂ ਬਣਨਾ ਸੰਭਵ ਨਹੀਂ ਹੋ ਸਕਦਾ। ਫਰੈਡ ਮੈਗਡੌਫ ਅਤੇ ਜੌਹਨ ਬਲੈਮੀ ਫੌਸਟਰ ਨੇ ਆਪਣੀ ਕਿਤਾਬ *ਵੱਟ ਐਵਰੀ ਇਨਵਾਇਰਮੈਂਟਲਿਸਟ ਨੀਡਜ਼ ਟੂ ਨੋਅ ਅਬਾਊਟ ਕੈਪੀਟਲਿਜ਼ਮ What every environmentalist needs to know about capitalism* ਵਿਚ ਇਸ ਤਰ੍ਹਾਂ ਲਿਖਿਆ ਹੈ:

*ਆਰਥਿਕਤਾ, ਰਿਆਸਤ, ਮੀਡੀਆ... ਉੱਪਰ ਕਾਰੋਬਾਰੀ ਹਿਤਾਂ ਦੀ ਸਰਦਾਰੀ ਦੇ ਮੱਦੇਨਜ਼ਰ, ਕਿਸੇ ਵੀ ਤਰ੍ਹਾਂ ਦੀ ਅਜਿਹੀ ਬੁਨਿਆਦੀ ਤਬਦੀਲੀ ਲਿਆਉਣਾ ਬਹੁਤ ਮੁਸ਼ਕਿਲ ਹੈ, ਜਿਸ ਦਾ ਵਿਰੋਧ ਕਾਰਪੋਰੇਸ਼ਨਾਂ ਕਰ ਰਹੀਆਂ ਹੋਣ। ਇਸ ਲਈ ਊਰਜਾ, ਸਿਹਤ ਸੰਭਾਲ, ਖੇਤੀਬਾੜੀ ਅਤੇ ਖ਼ੁਰਾਕ, ਇੰਡਸਟਰੀ ਅਤੇ ਵਿਦਿਆ ਦੇ ਖੇਤਰ ਵਿਚ ਕਾਰਗਰ (ਰੈਸ਼ਨਲ) ਅਤੇ ਵਾਤਾਵਰਨ ਦੇ ਹਿਸਾਬ ਨਾਲ ਵਧੀਆ ਨੀਤੀਆਂ ਲਿਆਉਣਾ ਤਕਰੀਬਨ ਅਸੰਭਵ ਹੋ ਜਾਂਦਾ ਹੈ। ਬੇਸ਼ੱਕ ਸੁਖਾਵੇਂ ਸਿਆਸੀ ਮਾਹੌਲ ਵਿਚ ਪੂੰਜੀਵਾਦੀ ਪ੍ਰਬੰਧ ਵਾਤਾਵਰਨ ਦੇ ਸੰਬੰਧ ਵਿਚ ਸੀਮਤ ਸੁਧਾਰ ਲਿਆਉਣ ਦੇ ਯੋਗ ਹੈ, ਪਰ ਜਿਵੇਂ ਕਿ ਹੋਰ ਖੇਤਰਾਂ ਵਿਚ ਹੁੰਦਾ ਹੈ, ਇਹਨਾਂ ਸੁਧਾਰਾਂ ਨੂੰ ਉਸ ਹੱਦ ਤਕ ਪਹੁੰਚਣ ਤੋਂ ਪਹਿਲਾਂ ਹੀ ਰੋਕ ਲਿਆ ਜਾਂਦਾ ਹੈ, ਜਿਸ ਹੱਦ 'ਤੇ ਇਹ ਸਮੁੱਚੇ ਆਰਥਿਕ/ਸਮਾਜਕ ਪ੍ਰਬੰਧ ਲਈ ਖਤਰਾ ਬਣ ਸਕਦੇ ਹੋਣ। ਨਤੀਜੇ ਵਜੋਂ, ਸੁਧਾਰ ਸਮੱਸਿਆਵਾਂ ਦੀ ਜੜ੍ਹ ਤਕ ਪਹੁੰਚਣ ਤੋਂ ਨਾਕਾਮ ਰਹਿੰਦੇ ਹਨ ਅਤੇ ਵਾਤਾਵਰਨ ਦਾ ਬਦਤਰ ਹੋਣਾ ਜਾਰੀ ਰਹਿੰਦਾ ਹੈ।*

ਇਸ ਮੌਜੂਦਾ ਪ੍ਰਬੰਧ ਵਿਚ ਕੋਈ ਵੀ ਅਜਿਹੀ ਚੀਜ਼ ਨਹੀਂ ਹੈ, ਜੋ ਇਸ ਨੂੰ ਖਤਰਨਾਕ ਹੱਦ 'ਤੇ ਪਹੁੰਚਣ ਤੋਂ ਪਹਿਲਾਂ ਰੁਕਣ ਦੀ ਆਗਿਆ ਦਿੰਦੀ ਹੋਵੇ। ਅਜਿਹਾ ਕਰਨ ਲਈ ਸਮਾਜ ਦੀ ਹੇਠਲੀ ਪੱਧਰ ਤੋਂ ਉੱਠੀਆ ਅਜਿਹੀਆਂ ਤਾਕਤਾਂ ਦੀ ਲੋੜ ਹੈ ਜੋ ਆਪਣੀ ਸੋਚ ਅਤੇ ਅਮਲਾਂ ਵਿਚ ਇਸ ਪ੍ਰਬੰਧ ਦੇ ਤਰਕ ਤੋਂ ਪਾਰ ਜਾ ਸਕਦੀਆਂ ਹੋਣ।000

***( 13286 - 55 A Ave, Surrey, B.C. CANADA V3W 3B3***
***Email: sukhwanthundal123@gmail.com***
***Phone: +1-604-644-2470)***

# ਵਾਅਦਾ ਮਾਫ ਗਵਾਹ ਅਮਰ ਸਿੰਘ ਨਵਾਂਸ਼ਹਿਰੀਆ

**ਸੋਹਣ ਸਿੰਘ ਪੂੰਨੀ**

ਗਦਰ ਲਹਿਰ ਦੇ ਨਾਇਕ ਕਰਤਾਰ ਸਿੰਘ ਸਰਾਭਾ ਤੇ ਉਸ ਦੇ ਛੇ ਸਾਥੀਆਂ ਨੂੰ 16 ਨਵੰਬਰ, 1915 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਸਰਾਭੇ ਹੋਰਾਂ ਦੇ ਫਾਂਸੀ ਲੱਗਣ ਤੋਂ ਡੇਢ ਸਾਲ ਬਾਅਦ ਗਿਆਨੀ ਭਗਵਾਨ ਸਿੰਘ 'ਪ੍ਰੀਤਮ' ਦੀ ਲਿਖੀ "ਹਿੰਦੀ ਸ਼ਹੀਦਾਂ ਦਾ ਆਖਰੀ ਸੰਦੇਸ਼ਾ" ਨਾਂ ਦੀ ਕਵਿਤਾ 'ਗ਼ਦਰ' ਅਖਬਾਰ ਵਿਚ ਛਪੀ ਸੀ।[1] ਇਸ ਕਵਿਤਾ ਦੀਆਂ ਕੁੱਝ ਸਤਰਾਂ ਹਨ।

*ਹਿੰਦੁਸਤਾਨੀਓਂ ਰੱਖਣਾ ਯਾਦ ਸਾਨੂੰ, ਕਿਤੇ ਦਿਲ ਤੋਂ ਨਹੀਂ ਭੁਲਾ ਜਾਣਾ।*
*ਖਾਤਰ ਵਤਨ ਦੀ ਚੜ੍ਹੇ ਹਾਂ ਫਾਂਸੀਆਂ 'ਤੇ, ਦੇਖ ਅਸਾਂ ਨੂੰ ਨਹੀਂ ਘਬਰਾ ਜਾਣਾ।*
*ਦੇਸ਼ ਵਾਸੀਓ ਚਮਕਿਓ ਚੰਦ ਵਾਂਗੂੰ, ਕਿਤੇ ਬੱਦਲੀਆਂ ਹੇਠ ਨਾ ਆ ਜਾਣਾ।*
*ਮੂਲਾ ਸਿੰਘ, ਨਵਾਬ ਤੇ ਅਮਰ ਵਾਂਗੂੰ, ਦੀਨਾ ਨਾਥ ਨਾ ਕਿਸੇ ਕਹਾ ਜਾਣਾ।*

ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਇਨ੍ਹਾਂ ਦੇ 81 ਗਦਰੀ ਸਾਥੀਆਂ ਉੱਤੇ 'ਲਾਹੌਰ ਕਾਂਸਪੀਰੇਸੀ ਕੇਸ' ਨਾਂ ਦਾ ਮੁਕੱਦਮਾ ਚਲਾਇਆ ਗਿਆ ਸੀ। ਸ਼ੰਘਾਈ ਤੋਂ ਗਏ ਮੂਲਾ ਸਿੰਘ ਅਤੇ ਅਮਰੀਕਾ ਤੋਂ ਗਏ ਨਵਾਬ ਖਾਨ ਤੇ ਅਮਰ ਸਿੰਘ ਇਸ ਮੁਕੱਦਮੇ ਵਿਚ 'ਵਾਅਦਾ ਮਾਫ' ਗਵਾਹ ਬਣ ਭੁਗਤੇ ਸਨ। ਇਸ ਨਿੱਕੇ ਲੇਖ ਵਿਚ ਅਸੀਂ ਅਮਰ ਸਿੰਘ ਬਾਰੇ ਗੱਲ ਕਰਨੀ ਹੈ ਕਿ ਉਹ ਕੌਣ ਸੀ? ਉਹ ਵਾਅਦਾ ਮਾਫ ਗਵਾਹ ਕਿਉਂ ਬਣਿਆ ਸੀ? ਅੰਗਰੇਜ਼ ਸਰਕਾਰ ਜਾਂ ਪੁਲ਼ਸ ਉਹਦੇ ਬਾਰੇ ਕੀ ਸੋਚਦੀ ਸੀ? ਉਹਦੇ ਗ਼ਦਰੀ ਸਾਥੀਆਂ ਦੀ ਉਹਦੇ ਬਾਰੇ ਕੀ ਰਾਏ ਸੀ? ਕੀ ਉਹਨੂੰ ਆਪਣੇ 'ਵਾਅਦਾ ਮਾਫ' ਗਵਾਹ ਬਣਨ ਦਾ ਕੋਈ ਪਛਤਾਵਾ ਸੀ? ਅੱਜ-ਕੱਲ੍ਹ ਦੇ ਇਤਿਹਾਸਕਾਰ ਅਮਰ ਸਿੰਘ ਵਰਗਿਆਂ ਬਾਰੇ ਕੀ ਲਿਖਦੇ ਹਨ?

ਅਮਰ ਸਿੰਘ ਦਾ ਜਨਮ 1888 ਈਸਵੀ ਨੂੰ ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਦੇ ਰਾਜਪੂਤ ਪਰਿਵਾਰ ਵਿਚ ਹੋਇਆ ਸੀ। ਉਸ ਦੇ ਬਾਪ ਦਾ ਨਾਂ ਉੱਤਮ ਸਿੰਘ ਚੌਹਾਨ ਸੀ। ਬਾਕੀ ਪੰਜਾਬੀ ਇਮੀਗ੍ਰੈਂਟਾਂ ਵਾਂਗ ਅਮਰ ਸਿੰਘ ਵੀ ਵੀਹਵੀ ਸਦੀ ਦੇ ਸ਼ੁਰੂ 'ਚ ਰੋਜ਼ੀ-ਰੋਟੀ ਦੀ ਭਾਲ਼ ਵਿਚ ਅਮਰੀਕਾ ਆ ਗਿਆ ਸੀ। ਇੱਥੇ ਉਹ ਔਰੇਗਨ ਸੂਬੇ ਵਿਚ ਪੋਰਟਲੈਂਡ ਨੇੜੇ ਸੇਂਟ ਜੌਹਨ ਦੀ ਸਾਅ ਮਿੱਲ 'ਚ ਕੰਮ ਕਰਦਾ ਸੀ। ਇੱਥੇ ਰਹਿੰਦਿਆਂ ਉਹਨੂੰ ਹਿੰਦੁਸਤਾਨ ਦੀ ਗ਼ੁਲਾਮੀ ਦਾ ਅਹਿਸਾਸ ਹੋਇਆ। ਅਮਰੀਕਾ ਰਹਿੰਦੇ ਹਿੰਦੁਸਤਾਨੀਆਂ ਨੇ ਹਥਿਆਰਾਂ ਦੇ ਜ਼ੋਰ ਮੁਲਕ ਆਜ਼ਾਦ ਕਰਵਾਉਣ ਲਈ ਜੂਨ 1913 ਵਿਚ ਗ਼ਦਰ ਪਾਰਟੀ ਬਣਾਈ ਤਾਂ ਅਮਰ ਸਿੰਘ ਵੀ ਇਸ ਦਾ ਮੈਂਬਰ ਬਣ ਗਿਆ। ਨਵੰਬਰ 1913 ਵਿਚ ਗ਼ਦਰ ਪਾਰਟੀ ਨੇ ਸਾਨਫਰਾਂਸਿਸਕੋ ਤੋਂ 'ਗ਼ਦਰ' ਅਖਬਾਰ ਕੱਢਣਾ ਸ਼ੁਰੂ ਕੀਤਾ ਤਾਂ ਅਮਰ ਸਿੰਘ ਸੇਂਟ ਜੌਹਨ ਤੋਂ ਆ ਕੇ ਗ਼ਦਰ ਆਸ਼ਰਮ ਵਿਚ ਕੰਮ ਕਰਨ ਲੱਗਾ। ਅਮਰ ਸਿੰਘ 'ਗ਼ਦਰ' ਅਖਬਾਰ ਦੀ ਉਰਦੂ 'ਚ ਕਿਤਾਬਤ ਕਰਿਆ ਕਰਦਾ ਸੀ। ਉਹ ਕਲਾਤਮਕ ਰੁਚੀਆਂ ਵਾਲ਼ਾ ਨੌਜਵਾਨ ਸੀ। 'ਗ਼ਦਰ ਦੀ ਗੂੰਜ' ਦੇ ਮੁੱਖ ਪੰਨੇ 'ਤੇ ਭਾਰਤ ਮਾਤਾ ਦੀ ਤਸਵੀਰ ਹੁੰਦੀ ਸੀ ਜਿਸ ਵਿਚ ਮਿਆਨ 'ਚੋਂ ਤਲਵਾਰ ਸੂਤ ਰਹੀ ਭਾਰਤ ਮਾਤਾ ਆਪਣੇ ਧੀਆਂ ਪੁੱਤਰਾਂ ਨੂੰ ਵੈਰੀਆਂ ਦੇ ਆਹੂ ਲਾਹੁਣ ਲਈ ਪੁਕਾਰ ਰਹੀ ਹੈ। ਇਹ ਤਸਵੀਰ ਅਮਰ ਸਿੰਘ ਚੌਹਾਨ ਨੇ ਬਣਾਈ ਸੀ।[2]

ਅਮਰ ਸਿੰਘ ਗਾਉਂਦਾ ਵੀ ਸੋਹਣਾ ਸੀ। ਬੜਾ ਸੋਜ਼ ਸੀ ਉਸ ਦੀ ਆਵਾਜ਼ ਵਿਚ। ਜਦ ਉਹ ਇਨਕਲਾਬੀ ਨਜ਼ਮਾਂ ਗਾਉਂਦਾ ਤਾਂ ਹਿੰਦੁਸਤਾਨੀ ਇਮੀਗ੍ਰੈਂਟ ਦੇਸ਼ ਦੀ ਆਜ਼ਾਦੀ ਲਈ ਮਰ ਮਿਟਣ ਨੂੰ

ਤਿਆਰ ਹੋ ਜਾਂਦੇ ਸਨ। ਜ਼ਿਲ੍ਹਾ ਲੁਧਿਆਣਾ 'ਚ ਪੈਂਦੇ ਪਿੰਡ ਲਤਾਲਾ ਦੇ ਕਰਤਾਰ ਸਿੰਘ ਦੁੱਕੀ ਨੇ 1913 ਵਿਚ ਕੈਲੇਫੋਰਨੀਆ ਦੇ ਸ਼ਹਿਰ ਵੁਡਲੈਂਡ ਨੇੜੇ ਯੋਲੋ ਪਿੰਡ ਵਿਚ ਪੰਜਾਬੀ ਦੇਸ਼ ਭਗਤਾਂ ਦੀ ਮੀਟਿੰਗ ਸੱਦੀ ਸੀ। ਇਸ ਮੀਟਿੰਗ ਵਿਚ ਕਰਤਾਰ ਸਿੰਘ ਸਰਾਭਾ ਵੀ ਹਾਜ਼ਰ ਸੀ। ਇੱਥੇ ਅਮਰ ਸਿੰਘ ਨੇ ਇਨਕਲਾਬੀ ਨਜ਼ਮ ਗਾਈ ਸੀ। ਨਜ਼ਮ ਦੀ ਇਕ ਸਤਰ ਸੀ:

*"ਅਭੀ ਹਜ਼ਾਰੋਂ ਮੰਜ਼ਲੇਂ ਤਹਿ ਕਰਨੀ ਹੈਂ ਪਹਿਲੇ।"*[3]

4 ਅਗਸਤ, 1914 ਨੂੰ ਸੰਸਾਰ ਯੁੱਧ ਸ਼ੁਰੂ ਹੋ ਗਿਆ ਸੀ। ਗ਼ਦਰ ਪਾਰਟੀ ਦੀ ਹਾਲਾਂ 'ਗ਼ਦਰ' ਲਈ ਤਿਆਰੀ ਨਹੀਂ ਸੀ। ਪਰ ਦੁਸ਼ਮਣ ਨੂੰ ਕਸੂਤਾ ਫਸਿਆ ਵੇਖ ਕੇ ਗ਼ਦਰ ਪਾਰਟੀ ਨੇ ਗ਼ਦਰੀਆਂ ਨੂੰ ਦੇਸ਼ ਜਾ ਕੇ ਗ਼ਦਰ ਮਚਾਉਣ ਦਾ ਸੱਦਾ ਦੇ ਦਿੱਤਾ। ਗ਼ਦਰ ਪਾਰਟੀ ਦੇ ਸੱਦੇ 'ਤੇ ਹਜ਼ਾਰਾਂ ਗ਼ਦਰੀ ਦੇਸ਼ ਪਹੁੰਚੇ। ਸੋਹਣ ਸਿੰਘ ਭਕਨੇ ਵਰਗੇ ਬਹੁਤ ਸਾਰੇ ਗ਼ਦਰੀ ਲੀਡਰ ਤਾਂ ਦੇਸ਼ ਪੁੱਜਦੇ ਸਾਰ ਜਹਾਜ਼ਾਂ ਉੱਤੋਂ ਹੀ ਗ੍ਰਿਫਤਾਰ ਕਰ ਲਏ ਗਏ ਸਨ। ਪਰ ਬਾਹਰ ਬਚੇ ਕਰਤਾਰ ਸਿੰਘ ਸਰਾਭਾ ਤੇ ਅਮਰ ਸਿੰਘ ਵਰਗੇ ਨੌਜਵਾਨਾਂ ਨੇ ਹੌਸਲਾ ਨਾ ਛੱਡਿਆ। ਬਾਹਰ ਬਚੇ ਇਨ੍ਹਾਂ ਗਦਰੀਆਂ ਨੇ 19 ਫਰਵਰੀ, 1915 ਦਾ ਦਿਨ ਗ਼ਦਰ ਕਰਨ ਲਈ ਮਿੱਥਿਆ। ਗ਼ਦਰ ਦੀ ਸ਼ੁਰੂਆਤ ਲਾਹੌਰ ਅਤੇ ਫੀਰੋਜ਼ਪੁਰ ਦੀਆਂ ਛਾਉਣੀਆਂ ਤੋਂ ਹੋਣੀ ਸੀ। ਸਰਾਭਾ ਆਪਣੇ ਸਾਥੀਆਂ ਨੂੰ ਲੈ ਕੇ ਫੀਰੋਜ਼ਪੁਰ ਛਾਉਣੀ ਪਹੁੰਚਾ। ਪਰ ਭੇਦ ਖੁੱਲ੍ਹ ਜਾਣ ਕਰਕੇ ਫੀਰੋਜ਼ਪੁਰ ਛਾਉਣੀ ਵਿਚ ਸਰਾਭੇ ਦੇ ਮੁੱਖ ਸੰਪਰਕ ਹਰਨਾਮ ਸਿੰਘ ਕਾਲਾ ਸੰਘਾ, ਕਿਰਪਾ ਸਿੰਘ ਲੰਗਮਾਜਰੀ ਅਤੇ ਬੰਗਿਆਂ ਨੇੜੇ ਪਿੰਡ ਕਲੇਰਾਂ ਦੇ ਫੁੰਮਣ ਸਿੰਘ 'ਅਜੀਤ' ਵਰਗੇ ਫੌਜੀਆਂ ਨੂੰ ਨੌਕਰੀ ਤੋਂ ਕੱਢ ਕੇ ਘਰਾਂ ਨੂੰ ਤੋਰ ਦਿੱਤਾ ਗਿਆ ਸੀ। ਬਾਕੀਆਂ ਤੋਂ ਹਥਿਆਰ ਰਖਵਾ ਲਏ ਗਏ ਸਨ। ਗ਼ਦਰ ਕਾਮਯਾਬ ਨਾ ਹੋ ਸਕਿਆ। ਬਹੁਤ ਸਾਰੇ ਗ਼ਦਰੀ ਗ੍ਰਿਫਤਾਰ ਕਰ ਲਏ ਗਏ। ਇਨ੍ਹਾਂ ਗ਼ਦਰੀਆਂ ਉੱਤੇ 'ਲਾਹੌਰ ਸਾਜ਼ਿਸ਼ ਕੇਸ' ਨਾਂ ਦਾ ਮੁਕੱਦਮਾ ਚਲਾਇਆ ਗਿਆ। 26 ਅਪ੍ਰੈਲ, 1915 ਤੋਂ 13 ਸਤੰਬਰ, 1915 ਤਕ ਚੱਲੇ ਇਸ ਮੁਕੱਦਮੇ ਵਿਚ 24 ਗ਼ਦਰੀਆਂ ਨੂੰ ਫਾਂਸੀ, 27 ਨੂੰ ਉਮਰ ਕੈਦ ਅਤੇ 6 ਨੂੰ ਉਮਰ ਕੈਦ ਤੋਂ ਘੱਟ ਮਿਆਦ ਦੀਆਂ ਸਜ਼ਾਵਾਂ ਹੋਈਆਂ।[4]

'ਲਾਹੌਰ ਸਾਜ਼ਿਸ਼ ਕੇਸ' ਵਿਚ 10 ਗ਼ਦਰੀ 'ਵਾਅਦਾ ਮਾਫ' ਗਵਾਹ ਬਣ ਗਏ ਸਨ। ਇਨ੍ਹਾਂ ਵਿਚ ਛੇ ਬਾਹਰੋਂ ਗਏ ਹੋਏ ਸਨ।[5] ਸ਼ੰਘਾਈ ਤੋਂ ਗਏ ਮੂਲਾ ਸਿੰਘ ਅਤੇ ਅਮਰੀਕਾ ਤੋਂ ਗਏ ਨਵਾਬ ਖਾਨ ਤੇ ਅਮਰ ਸਿੰਘ ਇਸ ਮੁਕੱਦਮੇ ਵਿਚ 'ਵਾਅਦਾ ਮਾਫ' ਗਵਾਹ ਬਣ ਭੁਗਤੇ ਸਨ। ਇਸੇ ਲਈ ਗਿਆਨੀ ਭਗਵਾਨ ਸਿੰਘ 'ਪ੍ਰੀਤਮ' ਆਪਣੀ ਕਵਿਤਾ "ਹਿੰਦੀ ਸ਼ਹੀਦਾਂ ਦਾ ਆਖਰੀ ਸੰਦੇਸ਼ਾ" ਵਿਚ ਕਰਤਾਰ ਸਿੰਘ ਸਰਾਭਾ ਵਰਗੇ ਫਾਂਸੀ ਚੜ੍ਹਨ ਜਾ ਰਹੇ ਗ਼ਦਰੀਆਂ ਦੇ ਮੂੰਹੋਂ ਇਨ੍ਹਾਂ 'ਵਾਅਦਾ ਮਾਫ ਗਵਾਹਾਂ' ਨੂੰ ਫਿੱਟ-ਲਾਹਣਤ ਪੁਆਉਂਦਾ ਹੈ: *"ਮੂਲਾ ਸਿੰਘ ਨਵਾਬ ਤੇ ਅਮਰ ਵਾਂਗੂੰ... ।"*

ਪਰ ਮੂਲਾ ਸਿੰਘ, ਨਵਾਬ ਖਾਨ ਤੇ ਅਮਰ ਸਿੰਘ ਦੇ ਕਿਰਦਾਰਾਂ ਅਤੇ 'ਵਾਅਦਾ ਮਾਫ' ਬਣਨ ਦੇ ਕਾਰਨਾਂ 'ਚ ਬੜਾ ਫਰਕ ਸੀ। ਨਵਾਬ ਖਾਨ ਤਾਂ ਸ਼ੁਰੂ ਤੋਂ ਹੀ ਸੀ.ਆਈ.ਡੀ. ਲਈ ਕੰਮ ਕਰਦਾ ਸੀ।[6] ਮੂਲਾ ਸਿੰਘ ਦਾ ਚਾਲ-ਚਲਣ ਚੰਗਾ ਨਹੀਂ ਸੀ। ਗ਼ਦਰੀ ਹਰਨਾਮ ਸਿੰਘ ਟੁੰਡੀਲਾਟ ਮੂਲਾ ਸਿੰਘ ਦੇ ਚਾਲ-ਚਲਣ ਬਾਰੇ ਦੱਸਦਾ ਹੈ, *"...ਚੱਬੇ ਦੇ ਡਾਕੇ ਦਾ ਮਾਲ ਉਸ ਦੇ ਹਵਾਲੇ ਕੀਤਾ ਗਿਆ ਸੀ। ਉਸ ਨੇ ਟੂੰਮਾਂ ਆਪਣੀ ਭਰਜਾਈ ਨੂੰ ਜਾ ਕੇ ਪੁਆਈਆਂ, ਜਿਸ ਨਾਲ ਉਸਦਾ ਨਾਜਾਇਜ਼ ਸੰਬੰਧ ਸੀ। ਸਾਨੂੰ ਮਗਰੋਂ ਪਤਾ ਲੱਗਾ ਕਿ ਉਹ ਸ਼ਰਾਬ ਵੀ ਪੀਂਦਾ ਤੇ ਅਯਾਸ਼ੀ ਕਰਦਾ ਸੀ... ।"*[7] ਪਰ ਨਵਾਬ ਖਾਨ ਤੇ ਮੂਲਾ ਸਿੰਘ ਤੋਂ ਉਲਟ ਅਮਰ ਸਿੰਘ ਉੱਚੇ ਆਚਰਣ ਵਾਲ਼ਾ ਦੇਸ਼ ਨੂੰ ਪਿਆਰ ਕਰਨ ਵਾਲ਼ਾ ਨੌਜਵਾਨ ਸੀ। ਉਹਦੇ ਵਾਅਦਾ ਮਾਫ ਗਵਾਹ ਬਣਨ ਦੇ ਵੱਖਰੇ ਕਾਰਨ ਸਨ।

ਗ੍ਰਿਫਤਾਰੀ ਤੋਂ ਬਾਅਦ ਪੁਲਸ ਨੇ ਅਮਰ ਸਿੰਘ ਉੱਤੇ ਬਹੁਤ ਤਸ਼ੱਦਦ ਕੀਤਾ ਸੀ। ਪਰ ਉਹ ਟੁੱਟਾ ਨਹੀਂ ਸੀ। ਅੜਿਆ ਰਿਹਾ ਸੀ।[8] ਪਰ ਪੁਲਸ ਕੋਲ਼ ਤਸ਼ੱਦਦ ਤੋਂ ਬਿਨਾਂ ਹੋਰ ਵੀ ਹਥਿਆਰ ਹੁੰਦੇ ਹਨ। 'ਮੋਹ-ਮਮਤਾ' ਦਾ ਹਥਿਆਰ ਵੀ ਹੁੰਦਾ ਹੈ, ਪੁਲ਼ਸ ਕੋਲ਼। ਸੀ. ਆਈ. ਡੀ. ਦੇ

ਸੁਪਰਡੈਂਟ ਸੁੱਖਾ ਸਿੰਘ ਨੇ ਇਹੋ ਹਥਿਆਰ ਵਰਤਿਆ ਸੀ। ਨਵੇਂਸ਼ਹਿਰ ਪਹੁੰਚ ਉਹਨੇ ਅਮਰ ਸਿੰਘ ਦੇ ਬਾਪ ਨੂੰ ਆਖਿਆ ਸੀ, "ਪੁੱਤ ਬਚਾਅ ਹੁੰਦਾ ਤਾਂ ਬਚਾਅ ਲੈ।" ਉੱਤਮ ਸਿੰਘ ਵਿਚਾਰਾ ਕਿਹੜਾ ਗੁਰੂ ਗੋਬਿੰਦ ਸਿੰਘ ਸੀ? ਪੁੱਤ ਖਾਤਰ ਤਾਂ ਭਗਤ ਸਿੰਘ ਦਾ ਬਾਪ ਕਿਸ਼ਨ ਸਿੰਘ ਵੀ ਡੋਲ ਗਿਆ ਸੀ। ਜ਼ਾਲਮ ਅੰਗਰੇਜ਼ਾਂ ਕੋਲ਼ ਅਪੀਲ ਕਰਨ ਚਲਾ ਗਿਆ ਸੀ। ਅਮਰ ਸਿੰਘ ਦਾ ਬਾਪ ਉੱਤਮ ਸਿੰਘ ਵੀ ਮੋਹ-ਮਮਤਾ ਦੇ ਜਾਲ਼ 'ਚ ਫਸ ਸੀਖਾਂ ਅੱਗੇ ਜਾ ਖੜ੍ਹਿਆ ਸੀ। ਜੇਲ੍ਹ-ਕੋਠੜੀ 'ਚ ਬੰਦ ਪੁੱਤ ਅੱਗੇ ਝੋਲ਼ੀ ਜਾ ਫੈਲਾਈ ਸੀ ਉਹਨੇ। ਅਮਰ ਸਿੰਘ ਤੋਂ ਬੁੱਢੇ ਬਾਪ ਦੀ ਹਾਲਤ ਦੇਖੀ ਨਹੀਂ ਸੀ ਗਈ। ਲੱਖ ਪੱਤਣਾਂ ਦਾ ਤਾਰੂ ਬਾਪ ਦੇ ਹੰਝੂਆਂ 'ਚ ਡੁੱਬ ਗਿਆ ਸੀ। ਟੁੱਟ ਗਿਆ ਸੀ ਉਹ। ਬਾਪ ਦੇ ਹੰਝੂ ਸੁਕਾਉਣ ਲਈ ਵਾਅਦਾ ਮਾਫ ਬਣ ਗਿਆ ਸੀ ਅਮਰ ਸਿੰਘ।[9]

ਗਵਾਹੀ ਦੇਣ ਵੇਲੇ ਜੱਜ ਦੇ ਸਵਾਲ ਦਾ ਜਵਾਬ ਦਿੰਦਿਆ ਅਮਰ ਸਿੰਘ ਨੇ ਦੱਸਿਆ ਸੀ ਕਿ ਅਮਰੀਕਾ ਵਿਚ ਹੁੰਦਿਆਂ 'ਗ਼ਦਰ' ਅਖਬਾਰ ਜਾਂ 'ਗ਼ਦਰ ਦੀ ਗੂੰਜ' ਵਿਚਲੀਆਂ ਕਵਿਤਾਵਾਂ ਪੜ੍ਹਕੇ ਬੜਾ ਜੋਸ਼ ਆਇਆ ਕਰਦਾ ਸੀ। ਜੱਜ ਨੇ ਟਿਚਕਰ ਕਰਦਿਆਂ ਪੁੱਛਿਆ ਸੀ, "ਹੁਣ ਨਹੀਂ ਆਉਂਦਾ?" ਅਮਰ ਸਿੰਘ ਦੀਆਂ ਅੱਖਾਂ ਵਿਚ ਹੰਝੂ ਆ ਗਏ ਸਨ ਤੇ ਉਹ ਬੋਲਿਆ ਸੀ, "ਸਾਹਿਬ, ਆਉਂਦਾ ਤੇ ਹੁਣ ਵੀ ਹੈ, ਪਰ ਹੁਣ ਮੈਂ ਕਸੂਤਾ ਫਸ ਗਿਆ ਹਾਂ...।"

ਕਸੂਤਾ ਫਸਿਆ ਅਮਰ ਸਿੰਘ 'ਵਾਅਦਾ ਮਾਫ' ਤਾਂ ਬਣ ਗਿਆ ਸੀ ਪਰ ਸਰਕਾਰ ਨੂੰ ਪਤਾ ਸੀ ਕਿ ਦਿਲੋਂ ਉਹ ਅਜੇ ਵੀ ਅੰਗਰੇਜ਼ ਵਿਰੋਧੀ ਸੀ। ਅਮਰ ਸਿੰਘ ਵੱਲੋਂ 'ਲਾਹੌਰ ਕਾਂਸਪੀਰੇਸੀ ਕੇਸ' ਵਿਚ ਗਵਾਹੀ ਦਿੱਤੇ ਜਾਣ ਤੋਂ 17-18 ਸਾਲ ਬਾਅਦ ਸੀ.ਆਈ.ਡੀ. ਵੱਲੋਂ ਤਿਆਰ ਕੀਤੀ 'ਗ਼ਦਰ ਡਾਇਰੈਕਟਰੀ' ਵਿਚ ਅਮਰ ਸਿੰਘ ਬਾਰੇ ਲਿਖਿਆ ਹੋਇਆ ਹੈ, "...ਮੁਕੱਦਮੇ ਵਿਚ ਗਵਾਹੀ ਦੇਣ ਦੇ ਬਾਵਜੂਦ ਉਹ ਅੰਗਰੇਜ਼ ਸਰਕਾਰ ਦਾ ਓਨਾ ਹੀ ਵਿਰੋਧੀ ਹੈ ਜਿੰਨਾ ਪਹਿਲਾਂ ਹੁੰਦਾ ਸੀ...।"[10]

ਅਮਰ ਸਿੰਘ ਦੀ ਗਵਾਹੀ ਨਾਲ਼ ਗ਼ਦਰੀਆਂ ਦਾ ਨੁਕਸਾਨ ਹੋਇਆ ਸੀ। ਪਰ ਵਾਹ ਲਗਦੀ ਉਹਨੇ ਬਹੁਤ ਸਾਰੇ ਗ਼ਦਰੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਸੀ। ਪੰਜਾਬੀ ਦੇ ਦਰਵੇਸ਼ ਲਿਖਾਰੀ ਹੀਰਾ ਸਿੰਘ 'ਦਰਦ' ਨੇ 1960 ਦੇ ਲਾਗੇ ਬਹੁਤ ਸਾਰੇ ਗ਼ਦਰੀਆਂ ਦੇ ਬਿਆਨ ਇਕੱਤਰ ਕੀਤੇ ਸਨ। ਆਪਣੇ ਇਨ੍ਹਾਂ ਬਿਆਨਾਂ ਵਿਚ ਉਹ ਗ਼ਦਰੀ ਵੀ, ਜਿਨ੍ਹਾਂ ਕੈਦ ਦੀਆਂ ਸਜ਼ਾਵਾਂ ਕੱਟੀਆਂ ਸਨ, ਅਮਰ ਸਿੰਘ ਬਾਰੇ ਮਾੜਾ ਨਹੀਂ ਕਹਿੰਦੇ ਸਗੋਂ ਸਿਫਤਾਂ ਕਰਦੇ ਨੇ ਉਹਦੀਆਂ। ਪਰਮਾਨੰਦ ਝਾਂਸੀ ਨੂੰ 'ਲਾਹੌਰ ਸਾਜ਼ਿਸ਼ ਕੇਸ' ਵਿਚ ਫਾਂਸੀ ਦੀ ਸਜ਼ਾ ਹੋਈ ਸੀ ਜੋ ਬਾਅਦ ਵਿਚ ਉਮਰ ਕੈਦ ਵਿਚ ਬਦਲ ਦਿੱਤੀ ਗਈ ਸੀ। ਉਹ 27 ਅਕਤੂਬਰ, 1958 ਨੂੰ ਹੀਰਾ ਸਿੰਘ 'ਦਰਦ' ਨੂੰ ਲਿਖਾਏ ਆਪਣੇ ਬਿਆਨ ਵਿਚ ਅਮਰ ਸਿੰਘ ਬਾਰੇ ਕਹਿੰਦਾ ਹੈ, "ਅਮਰ ਸਿੰਘ ਨਵਾਂ ਸ਼ਹਿਰ ਰਾਜਪੂਤ ਮਗਰੋਂ ਫੜੇ ਜਾਣ 'ਤੇ ਵਾਅਦਾ ਮਾਫ ਬਣ ਗਿਆ ਸੀ। ਪਰ ਵਾਹ ਲਗਦੀ ਇਸ ਨੇ ਕਈਆਂ ਨੂੰ ਬਚਾਇਆ। ਜਾਣ ਕੇ ਕਈਆਂ ਦੀ ਸ਼ਨਾਖਤ ਨਹੀਂ ਕੀਤੀ, ਜਿਸ ਕਰਕੇ ਉਹ ਫਾਂਸੀ ਤੋਂ ਜਾਂ ਸਜ਼ਾਵਾਂ ਤੋਂ ਬਚ ਗਏ।"[11]

ਜ਼ਿਲ੍ਹਾ ਜਲੰਧਰ 'ਚ ਨੂਰ ਮਹਿਲ ਨੇੜੇ ਪਿੰਡ ਉੱਪਲ ਭੂਪਾ ਦਾ ਕਨੇਡਾ-ਅਮਰੀਕਾ ਤੋਂ ਗਿਆ ਗ਼ਦਰੀ ਬਾਬਾ ਭਾਗ ਸਿੰਘ 'ਕਨੇਡੀਅਨ' 21 ਅਕਤੂਬਰ, 1958 ਨੂੰ ਦਿੱਤੇ ਆਪਣੇ ਬਿਆਨ ਵਿਚ ਹੀਰਾ ਸਿੰਘ 'ਦਰਦ' ਨੂੰ ਅਮਰ ਸਿੰਘ ਬਾਰੇ ਦੱਸਦਾ ਹੈ, "ਇਹ ਪਹਿਲਾਂ ਚੰਗਾ ਦੇਸ਼ ਭਗਤ ਸੀ। ਅਮਰੀਕਾ ਤੋਂ ਆਇਆ ਸੀ। ਪਰ ਜਦ ਫੜਿਆ ਗਿਆ ਤਾਂ ਕਮਜ਼ੋਰ ਪੈ ਗਿਆ। ਵਾਅਦਾ ਮਾਫ ਗਵਾਹ ਬਣ ਗਿਆ। ਪਰ ਫਿਰ ਵੀ ਇਸ ਨੇ ਕੋਸਿਸ਼ ਕੀਤੀ ਕਿ ਜਿਤਨਿਆਂ ਨੂੰ ਬਚਾਇਆ ਜਾ ਸਕੇ ਬਚਾਅ ਲਵੇ। ਇਸ ਨੇ ਮੁਕੱਦਮੇ ਵਿਚ ਕਈਆਂ ਨੂੰ ਜਾਣ-ਬੁੱਝ ਕੇ ਨਹੀਂ ਪਛਾਣਿਆ। ਇਹ ਜਾਣਦਾ ਸੀ ਕਿ ਅਮਰੀਕਾ ਵਿਚ ਮੇਰਾ ਨਾਂ ਲਾਭ ਸਿੰਘ ਸੀ। ਪੰਜਾਬ ਵਿਚ ਭਾਗ ਸਿੰਘ ਨਾਂ ਸੀ। ਇਸ ਨੇ ਮੈਨੂੰ ਜਾਣ ਕੇ ਨਹੀਂ ਪਛਾਣਿਆ ਤੇ ਬਚਾਅ ਲਿਆ।"[12]

ਹਰਨਾਮ ਸਿੰਘ ਟੁੰਡੀਲਾਟ ਦਾ ਗਰਾਈਂ, ਕੋਟਲਾ ਨੌਧ ਸਿੰਘ ਦਾ ਅਮਰ ਸਿੰਘ ਬੈਂਸ ਵੀ

ਅਮਰੀਕਾ ਤੋਂ ਗਿਆ ਗ਼ਦਰੀ ਸੀ। ਉਹਨੇ 1962 ਵਿਚ ਹੀਰਾ ਸਿੰਘ 'ਦਰਦ' ਨੂੰ ਬਿਆਨ ਦਿੰਦਿਆ ਦੱਸਿਆ ਸੀ, "ਅਮਰ ਸਿੰਘ ਨਵਾਂ ਸ਼ਹਿਰ ਵਾਅਦਾ ਮਾਫ ਗਵਾਹ ਨੇ ਮੈਨੂੰ ਜਾਣ ਕੇ ਨਹੀਂ ਪਛਾਣਿਆਂ, ਜਿਸ ਦਾ ਫਲ ਇਹ ਨਿਕਲਿਆ ਕਿ ਮੈਨੂੰ ਕੇਵਲ ਦੋ ਸਾਲ ਕੈਦ ਸਖਤ ਦੀ ਸਜ਼ਾ ਮਿਲੀ।"[13]

ਹਥਿਆਰ ਖਰੀਦਣ ਲਈ ਗ਼ਦਰੀਆਂ ਨੇ 2 ਫਰਵਰੀ, 1915 ਨੂੰ ਅੰਮ੍ਰਿਤਸਰ ਨੇੜੇ ਪਿੰਡ ਚੱਬੇ 'ਚ ਡਾਕਾ ਮਾਰਿਆ ਸੀ। ਇਸ ਡਾਕੇ ਸਮੇਂ ਅਮਰੀਕਾ ਤੋਂ ਗਏ ਰਾਮ ਰੱਖੇ (ਸਾਹਬਾ ਸੜੋਆ) ਨੇ ਗ਼ਦਰੀਆਂ ਨੂੰ ਬਚਾਉਣ ਲਈ ਬੰਬ ਸੁੱਟਿਆ ਸੀ। ਬੰਬ ਚੱਲਣ ਨਾਲ਼ ਰਾਮ ਰੱਖੇ ਦੇ ਆਪਣੇ ਦੋਨੋਂ ਹੱਥ ਉੱਡ ਗਏ ਸਨ। ਰਾਮ ਰੱਖਾ ਅਮਰ ਸਿੰਘ ਦਾ ਕਜ਼ਨ ਸੀ (ਮਾਮੇ ਭੂਆ ਦੇ ਪੁਤ ਸਨ ਦੋਨੋਂ)। ਲੋਕ ਰਾਮ ਰੱਖੇ ਦੀ ਕੁਰਬਾਨੀ ਨੂੰ ਯਾਦ ਕਰ ਉਸ ਬਾਰੇ ਬੜੇ ਮਾਣ ਸਤਿਕਾਰ ਨਾਲ਼ ਗੱਲਾਂ ਕਰਿਆ ਕਰਦੇ ਸਨ। ਤੇ ਅਮਰ ਸਿੰਘ ਆਪਣਾ ਨਾਂ ਮੂਲਾ ਸਿੰਘ ਤੇ ਨਵਾਬ ਖਾਨ ਨਾਲ਼ ਜੁੜਿਆ ਵੇਖ ਨਮੋਸ਼ੀ ਦੀ ਦਲਦਲ ਵਿਚ ਧਸ ਜਾਇਆ ਕਰਦਾ ਸੀ। ਬਹੁਤ ਪਛਤਾਵਾ ਸੀ ਉਹਨੂੰ ਆਪਣੇ ਵਾਅਦਾ ਮਾਫ ਗਵਾਹ ਬਣਨ ਦਾ। ਧਾਹਾਂ ਮਾਰ ਮਾਰ ਰੋਇਆ ਕਰਦਾ ਸੀ ਆਪਣੀ ਗ਼ਲਤੀ ਯਾਦ ਕਰਕੇ।

ਗਿਆਨੀ ਭਗਵਾਨ ਸਿੰਘ 'ਪ੍ਰੀਤਮ' ਨੂੰ ਹਿੰਦੁਸਤਾਨ ਤੋਂ ਬਾਹਰ ਹੁੰਦਿਆਂ ਜੂਨ, 1917 ਵਿਚ ਆਪਣੀ ਕਵਿਤਾ "ਹਿੰਦੀ ਸ਼ਹੀਦਾਂ ਦਾ ਆਖਰੀ ਸੰਦੇਸ਼ਾ" ਲਿਖਣ ਵੇਲੇ ਪੂਰੀ ਜਾਣਕਾਰੀ ਨਹੀਂ ਸੀ। ਇਸ ਲਈ ਉਹਨੇ ਅਮਰ ਸਿੰਘ ਨੂੰ ਵੀ ਮੂਲਾ ਸਿੰਘ ਤੇ ਨਵਾਬ ਖਾਨ ਦੇ ਨਾਲ਼ ਹੀ ਨਰੜ ਦਿੱਤਾ ਸੀ:

"ਮੂਲਾ ਸਿੰਘ, ਨਵਾਬ ਤੇ ਅਮਰ ਵਾਂਗੂੰ...।"

ਗਿਆਨੀ ਭਗਵਾਨ ਸਿੰਘ ਕੋਲ਼ ਤਾਂ ਪੂਰੀ ਜਾਣਕਾਰੀ ਨਹੀਂ ਸੀ, ਇਸ ਲਈ ਉਹਨੇ ਅਮਰ ਸਿੰਘ ਬਾਰੇ ਨਫਰਤ ਭਰੇ ਇਹ ਸਖਤ ਸ਼ਬਦ ਲਿਖ ਦਿੱਤੇ ਸਨ। ਪਰ ਅੱਜ ਵੀ ਬਹੁਤ ਸਾਰੇ ਇਤਿਹਾਸਕਾਰ ਅਮਰ ਸਿੰਘ ਵਰਗਿਆਂ ਬਾਰੇ ਉਸੇ ਨਫਰਤ ਨਾਲ਼ ਲਿਖਦੇ ਨੇ ਜਿਸ ਤਰ੍ਹਾਂ ਗਿਆਨੀ ਭਗਵਾਨ ਸਿੰਘ ਨੇ ਲਿਖਿਆ ਸੀ। ਸਾਡੇ ਖਿਆਲ 'ਚ ਬੰਦਾ ਲੋਹੇ ਦਾ ਨਹੀਂ, ਹੱਡ ਮਾਸ ਦਾ ਬਣਿਆ ਹੁੰਦਾ ਹੈ। ਟੁੱਟ ਜਾਂਦਾ ਹੈ ਉਹ ਕਈ ਵਾਰ। ਇਸ ਲਈ ਅਸੀਂ ਇਨ੍ਹਾਂ ਇਤਿਹਾਸਕਾਰਾਂ ਨੂੰ ਨਿਮਰਤਾ ਸਹਿਤ ਬੇਨਤੀ ਕਰਨੀ ਚਾਹੁੰਦੇ ਹਾਂ ਕਿ ਅਮਰ ਸਿੰਘ ਵਰਗਿਆਂ ਬਾਰੇ ਲਿਖਣ ਲੱਗਿਆਂ ਐਨਾ ਸਖਤ ਰਵੱਈਆ ਨਾ ਅਪਣਾਓ। ਤੇ ਇਹ ਬੇਨਤੀ ਕਰਦਿਆਂ ਮੈਨੂੰ ਕਿਸੇ ਵਿਦਵਾਨ ਦੇ ਉਹ ਸ਼ਬਦ ਯਾਦ ਆਉਂਦੇ ਹਨ, ਜਿਨ੍ਹਾਂ ਰਾਹੀਂ ਇਤਹਾਸਕਾਰ ਨੂੰ ਸਾਵਧਾਨ ਕਰਦਿਆਂ ਉਹ ਕਹਿੰਦਾ ਹੈ, "...ਇਤਿਹਾਸਕਾਰ! ਜਿਨ੍ਹਾਂ ਬਾਰੇ ਤੂੰ ਲਿਖਣ ਲੱਗਿਆਂ, ਉਨ੍ਹਾਂ ਨੇ ਕਬਰਾਂ 'ਚੋਂ ਉੱਠ ਤੇਰਾ ਹੱਥ ਫੜਨ ਨਹੀਂ ਆਉਣਾ। ...ਤੂੰ ਆਪ ਹੀ ਧਿਆਨ ਰੱਖੀਂ ...।" 000

**ਹਵਾਲੇ ਤੇ ਟਿੱਪਣੀਆਂ**

1. *ਹਿੰਦੋਸਤਾਨ ਗ਼ਦਰ*, ਸਾਨਫਰਾਂਸਿਸਕੋ, 10 ਜੂਨ, 1917, ਪੰਨਾ 7

2. "ਬਾਬਾ ਹਰਨਾਮ ਸਿੰਘ ਟੁੰਡੀਲਾਟ ਦਾ ਬਿਆਨ", ਡਾ. ਹਰਜੀਤ ਸਿੰਘ (ਸੰਪਾ.), *ਗ਼ਦਰ ਲਹਿਰ ਦੀ ਕਹਾਣੀ ਗ਼ਦਰੀ ਬਾਬਿਆਂ ਦੀ ਜ਼ੁਬਾਨੀ,* (ਜਲੰਧਰ: ਦੇਸ਼ ਭਗਤ ਯਾਦਗਾਰ ਕਮੇਟੀ, 2017), ਪੰਨਾ 111

3. "ਕਰਤਾਰ ਸਿੰਘ ਦੁੱਕੀ ਦਾ ਬਿਆਨ", *ਗ਼ਦਰ ਲਹਿਰ ਦੀ ਕਹਾਣੀ ਗ਼ਦਰੀ ਬਾਬਿਆਂ ਦੀ ਜ਼ੁਬਾਨੀ,*, ਪੰਨਾ 216

4. *Lahore Conspiracy Case: Judgement*

5. *ਓਹੀ*

6. ਰਾਜਵਿੰਦਰ ਸਿੰਘ ਰਾਹੀ (ਸੰਪਾ.), *ਮੇਰੀ ਰਾਮ ਕਹਾਣੀ : ਬਾਬਾ ਸੋਹਣ ਸਿੰਘ ਭਕਨਾ,*

(ਸਮਾਣਾ: ਸੰਗਮ ਪਬਲੀਕੇਸ਼ਨਜ਼, 2012), ਪੰਨਾ 102

7.. "ਬਾਬਾ ਹਰਨਾਮ ਸਿੰਘ ਟੁੰਡੀਲਾਟ ਦਾ ਬਿਆਨ", *.ਗਦਰ ਲਹਿਰ ਦੀ ਕਹਾਣੀ .ਗਦਰੀ ਬਾਬਿਆਂ ਦੀ ਜ਼ੁਬਾਨੀ,* ਪੰਨਾ 117 ਅਤੇ "ਜਥੇਦਾਰ ਤਾਰਾ ਸਿੰਘ ਠੇਠਰ ਦਾ ਬਿਆਨ", *.ਗਦਰ ਲਹਿਰ ਦੀ ਕਹਾਣੀ .ਗਦਰੀ ਬਾਬਿਆਂ ਦੀ ਜ਼ੁਬਾਨੀ,* ਪੰਨਾ 397

8. *ਓਹੀ,*, ਪੰਨਾ 121

9. F.C.Isemonger and J. Slattery, *An Account of the Ghadr Conspiracy 1913*-15 (Indian Police, Punjab, 1919; reprint, Berkeley: Folklore Institute, 1998), p. 141

10. Intelligence Bureau, Home Department, Government of India, Comp.,*The Ghadr Directory: Containing the Names of Persons Who Have Taken Part in the Ghadr Movement in America, Europe, Africa and Afghanistan as Well as in India* (Government of India Press, 1934; reprint, Patiala: Publication Bureau, Punjabi University, 1997), p9

11. " ਪਰਮਾ ਨੰਦ ਝਾਂਸੀ ਦਾ ਬਿਆਨ", *.ਗਦਰ ਲਹਿਰ ਦੀ ਕਹਾਣੀ .ਗਦਰੀ ਬਾਬਿਆਂ ਦੀ ਜ਼ੁਬਾਨੀ* , ਪੰਨਾ 145

12. "ਭਾਗ ਸਿੰਘ ਕੈਨੇਡੀਅਨ ਦਾ ਬਿਆਨ", *.ਗਦਰ ਲਹਿਰ ਦੀ ਕਹਾਣੀ .ਗਦਰੀ ਬਾਬਿਆਂ ਦੀ ਜ਼ੁਬਾਨੀ*, ਪੰਨਾ 330

13. "ਬਾਬਾ ਅਮਰ ਸਿੰਘ ਦਾ ਬਿਆਨ", *.ਗਦਰ ਲਹਿਰ ਦੀ ਕਹਾਣੀ .ਗਦਰੀ ਬਾਬਿਆਂ ਦੀ ਜ਼ੁਬਾਨੀ* , ਪੰਨਾ 283

## *ਸਿਰਜਣਾ ਦੇ ਪੁਰਾਣੇ ਅੰਕ*

### *SIRJANA ARCHIVES ON INTERNET*

***ਕੈਨੇਡਾ ਵਸਦੇ ਪੰਜਾਬੀ ਚਿੰਤਕ-ਲੇਖਕ ਸੁਖਵੰਤ ਹੁੰਦਲ ਨੇ 'ਸਿਰਜਣਾ' ਦੀਆਂ ਫਾਈਲਾਂ ਨੂੰ ਡਿਜੀਟਲ ਰੂਪ ਵਿਚ ਇੰਟਰਨੈੱਟ 'ਤੇ ਪਾਉਣ ਦਾ ਵੱਡਾ ਕੰਮ ਕੀਤਾ ਹੈ। ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਵਿਚ ਅਧਿਆਪਕ ਵਜੋਂ ਆਪਣੀ ਸੇਵਾ-ਮੁਕਤੀ ਤੋਂ ਪਿੱਛੋਂ ਉਸਨੇ ਕਾਫੀ ਸਮਾਂ ਨਿੱਠ ਕੇ ਕੰਮ ਕਰਦਿਆਂ ਇਹ ਕਾਰਜ ਨਿਪਟਾਇਆ ਹੈ। ਬਹੁਤ ਸਾਰੀਆਂ ਪੁਰਾਣੀਆਂ ਫਾਈਲਾਂ ਸੁਖਵੰਤ ਹੁੰਦਲ ਨੂੰ ਉਪਲਭਦ ਕਰਾਉਣ ਵਿਚ ਸਾਧੂ ਬਿਨਿੰਗ ਨੇ ਵੀ ਯੋਗਦਾਨ ਪਾਇਆ ਹੈ। ਸੁਖਵੰਤ ਦੀ ਤਿਆਰ ਕੀਤੀ 'ਸਿਰਜਣਾ' ਦੀ ਵੈੱਬਸਾਈਟ ਦਾ ਪਤਾ ਹੈ:***

***https://sirjanaarchives.wordpress.com/***

***ਇਸ ਸਾਈਟ ਉੱਤੇ 'ਸਿਰਜਣਾ' ਦੀਆਂ ਪੀਡੀਐੱਫ ਫਾਈਲਾਂ ਦੇ ਨਾਲ ਨਾਲ 'ਸਿਰਜਣਾ' ਵਿਚ ਛਪੀਆਂ ਲਿਖਤਾਂ ਦੀ ਸੂਚੀ ਵੀ ਹੈ। ਹਾਲੇ ਇਸ ਸਾਈਟ ਉੱਤੇ 'ਸਿਰਜਣਾ' ਦੇ ਪਹਿਲੇ ਛੇ ਵਰ੍ਹਿਆਂ ਦੀਆਂ ਫਾਈਲਾਂ ਮੌਜੂਦ ਨਹੀਂ। ਛੇਤੀ ਹੀ ਇਹ ਫਾਈਲਾਂ ਵੀ ਮੁਹਈਆ ਕਰਵਾ ਦਿੱਤੀਆਂ ਜਾਣਗੀਆਂ। -ਸੰਪਾਦਕ***

# 'ਅਲਵਿਦਾ ਤੋਂ ਬਾਅਦ': ਰਿਵੀਊ ਲੇਖ: ਦਵਿੰਦਰ ਸੈਫੀ

'ਅਲਵਿਦਾ ਤੋਂ ਬਾਅਦ' ਡਾ. ਹਰਿਭਜਨ ਸਿੰਘ ਦੀ ਸਿਰਜਣਾ, ਸੰਵੇਦਨਾ, ਚਿੰਤਨ, ਵਿਹਾਰਕ ਵਿਚਰਨ ਅਤੇ ਬਹੁਦਿਸ਼ਾਵੀ ਵਿਲੱਖਣਤਾ ਸੰਬੰਧੀ ਪੂਰਨ ਨਿਸ਼ਠਾ ਤਹਿਤ ਤਿਆਰ ਕੀਤੀ ਦਸਤਾਵੇਜ਼ੀ ਪੁਸਤਕ ਹੈ। ਇਸ ਪੁਸਤਕ ਦੇ ਸੰਪਾਦਕ ਜਗਤਾਰਜੀਤ ਸਿੰਘ ਹੋਰਾਂ ਨੇ ਡਾ. ਹਰਿਭਜਨ ਸਿੰਘ ਦੇ ਸਮਕਾਲ ਦੀਆਂ ਬਹੁਤ ਸਾਰੀਆਂ ਅਣਫ਼ਰੋਲੀਆਂ ਅਤੇ ਖ਼ਾਮੋਸ਼ ਪਰਤਾਂ ਨੂੰ ਬੇਬਾਕੀ ਸਹਿਤ ਭਾਸ਼ਾਈ ਪਹਿਰਨ ਪ੍ਰਦਾਨ ਕੀਤਾ ਹੈ। ਪਿਛਲੇ ਸਮੇਂ ਦੌਰਾਨ ਡਾ. ਹਰਿਭਜਨ ਸਿੰਘ ਦੀ ਸਿਰਜਣਾ ਅਤੇ ਚਿੰਤਨ ਉੱਪਰ ਕਾਫ਼ੀ ਸਾਰੀਆਂ ਚਰਚਾਵਾਂ ਤੇ ਸੰਪਾਦਨਾਵਾਂ ਸਾਹਮਣੇ ਆਉਂਦੀਆਂ ਰਹੀਆਂ ਹਨ। ਜਗਤਾਰਜੀਤ ਸਿੰਘ ਦੇ ਇਸ ਕਾਰਜ ਦੀ ਵਿਲੱਖਣਤਾ ਡਾ. ਹਰਿਭਜਨ ਸਿੰਘ ਦਾ ਨਾਇਕਤਵ ਉਭਾਰਨ ਵਿਚ ਹੈ। ਬਿਨਾਂ ਸ਼ੱਕ ਇਹ ਕਾਰਜ ਨਿਸ਼ਠਾ 'ਚੋਂ ਉਦੈ ਹੁੰਦਾ ਹੈ ਪਰ ਇਸ ਦੀ ਸ਼ਕਤੀ ਸਮਰੱਥਾ ਸੰਪਾਦਕ ਦੀ ਸ਼ਾਖ਼ਸੀ ਮੋਹਰ ਉੱਪਰ ਆਧਾਰਿਤ ਹੈ।

ਜਗਤਾਰਜੀਤ ਖ਼ੁਦ ਸਿਰਜਣਾਤਮਕਤਾ, ਕਲਾ ਨਿਰਖ-ਪਰਖ ਅਤੇ ਅਨੁਵਾਦ ਜਗਤ ਨਾਲ ਸੰਬੰਧਤ ਜਾਣਿਆ ਪਛਾਣਿਆ ਨਾਮ ਹੈ। ਜਿੱਥੇ ਉਸਨੇ ਕਵਿਤਾ, ਕਹਾਣੀ ਅਤੇ ਵਾਰਤਕ ਵਿਧਾ ਵਿਚ ਸਿਰਜਣਾ ਕੀਤੀ, ਉੱਥੇ ਕਲਾ ਵਿਸ਼ਲੇਸ਼ਕ ਵਜੋਂ ਕਾਰਜਸ਼ੀਲ ਰਹਿੰਦਿਆਂ 'ਕਲਾ ਤੇ ਕਲਾਕਾਰ', 'ਰੰਗਿ ਹਸਹਿ ਰੰਗਿ ਰੋਵਹਿ', 'ਚਿਤਰਕਾਰੀ ਵਿਚ ਗੁਰੂ ਨਾਨਕ' ਜਿਹੀਆਂ ਕਿਰਤਾਂ ਨਾਲ ਪੰਜਾਬੀ ਸ਼ਬਦ ਜਗਤ ਨੂੰ ਵਿਸ਼ੇਸ਼ ਤਰ੍ਹਾਂ ਦੀ ਅਮੀਰੀ ਪ੍ਰਦਾਨ ਕੀਤੀ।

'ਅਲਵਿਦਾ ਤੋਂ ਬਾਅਦ' ਪੁਸਤਕ ਉਸ ਦੀ ਲੰਮੇਰੀ ਸਾਧਨਾ ਦਾ ਪ੍ਰਤਿਫ਼ਲ ਹੈ। ਉਸਨੂੰ ਡਾ. ਹਰਿਭਜਨ ਸਿੰਘ ਦੀ ਨੇੜਤਾ ਮਿਲੀ। ਇਹ ਨੇੜਤਾ ਉਸਦੀ ਸਿੱਖਿਆਰਥੀ ਆਯੂ ਤੋਂ ਆਰੰਭ ਹੁੰਦੀ ਹੈ ਤੇ ਪੱਕੀ ਪੀਡੀ ਲਗਾਉ ਯਾਤਰਾ ਕਰਦੀ ਹੋਈ ਡਾ. ਹਰਿਭਜਨ ਸਿੰਘ ਦੇ ਆਖਰੀ ਸਵਾਸ ਤੀਕਰ ਨਿਭਦੀ ਹੈ। ਇਸ ਪੁਸਤਕ ਦੀ ਭੂਮਿਕਾ ਜੋ 'ਇਸ ਕਿਤਾਬ ਬਾਰੇ' ਸਿਰਲੇਖ ਹੇਠ ਲਿਖੀ ਗਈ, ਉਸ ਵਿਚੋਂ ਦੋ ਕੁ ਟਿੱਪਣੀਆਂ ਨਾਲ ਸਾਂਝ ਪਾ ਕੇ ਇਸ ਨੇੜਤਾ ਦਾ ਤਸੱਵੁਰ ਕੀਤਾ ਜਾ ਸਕਦਾ ਹੈ:

** ਡਾ. ਸਾਹਿਬ ਨਾਲ ਜੁੜਨ ਦਾ ਮੂਲ ਮਕਸਦ ਤਾਂ ਉਨ੍ਹਾਂ ਕਰੀਬ ਰਹਿ ਕੇ ਪੜ੍ਹਨਾ ਸੀ। ਇਸ ਦੀ ਪੂਰਤੀ ਦਾ ਇਕੋ ਸਾਧਨ ਪੀਐੱਚ.ਡੀ ਦੀ ਪੜ੍ਹਾਈ ਸੀ।* ਪੰਨਾ 11

** ਭਿਜਉ ਸਿਜਉ ਕੰਬਲੀ ਲੇਖ ਵਿਚ ਉਨ੍ਹਾਂ ਆਪਣੇ ਇਕ ਮੱਦਾਹ ਦਾ ਜ਼ਿਕਰ ਕੀਤਾ ਹੈ ਜੋ ਆਪਣੀ ਆਰਜਾ ਦੇ ਦਸ ਵਰ੍ਹੇ ਉਨ੍ਹਾਂ ਨੂੰ ਦੇਣ ਦੀ ਗੱਲ ਕਰਦਾ ਹੈ। ਉਹ ਖ਼ਤ ਦਾ ਲਿਖਣਹਾਰ ਮੈਂ ਹੀ ਸੀ। ਏਨਾ ਯਾਦ ਹੈ ਕਿ ਉਸ ਵੇਲੇ ਉਹ ਕੈਂਸਰ ਦੀ ਲਪੇਟ ਵਿਚ ਸਨ। ਉਸ ਵੇਲੇ ਜੋ ਮਨ ਵਿਚ ਸੀ, ਲਿਖ ਹੋ ਗਿਆ।* ਪੰਨਾ 10

ਉਕਤ ਤੋਂ ਇਲਾਵਾ ਇਸ ਪੁਸਤਕ ਵਿਚ ਹੋਰ ਵੀ ਬਹੁਤ ਵੇਰਵੇ ਹਨ ਜਿਨ੍ਹਾਂ ਤੋਂ ਸਿੱਧੇ ਤੌਰ 'ਤੇ ਜਾਂ ਉਹਨਾਂ ਵੇਰਵਿਆਂ ਨੂੰ ਪੇਸ਼ ਕਰਨ ਵਾਲੇ ਵਾਕਾਂ ਦੀਆਂ ਵਿੱਥਾਂ ਵਿਚੋਂ ਇਹ ਨੇੜਤਾ ਤੇ ਨਿਸ਼ਠਾ ਲੱਭੀ ਜਾ ਸਕਦੀ ਹੈ।

ਪੁਸਤਕ ਦੇ ਮੁੱਢਲੇ ਸਫ਼ਿਆਂ 'ਤੇ ਡਾ. ਹਰਿਭਜਨ ਦੀਆਂ ਉਹ ਕਵਿਤਾਵਾਂ ਛਾਪੀਆਂ ਗਈਆਂ ਹਨ ਜਿਨ੍ਹਾਂ ਨੂੰ ਪੁਸਤਕ ਰੂਪ ਵਿਚ ਪੇਸ਼ ਕਰਨ ਦੇ ਸੰਬੰਧ ਵਿਚ ਉਹ ਖ਼ੁਦ ਵੀ ਦੁਬਿਧਾ ਵਿਚ ਰਹੇ। ਦੁਬਿਧਾ ਵੀ ਵਧੀਕ ਨਾਂਹਮੁਖੀ ਹੋਣ ਸਦਕਾ ਇਹਨਾਂ ਦੀ ਪ੍ਰਕਾਸ਼ਨਾ ਤੋਂ ਟਲਦੇ ਰਹੇ। ਇਹ ਕਵਿਤਾਵਾਂ ਅੱਠਵੇਂ ਦਹਾਕੇ ਦੇ ਪੰਜਾਬ ਸੰਕਟ ਬਾਰੇ ਹਨ। 2017 ਵਿਚ ਇਹਨਾਂ ਕਵਿਤਾਵਾਂ ਦੀ ਪ੍ਰਕਾਸ਼ਨਾ ਸਾਹਮਣੇ ਆਈ ਸੀ ਜੋ ਕਿ ਲੰਬਾ ਸਮਾਂ ਜਗਤਾਰਜੀਤ ਹੋਰਾਂ ਕੋਲ਼ ਹੀ ਡਾ. ਹਰਿਭਜਨ ਸਿੰਘ ਦੇ ਹੱਥ

ਲਿਖਤ ਖਰੜੇ ਵਜੋਂ ਸਾਂਭੀਆਂ ਪਈਆਂ ਸਨ। "ਉੱਨੀ ਸੌ ਚੁਰਾਸੀ" ਨਾਮ ਰੱਖ ਕੇ ਪੁਸਤਕ ਰੂਪ ਵਿਚ ਪ੍ਰਕਾਸ਼ਤ ਇਸ ਪੁਸਤਕ ਦੇ ਆਰੰਭ ਵਿਚ ਸੰਪਾਦਕ ਨੇ ਖ਼ੁਦ ਵੀ ਜਗਤਾਰਜੀਤ ਹੋਰਾਂ ਦੀ ਇਸ ਸਾਂਭ ਦਾ ਜ਼ਿਕਰ ਕੀਤਾ ਹੈ। ਕਵਿਤਾਵਾਂ ਤੋਂ ਇਲਾਵਾ ਡਾ. ਹਰਿਭਜਨ ਸਿੰਘ ਹੋਰਾਂ ਦਾ ਹੋਰ ਬੌਧਿਕ, ਸੰਵੇਦਨਾਤਮਕ ਸਰਮਾਇਆ ਹੈ, ਜੋ ਮੂਲ ਤੌਰ 'ਤੇ ਜਗਤਾਰਜੀਤ ਨੇ ਹੀ ਸਾਂਭ ਕੇ ਰੱਖਿਆਹੈ। ਡਾ. ਹਰਿਭਜਨ ਸਿੰਘ ਦੇ ਵਿਸ਼ਾਲ ਕਾਵਿ - ਜਗਤ ਦੀ ਅਮੀਰੀ ਬੇਹਿਸਾਬੀ ਹੈ। ਵਕ੍ਰੋਕਤੀ, ਅਜਨਬੀਕਰਨ, ਚਿਤਰਾਵਲੀ, ਉਦਾਤ ਦਾ ਅਜਿਹਾ ਵਿਲੱਖਣ ਸੰਸਾਰ ਬਹੁਤ ਘੱਟ ਕਵੀਆਂ ਦੇ ਹਿੱਸੇ ਆਉਂਦਾ ਹੈ। ਇਹ ਕਵਿਤਾਵਾਂ ਜਿਨ੍ਹਾਂ ਨੂੰ ਪੁਸਤਕ ਰੂਪ 'ਚ ਪ੍ਰਕਾਸ਼ਤ ਕਰਵਾਉਣ ਤੋਂ ਉਹ ਟਲਦੇ ਰਹੇ, ਦਾ ਅਵਚੇਤਨ ਉਹਨਾਂ ਦੇ ਬਾਕੀ ਕਾਵਿ ਨਾਲੋਂ ਬਹੁਤ ਅਲਹਿਦਾ ਹੈ। ਇਹਨਾਂ ਵਿਚੋਂ ਸੰਕਟ ਗ੍ਰਸਤ ਪੰਜਾਬੀ ਚਿੱਤ ਬੋਲਦਾ ਹੈ। ਇਸ ਚਿੱਤ ਦੀ ਵੇਦਨਾ-ਸੰਵੇਦਨਾ ਨੂੰ ਜਿਸ ਅੰਦਾਜ਼ ਵਿਚ ਡਾ. ਹਰਿਭਜਨ ਸਿੰਘ ਨੇ ਕਾਵਿ-ਜਾਮਾ ਪਹਿਨਾਇਆ, ਉਹ ਅੰਦਾਜ਼ ਹੋਰ ਕਿਸੇ ਪੰਜਾਬੀ ਸ਼ਾਇਰ ਦੇ ਹਿੱਸੇ ਨਹੀਂ ਆਇਆ। ਜਿਸ ਮਰਮੱਗਤਾ ਸਹਿਤ ਇਕ ਸੰਕਟ-ਦੌਰ ਨੂੰ ਉਹਨਾਂ ਆਪਣੀ ਕਾਵਿ-ਪ੍ਰਤਿਭਾ ਰਾਹੀਂ ਅਭਿਵਿਅਕਤ ਕੀਤਾ ਹੈ ਉਹ ਲਾਜਵਾਬ ਹੈ। ਸੰਕਟਕਾਲੀਨ ਅਰਸੇ ਦੌਰਾਨ ਵਲੂੰਧਰੀ ਪੰਜਾਬੀ ਸੰਵੇਦਨਾ ਦੀ ਲੋਕਧਾਰਾਈ ਮੁਹਾਵਰੇ ਵਿਚ ਪੇਸ਼ਕਾਰੀ ਵਕਤ ਕਵੀ ਧਰਮ ਦੀ ਉਚਿਆਈ ਤੇ ਗਹਿਰਾਈ ਆਪਣੇ ਵਿਸ਼ੇਸ਼ ਮੁੱਲ ਤੀਕਰ ਅੱਪੜਦੀ ਹੈ। ਦੋ ਕੁ ਕਾਵਿ-ਟੁਕੜੀਆਂ ਦੇ ਸਨਮੁਖ ਹੋ ਕੇ ਇਸ ਬਾਰੇ ਅੰਦਾਜ਼ਾ ਲਾਇਆ ਜਾ ਸਕਦਾ ਹੈ:

**ਮਾਏ ਮੈਨੂੰ ਅੰਬਰਸਰ ਲਗਦਾ ਪਿਆਰਾ....*
*ਹਰਿਮੰਦਰ ਇਕ ਸੰਤ ਸੁਣੀਂਦਾ, ਉੱਜਲ ਰੂਪ ਦਿਦਾਰਾ*
*ਸੁਣਿਆ ਉਨ੍ਹਾਂ ਗੁਰਸੰਗਤ ਦਾ, ਕੀਤਾ ਵੰਡ-ਵੰਡਾਰਾ*
*ਸਿੱਖ ਸਿੱਖ ਇਕ ਪਾਸੇ ਕੀਤਾ, ਹਿੰਦੂ ਹਿੰਦੂ ਬਾਹਰਾ* ਪੰਨਾ 23

*ਇਕਨਾਂ ਹਰਿ ਕੇ ਬੰਦੇ ਕੋਹੇ, ਇਕਨਾਂ ਹਰਿ ਕੇ ਮੰਦਰ*
*ਦੋਹਾਂ ਦੇ ਵਿਚ ਕੋਈ ਨਾ ਐਸਾ, ਜਿਸਨੂੰ ਆਪਣਾ ਕਹੀਏ*
*ਨਾ ਬੁਲ੍ਹਿਆ ਅਸੀਂ ਭਿੰਡਰਾਂਵਾਲੇ, ਨਾ ਅਸੀਂ ਇੰਦਰਾ ਵਾਲੇ*
*ਦੋ ਤੇਗਾਂ 'ਚੋਂ ਆਪਣੇ ਸਿਰ ਲਈ, ਕਿਹੜੀ ਤੇਗ ਚੁਣ ਲਈਏ* ਪੰਨਾ 38

ਪੰਜਾਬੀ ਅਵਚੇਤਨ ਨੂੰ ਅਵਾਜ਼ ਦੇਣ ਵਾਲੀ ਅਜਿਹੀ ਕਵਿਤਾ ਤੋਂ ਪੰਜਾਬੀ ਜਗਤ ਨੇ ਵਿਰਵਾ ਰਹਿ ਜਾਣਾ ਸੀ ਜੇਕਰ ਇਹਨਾਂ ਦੀ ਸੰਭਾਲ ਤੋਂ ਪ੍ਰਕਾਸ਼ਨਾ ਤੀਕਰ ਦੀ ਯਾਤਰਾ ਨਾ ਕਰਵਾਈ ਜਾਂਦੀ।

ਇਸ ਪੁਸਤਕ ਦੇ ਅਗਲੇਰੇ ਹਿੱਸੇ ਵਿਚ ਲੰਮੇਰੀ ਮੁਲਾਕਾਤ ਹੈ। ਮੁਲਾਕਾਤ ਦਾ ਅਰਸਾ 1992 ਦੇ ਕੁਝ ਮਹੀਨਿਆਂ ਵਿਚਕਾਰ ਫੈਲਿਆ ਹੈ, ਜੋ ਕਈ ਬੈਠਕਾਂ ਵਿਚ ਕੀਤੀ ਗਈ। ਡਾ. ਹਰਿਭਜਨ ਸਿੰਘ ਦੀਆਂ ਅਕਾਦਮਿਕ ਪੈੜਾਂ, ਗਿਆਨਾਤਮਕ ਉਚਾਈਆਂ, ਸਿਰਜਣਾਤਮਕ ਪਰਤਾਂ, ਸੁਹਜਾਤਮਕ ਮੰਡਲਾਂ ਅਤੇ ਵਿਹਾਰਕ ਧਰਾਤਲਾਂ ਦੀ ਬਹੁਦਿਸ਼ਾਵੀ ਥਾਹ ਪਾਉਣ ਵਾਲੀ ਇਹ ਮੁਲਾਕਾਤ ਮੁਲਾਕਾਤੀ ਨੂੰ ਵੀ ਸ਼ਿੱਦਤੀ ਅਧਿਏਤਾ ਅਤੇ ਵਿਹਾਰਕ ਜਗਿਆਸੂ ਸਿੱਧ ਕਰਦੀ ਹੈ। ਮੁਲਾਕਾਤ ਤੋਂ ਬਾਅਦ ਡਾ. ਹਰਿਭਜਨ ਸਿੰਘ ਦੇ ਖੋਜਾਤਮਕ, ਆਲੋਚਨਾਤਮਕ, ਜੀਵਨੀਮੂਲਕ, ਸ੍ਵੈਜੀਵਨੀਮੂਲਕ ਅਤੇ ਅਨੁਵਾਦਨੁਮਾ ਸਿਧਾਂਤਮੁਖੀ ਨਿਬੰਧ ਸ਼ਾਮਲ ਕੀਤੇ ਗਏ ਹਨ। ਇਸੇ ਸ਼੍ਰਿੰਖਲਾ ਵਿਚ ਹਿੰਦੀ ਭਾਸ਼ਾ ਵਿਚ ਲਿਖਿਆ "ਸ਼ੰਕਰ ਦਰਸ਼ਨ ਔਰ ਬਾਨੀ ਸਾਹਿਤਯ" ਅਤੇ ਅੰਗਰੇਜ਼ੀ ਭਾਸ਼ਾ ਵਿਚ "ਏ ਪ੍ਰੈਜ਼ੀਡੈਂਸ਼ੀਅਲ ਐਡਰੈੱਸ" ਵੀ ਸ਼ਾਮਲ ਕੀਤੇ ਗਏ ਹਨ। ਇਹ ਸਾਮੱਗਰੀ ਡਾ. ਹਰਿਭਜਨ ਸਿੰਘ ਦੀ ਆਲੋਚਨਾਤਮਕ, ਸਿਰਜਣਾਤਮਕ ਅਤੇ ਸਿੱਧਾਂਤਕ ਸ਼ੈਲੀ ਦੇ ਸਮਾਨਾਂਤਰ ਦੀਦਾਰ ਕਰਾਉਂਦੀ ਹੈ। ਭਾਰਤੀ ਅਤੇ ਫ਼ਾਰਸੀ ਕਾਵਿ-ਸ਼ਾਸਤਰੀ ਨੇਮਾਂ, ਨਵ-ਚਿੰਤਨ ਚੇਤਨਾ ਅਤੇ ਨਵ-ਭਾਸ਼ਾ-ਸ਼ੈਲੀ ਵਿਗਿਆਨ ਨੂੰ ਆਪਣੀ

ਮੌਲਿਕ ਸੋਝੀ ਵਿਚ ਸਮੋ ਕੇ ਰਚਨਾ ਦੀਆਂ ਪਰਤਾਂ ਉਘਾੜਦਿਆਂ ਸਾਹਿਤ-ਕੇਂਦਰਤ-ਸਾਧਨਾ ਦੇ ਜੋ ਨਕਸ਼ ਡਾ. ਹਰਿਭਜਨ ਸਿੰਘ ਦੁਆਰਾ ਸਥਾਪੇ ਗਏ ਉਹ ਅਹਿਮ ਤਾਰੀਖ਼ੀ ਮੁੱਲ ਰੱਖਦੇ ਹਨ। ਸਾਹਿਤ ਨੂੰ ਸਾਹਿਤ ਵਜੋਂ ਦੇਖਣ, ਜਾਂਚਣ, ਪਰਖਣ ਲਈ ਹੋਰਨਾਂ ਗਿਆਨ ਅਨੁਸ਼ਾਸਨਾਂ ਦੇ ਪ੍ਰਭਾਵ ਤੋਂ ਮੁਕਤ ਰੱਖ ਕੇ ਸ਼ੁੱਧ ਸਾਹਿਤਕਤਾ ਦੀ ਸੁਰ ਬੁਲੰਦ ਕਰਨ ਦੀ ਘਾਲਣਾ ਪੰਜਾਬੀ ਸਾਹਿਤ-ਚਿੰਤਨ ਮਾਰਗ ਵਿਚ ਨਿਵੇਕਲੀ ਪਹਿਲਕਦਮੀ ਸਿੱਧ ਹੋਈ।

ਇਸ ਪੁਸਤਕ ਦਾ ਆਖਰੀ ਹਿੱਸਾ ਜਗਤਾਰਜੀਤ ਹੋਰਾਂ ਦੀਆਂ ਡਾ. ਹਰਿਭਜਨ ਸਿੰਘ ਨਾਲ ਜੁੜੀਆਂ ਮੁਖ਼ਤਲਿਫ਼ ਯਾਦਾਂ ਨਾਲ ਸੰਬੰਧਤ ਹੈ। ਇਹ ਯਾਦਾਂ/ਘਟਨਾਵਾਂ ਲਘੂ ਨਿਬੰਧਾਂ/ਸੰਸਮਰਣਾਂ ਵਾਕੁਣ ਪੇਸ਼ ਕੀਤੀਆਂ ਹਨ। ਇਹਨਾਂ ਰਾਹੀਂ ਡਾ. ਹਰਿਭਜਨ ਸਿੰਘ ਦਾ ਸ਼ੁਭ ਵਿਚਰਨ, ਅਕਾਦਮਿਕ ਸਮਰਪਨ, ਨਿਰਲੇਪ ਖੋਜੀ ਮਨ ਅਤੇ ਸੰਵੇਦਨੀ ਕਸ਼ਟ ਅਭਿਵਿਅਕਤ ਕੀਤੇ ਗਏ ਹਨ। ਡਾ. ਹਰਿਭਜਨ ਸਿੰਘ ਦੀ ਅਸਤਿੱਤਵਗਤ ਉੱਚਾਈ ਉਭਾਰਦਿਆਂ ਤਤਕਾਲ ਦੇ ਅਕਾਦਮਿਕ ਤੇ ਸਾਹਿਤਕ ਹਲਕਿਆਂ ਦੀਆਂ ਵਿਸੰਗਤੀਆਂ ਵੀ ਜ਼ਾਹਰ ਕੀਤੀਆਂ ਹਨ। ਡਾ. ਹਰਿਭਜਨ ਸਿੰਘ ਜੇਹੇ ਵੱਡੇ ਅਧਿਆਪਕ ਨੂੰ ਸੇਵਾ ਮੁਕਤੀ ਦੇ ਅਵਸਰ 'ਤੇ ਵੀ ਰੁਟੀਨ-ਵਾਪਸੀ ਵਾਂਗ ਵਿਭਾਗ ਵੱਲੋਂ ਪਰਤਦਿਆਂ ਵੇਖਣਾ, ਉਹਨਾਂ ਦੇ ਵਿਦਿਆਰਥੀਆਂ ਦਾ ਹੋਰਨਾਂ ਕੁਰਸੀਧਾਰੀ ਅਧਿਆਪਕਾਂ ਵੱਲੋਂ ਰੰਜਿਸ਼ੀ ਵਿਹਾਰ ਦਾ ਸ਼ਿਕਾਰ ਬਣਨਾ, ਇਕ ਅਧਿਆਪਕ (?) ਦੁਆਰਾ ਗੁਰਬਾਣੀ ਪੜ੍ਹਾਉਂਦਿਆਂ ਪੜ੍ਹਾਉਂਦਿਆਂ ਵਿਚ ਦੀ ਡਾ. ਹਰਿਭਜਨ ਸਿੰਘ ਖਿਲਾਫ਼ ਜ਼ਹਿਰੀਲੇ ਰੰਜਿਸ਼ੀ ਬੋਲ ਬੋਲ ਦੇਣੇ, ਸਾਹਿਤ ਅਕਾਦਮੀ ਦੁਆਰਾ ਫੈਲੋਸ਼ਿਪ ਲਈ ਚੁਣੇ ਜਾਣ 'ਤੇ ਇਕ ਵੱਡੇ ਸਾਹਿਤਕਾਰ ਵੱਲੋਂ ਆਪਣਾ ਅਤਿ ਹੀਣਾ ਤੇ ਖਚਰਾ ਰੂਪ ਦਿਖਾ ਦੇਣਾ, ਉਹਨਾਂ ਦੇ ਅਕਾਲ ਚਲਾਣੇ ਉਪਰੰਤ ਉਹਨਾਂ ਦੇ ਅਣਛਪੇ ਬੌਧਿਕ, ਸਿਰਜਣਾਤਮਕ ਸਰਮਾਏ ਦੀ ਸਾਂਭ ਨਾ ਹੋਣੀ ਤੇ ਉਸਨੂੰ ਕੋਝੀਆਂ ਚਾਲਾਂ ਤਹਿਤ ਹੜੱਪਣ ਦੀਆਂ ਕੋਸ਼ਿਸ਼ਾਂ ਹੋਣੀਆਂ,ਹਰ ਸੰਵੇਦਨਸ਼ੀਲ ਹਿਰਦੇ ਲਈ ਨਿਰਾਸ਼ਾਜਨਕ ਵਰਤਾਰੇ ਹਨ। ਇਹ ਨਿਰਾਸ਼ਾ ਇਸ ਪੱਖੋਂ ਵਧੀਕ ਗੰਭੀਰ ਹੈ ਕਿ ਇਲਮ ਦੇ ਢੇਰ ਲਗਾ ਕੇ ਰੱਖਣ ਵਾਲੇ ਲੋਕ ਵੀ ਆਪਣੇ ਹੋਂਦਗਤ ਮਸਲੇ 'ਤੇ ਏਨੇ ਪੇਤਲੇ ਤੇ ਬੌਣੇ ਕਿਵੇਂ ਰਹਿ ਜਾਂਦੇ ਹਨ !! ਜਿੱਥੋਂ ਤੀਕ ਇਹਨਾਂ ਘਟਨਾਵਾਂ ਦੀ ਪ੍ਰਮਾਣੀਕਤਾ ਦਾ ਸੰਬੰਧ ਹੈ ਉਸ ਲਈ ਏਨਾ ਹੀ ਕਾਫ਼ੀ ਹੈ ਕਿ ਜਗਤਾਰਜੀਤ ਬਾਕਾਇਦਾ ਨਾਮ, ਸਮਾਂ ਤੇ ਸਥਾਨ ਦੱਸ ਕੇ ਇਹ ਸਭ ਲਿਖ ਰਿਹਾ ਹੈ।

ਇਸ ਸਭ ਦੀ ਪੁਸ਼ਟੀ ਕਰਨ ਵਾਲੇ ਕੁਝ ਵੇਰਵੇ ਅੱਜ ਤੋਂ 15 ਕੁ ਸਾਲ ਪਹਿਲਾਂ ਡਾ. ਹਰਿਭਜਨ ਸਿੰਘ ਹੋਰਾਂ ਦੀ ਧਰਮ ਪਤਨੀ ਪਾਸੋਂ ਵੀ ਉਹਨਾਂ ਦੀ ਅੱਥਰੂਆਂ ਭਰੀ ਪ੍ਰਮਾਣੀਕਤਾ ਸਹਿਤ ਸੁਣੇ ਸਨ।

ਸਮੁੱਚੇ ਤੌਰ 'ਤੇ "ਅਲਵਿਦਾ ਤੋਂ ਬਾਅਦ" ਪੁਸਤਕ ਦਾ ਆਪਣਾ ਨਿਵੇਕਲਾ ਰੰਗ ਹੈ। ਜਗਤਾਰਜੀਤ ਦੀ ਲੰਮੇਰੀ ਤੇ ਗਹਿਰੀ ਘਾਲਣਾ ਦਾ ਆਪਣਾ ਤੱਥ ਸੱਚ ਹੈ। ਪੰਜਾਬੀ ਵਿਚ ਪੁਸਤਕ ਸੰਪਾਦਨਾ ਦੇ ਨਾਮ ਉਪਰ ਬਹੁਤੀ ਭੀੜ ਉਹਨਾਂ ਪੁਸਤਕਾਂ ਦੀ ਨਜ਼ਰ ਆਉਂਦੀ ਹੈ ਜੋ ਅਕਸਰ ਕਿਸੇ ਸੰਪਾਦਕ ਦੀ ਅਕਾਦਮਿਕ ਲੋੜ (ਨੌਕਰੀ ਜਾਂ ਪਦਉੱਨਤੀ ਅੰਕਾਂ ਹਿੱਤ), ਪਛਾਣ ਤਾਂਘ-ਤਿਕੜਮ, ਮੌਲਿਕ ਚਿੰਤਨੀ ਅਸਮਰੱਥਾ, ਓਹੜ-ਪੋਹੜ ਜਾਂ ਮਾਇਆਵੀ ਫ਼ਰਮਾਇਸ਼ੀ ਜੁਗਾੜਸ਼ੀਲਤਾ ਵਿਚੋਂ ਜਨਮ ਲੈਂਦੀਆਂ ਹਨ। ਜਗਤਾਰਜੀਤ ਨੇ ਸੰਪਾਦਕ ਦਾ ਸਹੀ ਧਰਮ ਪਹਿਚਾਣਦਿਆਂ ਪ੍ਰਾਪਤ ਸਮੱਗਰੀ ਨੂੰ ਉੱਚਿਤ ਤਰਤੀਬ ਦੇ ਕੇ ਕਿਤਾਬ ਬਾਰੇ ਮੁੱਢਲੇ ਸ਼ਬਦ, ਮੁਲਾਕਾਤ ਦੇ ਰੂਪ ਵਿਚ ਲੰਮੇਰਾ ਗਹਿਨ ਸੰਵਾਦ ਅਤੇ ਵੇਖੀਆਂ, ਸੁਣੀਆਂ, ਅਹਿਸਾਸੀਆਂ ਯਾਦਾਂ ਦੀ ਵਿਸ਼ੇਸ਼ ਸ਼੍ਰਿੰਖ਼ਲਾ ਪੇਸ਼ ਕੀਤੀ ਹੈ। ਸੰਪਾਦਕ ਤੋਂ ਇਉਂ ਹੀ ਵਿਅਕਤੀ ਜਾਂ ਵਸਤੂ ਨਾਲ ਸੰਬੰਧਤ ਪਾਏਦਾਰ ਪ੍ਰਵਚਨ ਦੀ ਤਵੱਕੋ ਕੀਤੀ ਜਾਂਦੀ ਹੈ। ਇਹ ਕਾਰਜ ਕਰਕੇ ਜਗਤਾਰਜੀਤ ਨੇ ਪੰਜਾਬੀ ਅਦਬ ਦੇ ਤਾਬਨਾਕ ਸਿਰਜਕ, ਮਰਮੱਗ ਅਧਿਆਪਕ ਅਤੇ ਪ੍ਰਖ਼ਰ ਚਿੰਤਨਸ਼ੀਲ ਪੁਰਸ਼ ਦੀ ਛੁਪੀ ਸ਼ਬਦ-ਯਾਤਰਾ ਦਾ ਪ੍ਰਤੱਖੀਕਰਨ ਕਰਾਉਂਦਿਆਂ ਵਿਲੱਖਣ ਅਕੀਦਤ ਪੇਸ਼ ਕੀਤੀ ਹੈ।000

***(ਪਿੰਡ ਤੇ ਡਾਕਖਾਨਾ: ਮੋਰਾਂਵਾਲੀ, ਜ਼ਿਲ੍ਹਾ ਫਰੀਦਕੋਟ; ਫੋਨ: +91-94178-26954)***

## ਸ਼ੀਸ਼ੇ ਦੇ ਅੱਖਰ (ਗ਼ਜ਼ਲ) ਹਰਦਮ ਮਾਨ

'ਸ਼ੀਸ਼ੇ ਦੇ ਅੱਖਰ' (ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨੇ 76, ਮੁੱਲ 200 ਰੁਪਏ) ਹਰਦਮ ਮਾਨ ਦਾ ਗ਼ਜ਼ਲ ਸੰਗ੍ਰਹਿ ਹੈ। ਉਹ ਇਸ ਤੋਂ ਪਹਿਲਾਂ ਵੀ 'ਅੰਬਰਾਂ ਦੀ ਭਾਲ ਵਿਚ' ਨਾਂ ਦਾ ਸੰਗ੍ਰਹਿ ਪੰਜਾਬੀ ਪਾਠਕਾਂ ਦੀ ਝੋਲੀ ਪਾ ਚੁੱਕਿਆ ਹੈ। ਜੇ ਪਹਿਲਾਂ ਵਾਲੇ ਵਿਚ ਭਾਰਤ ਦੇ ਰੰਗ ਹਨ ਤਾਂ ਇਹ ਵਾਲਾ ਸੰਗ੍ਰਹਿ ਦੂਰ ਦਰੇਡੇ ਕੈਨੇਡਾ ਦੀ ਦੇਣ ਹੈ ਜਿੱਥੇ ਉਹ ਇਕ ਦਹਾਕਾ ਹੋਇਆ ਜਾ ਵੱਸਿਆ ਹੈ। ਉਸ ਨੇ ਆਪਣੇ ਮਨ ਦੇ ਬੋਲ ਸ਼ਬਦਾਂ ਰਾਹੀਂ ਲੋਕਾਂ ਨਾਲ ਸਾਂਝੇ ਕਰਨ ਵਾਸਤੇ ਗ਼ਜ਼ਲ ਦੀ ਵਿਧਾ ਚੁਣੀ ਹੈ। ਪੰਜਾਬੀ ਕਵੀਆਂ ਨੇ ਇਹ ਵਿਧਾ ਉਰਦੂ ਤੋਂ ਅਪਣਾਈ ਹੈ। ਇਸ ਦੇ ਮੁੱਢਲੇ ਦਿਨਾਂ ਵਿਚ ਸਾਹਿਤਕ ਆਲੋਚਕਾਂ ਨੇ ਇਸ ਦੀ ਆਮਦ ਉਤੇ ਕਈ ਤਰ੍ਹਾਂ ਦੇ ਕਿੰਤੂ ਪਰੰਤੂ ਕੀਤੇ ਸਨ। ਖਾਸ ਕਰ ਕੇ ਇਸ ਲਈ ਕਿ ਉਦੋਂ ਤਕ ਪੰਜਾਬੀ ਵਾਲਿਆਂ ਨੇ ਆਮਦ-ਓ-ਰਫ਼ਤ, ਦੀਵਾਨ-ਏ-ਗ਼ਾਲਿਬ ਜਾਂ ਸਾਜ਼-ਏ-ਹਸਤੀ ਵਰਗੇ ਜੁੜਵੇਂ ਸ਼ਬਦਾਂ ਨੂੰ ਆਪਣੇ ਮਨਾਂ ਵਿਚ ਨਹੀਂ ਸੀ ਵਸਾਇਆ। ਉਂਝ ਵੀ ਪੰਜਾਬੀ ਵਾਲਿਆਂ ਕੋਲ਼ ਬੈਂਤ, ਦੋਹਾ, ਸਲੋਕ ਤੇ ਵਾਰਾਂ ਵਰਗੇ ਲੋੜੀਂਦੇ ਛੰਦ ਸਨ, ਜਿਨ੍ਹਾਂ ਦੀ ਵਰਤੋਂ ਬਾਬਾ ਫ਼ਰੀਦ, ਭਾਈ ਗੁਰਦਾਸ, ਵਾਰਿਸ ਸ਼ਾਹ ਆਦਿ ਨੇ ਉੱਤਮਤਾ ਨਾਲ ਕਰ ਰੱਖੀ ਸੀ। ਹੁਣ ਤਾਂ ਪੰਜਾਬੀ ਦੇ ਕੁਝ ਕਵੀਆਂ ਨੇ ਗ਼ਜ਼ਲਾਂ ਤੋਂ ਬਿਨਾਂ ਹੋਰ ਕੋਈ ਵਿਧਾ ਅਪਣਾਈ ਹੀ ਨਹੀਂ। ਹਰਦਮ ਮਾਨ ਵੀ ਉਨ੍ਹਾਂ ਵਿਚੋਂ ਇਕ ਹੈ, ਜੋ ਸਿਰਫ ਗ਼ਜ਼ਲ ਲਿਖਦੇ ਹਨ।

ਗ਼ਜ਼ਲ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਲੇਖਕ ਅਜਿਹੀ ਗ਼ਜ਼ਲ ਵੀ ਲਿਖ ਸਕਦਾ ਹੈ ਜਿਸ ਵਿਚ ਹਰ ਸ਼ਿਅਰ ਦਾ ਰੰਗ ਵੱਖਰਾ ਹੋਵੇ, ਅਤੇ ਅਜਿਹੀ ਵੀ ਜਿਹੜੀ ਇਕੋ ਵਿਸ਼ੇ ਤੇ ਲਹਿਰ ਨੂੰ ਪ੍ਰਣਾਈ ਹੋਵੇ। ਹਰਦਮ ਮਾਨ ਮਾਨ ਦੀ ਹੇਠ ਦਿੱਤੀ ਗ਼ਜ਼ਲ ਵਿਚ ਪਰਦੇਸ ਵਿਚ ਵਸਦੇ ਭਾਰਤੀ ਦੀਆਂ ਸੋਚਾਂ ਤੇ ਸੰਬੰਧਾਂ ਵਾਲੀ ਭਾਵਨਾਂ ਹੀ ਦਰਸਾਈ ਗਈ ਹੈ:

*ਪਰਦੇਸਾਂ ਵਿਚ ਦੇਸਾਂ ਦਾ ਸਿਰਨਾਵਾਂ ਲੱਭਦੇ ਨੇ*
*ਇਹ ਪੰਛੀ ਤਾਂ ਅੰਬਰ 'ਤੇ ਪਰਛਾਵਾਂ ਲੱਭਦੇ ਨੇ*
*ਯਾਦਾਂ ਦੀ ਧਰਤੀ ਨੇ ਤਾਂ ਹੁਣ ਸੜਦੇ ਹੀ ਰਹਿਣਾ*
*ਡਾਲਰ ਦੇ ਜੰਗਲ'ਚੋਂ ਕਿੱਥੋਂ ਛਾਵਾਂ ਲੱਭਦੇ ਨੇ*
*ਸੜਕਾਂ ਉੱਤੇ ਤੁਰਦੇ ਤੁਰਦੇ ਪੈਰ ਗੁਆਚ ਗਏ*
*ਮਖਮਲ ਵਰਗੀ ਰੇਤ ਵਾਲੀਆਂ ਰਾਹਵਾਂ ਲੱਭਦੇ ਨੇ*
*ਪੂਰਬ ਪੱਛਮ ਇਕਮਿਕ ਹੋ ਗਏ ਅੱਖੀਂ ਦੇਖਦਿਆਂ*
*ਆਪਣੀ ਹੋਂਦ ਗਵਾ ਕੇ ਲੋਕ ਦਿਸ਼ਾਵਾਂ ਲੱਭਦੇ ਨੇ*
*ਹਾਲੇ ਵੀ ਇਸ ਸ਼ਹਿਰ ਵਿਚ ਵਸਦੇ ਭੋਲੇ ਲੋਕ ਬੜੇ*
*ਜੋ ਗਲਵੱਕੜੀ ਪਾਉਣ ਵਾਸਤੇ ਬਾਹਵਾਂ ਲੱਭਦੇ ਨੇ*
*ਭਾਵੇਂ ਰੰਗਲੀ ਦੁਨੀਆ ਦੇਖ ਰਹੇ ਨੇ 'ਮਾਨ' ਜਿਹੇ*
*ਫਿਰ ਵੀ ਦਿਲ ਦੇ ਚੈਨ ਲਈ ਕੁਝ ਥਾਵਾਂ ਲੱਭਦੇ ਨੇ*

ਭੁੱਲੀਆਂ ਵਿਸਰੀਆਂ ਥਾਵਾਂ ਦੀ ਉਦਾਸੀ ਦਾ ਰੰਗ ਹੋਰ ਗ਼ਜ਼ਲਾਂ ਦੇ ਟਾਵੇਂ ਟਾਵੇਂ ਸ਼ਿਅਰਾਂ ਵਿਚ ਵੀ ਹੈ। ਧਰਵਾਸ ਸਮੇਤ।

*ਹਾਸਿਆਂ ਦੀ ਓੜ੍ਹ ਚਾਦਰ, ਠੇਲ੍ਹਦੇ ਹਾਂ ਕਿਸ਼ਤੀਆਂ*

*ਦਰਦ ਦਾ ਦਰਿਆ ਦਿਲਾਂ ਵਿਚ ਵਹਿ ਰਿਹਾ ਹੈ ਚੁੱਪ ਚਾਪ*
*ਦੇਖਦੇ ਹਾਂ ਕੌਣ ਕਿਸ ਨੂੰ ਖੋਰਦੈ ਜਾਂ ਤੋੜਦੈ*
*ਦਿਲ ਦੇ ਸ਼ੀਸ਼ੇ ਅੰਦਰ ਪੱਥਰ ਖਹਿ ਰਿਹਾ ਹੈ ਚੁੱਪ ਚਾਪ*

... ... ...

*ਗਰਦਿਸ਼ ਵਿਚ ਗੁਆਚਿਆਂ ਨੂੰ ਮਿਲਣਾ ਗਿਲਣਾ ਚਾਹੀਦੈ*
*ਦੂਰੀ ਬੇਸ਼ਕ ਹੋਵੇ ਫਿਰ ਵੀ ਆਪਸ ਵਿਚ ਗੱਲਬਾਤ ਰਹੇ*
*ਜੋ ਵੀ ਸਾਹ ਲੈਂਦਾ ਹੈ ਉਸ ਨੂੰ ਰਿਜ਼ਕ ਮਿਲੇ ਇਸ ਮਿੱਟੀ 'ਚੋਂ*
*ਇਹ ਨਾ ਸੋਚੀਂ ਇਸ ਦੁਨੀਆ ਤੇ ਬੱਸ ਆਦਮ ਦੀ ਜਾਤ ਰਹੇ*

... ... ...

*ਮੰਨਦੇ ਹਾਂ ਕਿ ਰੋਕ ਸਕੇ ਨਾ ਨ੍ਹੇਰੀ ਨੂੰ ਪਰ ਹਾਲੇ ਵੀ*
*ਟਾਹਲੀ ਉੱਤੋਂ ਡਿਗਿਆ ਕੋਈ ਬੋਟ ਉਠਾਇਆ ਜਾ ਸਕਦੈ*
*ਦਿਲ ਹੀ ਢਹਿ ਜਾਵੇ ਤਾਂ ਫੁੱਲ ਵੀ ਟਿਕਦਾ ਨਹੀਂ ਹਥੇਲੀ 'ਤੇ*
*ਚਾਹਤ ਹੋਵੇ, ਚੀਚੀ ਨਾਲ ਪਹਾੜ ਉਠਾਇਆ ਜਾ ਸਕਦੈ*

... ... ...

*ਸਾਰੀ ਧਰਤੀ ਗਾਹ ਕੇ ਵੀ ਸੁੱਖ ਨਾ ਮਿਲਿਆ*
*ਕੀ ਕੀ ਨਾਚ ਨਚਾਏ ਢਿਡ ਦੀ ਅਾਂਦਰ ਨੇ*
*ਕਿੱਥੇ ਦਾਖ਼ਲ ਹੋਣਾ ਕਿੱਥੋਂ ਨਿੱਕਲਣਾ*
*'ਮਾਨ' ਬੜਾ ਉਲਝਾਇਆ ਜੀਵਨ-ਚੱਕਰ ਨੇ*

... ... ...

*ਸੁਪਨਿਆਂ ਦੀ ਧਰਤ ਸਾਡੀ ਸੜ ਰਹੀ ਹਾਲੇ ਉਵੇਂ*
*ਫੇਰ ਬੱਦਲ਼ ਮਿਹਰ ਦਾ ਦਰਿਆ 'ਤੇ ਵਰ੍ਹ ਕੇ ਤੁਰ ਗਿਆ*
*ਪੁਸਤਕਾਂ ਵਿਚ ਸਾਂਭੀਆਂ ਫੁੱਲ ਪੱਤੀਆਂ ਖਿੜ ਉੱਠੀਆਂ*
*ਖ਼ਾਬ ਅੰਦਰ ਕੌਣ ਦਿਲ ਦੇ ਫੋਲ ਵਰਕੇ ਤੁਰ ਗਿਆ*

... ... ...

*ਉਦਾਸੀ ਨੇ ਕਦੇ ਵਿਹੜੇ 'ਚ ਧੁੱਪਾਂ ਆਉਣ ਨਾ ਦਿੱਤੀਆਂ*
*ਅਸੀਂ ਵੀ ਤਾਂ ਕਦੇ ਇਸ ਨੂੰ ਸਲੇਟੀ ਸ਼ਾਮ ਨਾ ਲਿਖਿਆ*
*ਆਖਰੀ ਮੋੜ ਉੱਤੇ ਲੋੜ ਪੈਂਦੀ ਹੈ ਸਹਾਰੇ ਦੀ*
*ਕਥਾ ਆਪਣੀ ਦਾ ਖ਼ੁਦ ਆਪਾਂ ਕਦੇ ਅੰਜਾਮ ਨਾ ਲਿਖਿਆ*

... ... ...

*ਵਗਦੀਆਂ ਪੌਣਾਂ ਨੂੰ ਹੋਈ ਕੈਦ, ਤੇ ਅੱਗਾਂ ਬਰੀ*
*ਫੈਸਲੇ ਹੁਣ ਇਸ ਤਰ੍ਹਾਂ ਏਥੇ ਸੁਣਾਏ ਜਾਣਗੇ*
*ਯਾਦ ਰੱਖ ਓਨੇ ਹੀ ਕੰਡੇ ਪੈਣਗੇ ਚੁਗਣੇ ਕਦੇ*
*ਤੇਰਿਆਂ ਰਾਹਾਂ ਵਿਚ ਜਿੰਨੇ ਫੁੱਲ ਵਿਛਾਏ ਜਾਣਗੇ।*

... ... ...

*ਮੌਸਮਾਂ ਦਾ ਸੀਤ ਰੂਹਾਂ ਤੀਕ ਏਨਾ ਚੜ੍ਹ ਗਿਆ ਹੈ*
*ਲੋਕ ਆਪੋ ਆਪਣੇ ਪਾਲੇ ਤੋ ਡਰ ਡਰ ਬੋਲਦੇ ਨੇ*
*ਉਕਰਿਆ ਜੋ ਸੰਗਮਰਮਰ 'ਤੇ ਬਥੇਰਾ ਪੜ੍ਹ ਲਿਆ ਹੈ*

*ਲੋਕ ਹੁਣ ਸੁਣਦੇ ਨੇ ਜੋ ਸ਼ੀਸ਼ੇ ਦੇ ਅੱਖਰ ਬੋਲਦੇ ਨੇ*

ਹਰਦਮ ਮਾਨ ਦੇ ਸ਼ਿਅਰਾਂ ਦੀ ਥਾਹ ਪਾਉਣ ਵਾਲਿਆਂ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਉਸ ਦੇ ਰੰਗਾਂ ਦਾ ਰੰਗ ਸਹਿਜੇ ਸਹਿਜੇ ਤੇ ਸਹਿੰਦਾ ਸਹਿੰਦਾ ਉਭਰਦਾ ਹੈ। ਇਸ ਦੀ ਪੁਸ਼ਟੀ ਲਈ ਮੈਂ ਮਾਨ ਦੀ ਹੇਠ ਲਿਖੀ ਗਜ਼ਲ ਪੇਸ਼ ਕਰਨੀ ਚਾਹਾਂਗਾ:

*ਬੇਸ਼ਕ ਹੁਣ ਤੱਕ ਪੂਰੇ ਚੰਨ ਦੇ ਨਾਲ਼ ਰਿਹਾ ਹਾਂ*
*ਫਿਰ ਵੀ ਆਪਣਾ ਵੱਖਰਾ ਦੀਵਾ ਬਾਲ਼ ਰਿਹਾ ਹਾਂ*
*ਤੈਨੂੰ ਫੇਰ ਸਵਾਲ ਕਰਾਂਗਾ ਆਪਣੇ ਬਾਰੇ*
*ਪਹਿਲਾਂ ਖ਼ੁਦ ਨੂੰ ਘਰ ਅੰਦਰੋਂ ਹੀ ਭਾਲ ਰਿਹਾ ਹਾਂ*
*ਬਿੱਖਰੇ ਕੱਚ 'ਤੇ ਕਦ ਤਕ ਸ਼ੀਸ਼ਾ ਨਾਲ ਤੁਰੇਗਾ*
*ਇਹ ਨਹੀਂ ਟਲ਼ਦਾ ਮੈਂ ਤਾਂ ਇਸਨੂੰ ਟਾਲ਼ ਰਿਹਾ ਹਾਂ*
*ਸ਼ੀਸ਼ਾ ਹੁੰਦਾ ਪਿਘਲਣ ਲੱਗਿਆਂ ਦੇਰ ਨਾ ਲਾਉਂਦਾ*
*ਪੱਥਰ ਅੱਗੇ ਐਵੇਂ ਦੀਦੇ ਗਾਲ਼ ਰਿਹਾ ਹਾਂ*
*ਥੋੜ੍ਹੀ ਥੋੜ੍ਹੀ ਉਸ ਦੀ ਮਿੱਟੀ ਵੀ ਤਾਂ ਉਤਰੇ*
*ਥੋੜ੍ਹਾ ਥੋੜ੍ਹਾ ਮੈਂ ਵੀ ਖ਼ੁਦ ਨੂੰ ਢਾਲ ਰਿਹਾ ਹਾਂ*
*ਪਿਚਕ ਜਾਏਗੀ ਜੇਕਰ ਕੰਡਾ ਇਕ ਵੀ ਚੁਭਿਆ*
*ਐਵੇਂ ਆਪਣੇ ਨਾਂ ਦੀ ਗੇਂਦ ਉਛਾਲ ਰਿਹਾ ਹਾਂ*

ਹਰਦਮ ਮਾਨ ਨੂੰ ਉਸ ਦੀ ਇਹ ਭਾਵਨਾ ਮੁਬਾਰਕ!

**–ਗੁਲਜ਼ਾਰ ਸਿੰਘ ਸੰਧੂ**

## ਤਪਦੇ ਪੈਰਾਂ ਦਾ ਸਫਰ (ਨਾਵਲ) ਰਘਬੀਰ ਸਿੰਘ ਮਾਨ

ਰਘਬੀਰ ਸਿੰਘ ਮਾਨ ਪੰਜਾਬੀ ਕਹਾਣੀ ਅਤੇ ਨਾਵਲ ਖੇਤਰ ਵਿੱਚ ਸਰਗਰਮ ਲੇਖਕ ਹੈ। ਲੇਖਕ ਕਹਾਣੀ ਦੇ ਖੇਤਰ ਵਿੱਚ ਦੋ ਕਹਾਣੀ ਸੰਗ੍ਰਿਹ ਅਤੇ ਨਿਬੰਧਕਾਰੀ ਦੇ ਖੇਤਰ ਵਿੱਚ ਇਕ ਪੁਸਤਕ ਲਿਖ ਚੁੱਕਾ ਹੈ। ਵਿਚਾਰ ਅਧੀਨ ਨਾਵਲ 'ਤਪਦੇ ਪੈਰਾਂ ਦਾ ਸਫਰ' ( ਪੰਨੇ 127, ਮੁੱਲ 190 ਰੁਪਏ, ਕੈਲੀਬਰ ਪ੍ਰਕਾਸ਼ਨ, ਪਟਿਆਲਾ) ਰਘਬੀਰ ਸਿੰਘ ਮਾਨ ਵੱਲੋਂ ਲਿਖਿਆ ਦੂਜਾ ਨਾਵਲ ਹੈ। ਇਸ ਤੋਂ ਪਹਿਲਾਂ ਲੇਖਕ ਵੱਲੋਂ 'ਰੋਹ ਵਿਦਰੋਹ' ਨਾਮਕ ਨਾਵਲ ਲਿਖਿਆ ਜਾ ਚੁੱਕਾ ਹੈ ਜਿਸ ਵਿਚ ਉਸਨੇ ਦਿਹਾਤੀ ਸਮਾਜ ਦੇ ਦਲਿਤ ਵਸਤੂ ਯਥਾਰਥ ਨੂੰ ਪੇਸ਼ ਕਰਦਿਆਂ ਦਲਿਤ ਉੱਥਾਨ ਲਈ ਸਿੱਖਿਅਕ ਅਤੇ ਜਥੇਬੰਦਕ ਹੋਣ ਦੀ ਗਲਪੀ ਦ੍ਰਿਸ਼ਟੀ ਦਾ ਨਿਰਮਾਣ ਕੀਤਾ ਹੈ। ਲੇਖਕ ਦਾ ਹੱਥਲਾ ਨਾਵਲ ਵੀ ਪਹਿਲੇ ਨਾਵਲ ਦਾ ਇਕ ਪਾਸਾਰ ਜਾਪਦਾ ਹੈ। ਦੋਵੇਂ ਨਾਵਲਾਂ ਵਿਚ ਦਲਿਤ ਔਰਤ ਪਾਤਰਾਂ ਦੇ ਸੰਘਰਸ਼ ਰੱਤੇ ਜੀਵਨ ਦੇ ਨਿੱਜਮੂਲਕ ਵਸਤੂ ਵੇਰਵੇ ਪ੍ਰਾਪਤ ਮਿਲਦੇ ਹਨ। ਦੋਵੇਂ ਨਾਵਲ ਸੁਖਾਂਤਕ ਅੰਤ ਵਾਲੇ ਅਤੇ ਦਲਿਤ ਜੀਵਨ ਦੇ ਉੱਥਾਨ ਲਈ ਹੀਣ ਬੋਧ ਨੂੰ ਤਿਆਗ ਕੇ ਸਵੈ ਗੌਰਵ ਨਾਲ ਜੁੜਨ ਦੀ ਚੇਸ਼ਟਾ ਰੱਖਦੇ ਹਨ।

ਵਿਚਾਰਅਧੀਨ ਨਾਵਲ ਆਪਣੇ ਸਿਰਲੇਖ ਦੀ ਸਾਰਥਿਕਤਾ ਨੂੰ ਦਲਿਤ ਜੀਵਨ ਦੀ ਕਰੂਰ ਵਾਸਤਵਿਕਤਾ ਦੇ ਪ੍ਰਸੰਗ ਵਿਚ ਉਭਾਰਦਾ ਹੈ। ਇਹ ਵਾਸਵਿਕਤਾ ਤਪਦੇ ਤੇ ਮਘਦੇ ਪੈਰਾਂ ਦੇ ਸਫਰ ਦੇ ਰੂਪ ਵਿਚ ਹੈ, ਜਿਸਨੂੰ ਗਲਪੀ ਯਥਾਰਥ ਵਿਚ ਰੂਪਾਂਤਰਤ ਕਰਦਿਆਂ ਲੇਖਕ ਆਪਣੀ ਕਲਪਨਾ ਦ੍ਰਿਸ਼ਟੀ, ਅਨੁਭਵ ਅਤੇ ਜੀਵਨ ਦ੍ਰਿਸ਼ਟੀ ਦਾ ਯਥਾਯੋਗ ਸਮਨਵੈ ਕਾਇਮ ਕਰਦਾ ਹੈ। ਨਾਵਲ ਵਿਚ ਦਿਹਾਤੀ ਵਰਗੀ ਸਮਾਜ ਦੀਆਂ ਜਾਤੀ ਜਮਾਤੀ ਬਣਤਰਾਂ ਅੰਦਰ ਜਿਸ ਕਿਸਮ ਦੇ ਦਲਿਤ ਮਨੋ ਵਿਗਿਆਨ ਦਾ ਨਿਰਮਾਣ ਹੁੰਦਾ ਹੈ, ਲੇਖਕ ਉਸ ਦਲਿਤ ਚੇਤਨ ਅਵਚੇਤਨ ਨੂੰ ਤਰਸੇਵੇਂ ਜਾਂ

ਕਰੁਣਾ ਵਾਲੇ ਭਾਵ ਬੋਧ ਤੋਂ ਪੇਸ਼ ਨਹੀਂ ਕਰਦਾ ਸਗੋਂ ਜਾਤੀ ਵਿਵਸਥਾ ਨੂੰ ਤੋੜਨ ਲਈ ਸਾਧਨ ਸੰਪੰਨਤਾ, ਵਿਦਿਆ, ਰੁਜ਼ਗਾਰ ਕੇਂਦਰਤ ਜੀਵਨ ਅਤੇ ਯੁਵਾ ਵਰਗ ਦੀ ਚੇਤੰਨਤਾ ਨੂੰ ਅਗਰਭੂਮਿਤ ਕਰਦਾ ਹੈ। ਇਸ ਉਦੇਸ਼ ਦੀ ਪ੍ਰਾਪਤੀ ਲਈ ਲੇਖਕ ਦਾ ਇਹ ਨਾਵਲ ਆਦਰਸ਼ਵਾਦ ਤੇ ਰੁਮਾਂਸਵਾਦ ਦੀ ਮਿੱਸ ਵਾਲਾ ਬਣ ਕੇ ਪੇਸ਼ ਹੋਇਆ ਹੈ। ਲੇਖਕ ਨਾਵਲ ਅੰਦਰ ਅੰਤਰ ਜਾਤੀ ਵਿਆਹ ਤੇ ਵਿੱਦਿਆ ਦੀ ਪ੍ਰਾਪਤੀ ਦੁਆਰਾ ਸਮਤਾ ਭਰੇ ਸਮਾਜ ਦੇ ਨਿਰਮਾਣ ਵਾਲੀ ਰਵਾਇਤੀ ਗਲਪੀ ਦ੍ਰਿਸ਼ਟੀ ਨੂੰ ਪੇਸ਼ ਕਰਦਾ ਹੈ। ਬੇਸ਼ੱਕ ਹੁਣ ਦਾ ਦਲਿਤ ਸਾਹਿਤ ਸਾਧਨ ਸੰਪੰਨਤਾ ਦੇ ਬਾਵਜੂਦ ਦਲਿਤ ਬੰਦੇ ਦੀ ਸੁਤੰਤਰ ਪਛਾਣ ਨੂੰ ਉਸਦੇ ਚੇਤਨ ਅਵਚੇਤਨ ਦਵੰਦਾਂ ਅਤੇ ਚਿੰਤਨ ਕੇਂਦਰਤ ਦਲਿਤ ਬੋਧ ਦੇ ਮੁੱਦੇ 'ਤੇ ਫੋਕਸ ਕਰ ਰਿਹਾ ਹੈ ਪਰ ਰਘਬੀਰ ਸਿੰਘ ਮਾਨ ਦਲਿਤ ਸਵਾਲ ਨੂੰ ਤਰਦੇ ਤਰਦੇ ਪਰਿਪੇਖ ਵਿਚ ਪੇਸ਼ ਕਰਦਾ ਆ ਰਿਹਾ ਹੈ।

ਨਾਵਲ ਬੇਸ਼ੱਕ ਵਿਸ਼ੇ ਵਸਤੂ ਦੇ ਇਕਿਹਰੇ ਪਰਿਪੇਖ, ਲਕੀਰੀ ਘਟਨਾਕ੍ਰਮ, ਪਾਤਰਾਂ ਦੇ ਗੋਲ/ਚਪਟੇ ਸਰੂਪ ਅਤੇ ਇਕਾਂਗੀ ਦ੍ਰਿਸ਼ਟੀ ਕਰਕੇ ਆਪਣੇ ਬਹੁਪਾਸਾਰੀ ਪ੍ਰਭਾਵ ਤੋਂ ਅਛੂਤਾ ਰਹਿ ਜਾਂਦਾ ਹੈ ਪਰ ਲੇਖਕ ਕੋਲ ਬਿਰਤਾਂਤ ਉਸਾਰਨ ਦਾ ਅਨੂਠਾ ਕਸਬ ਹੈ, ਜਿਸ ਨਾਲ ਇਹ ਨਾਵਲ ਆਪਣੀ ਪੜ੍ਹਨਯੋਗਤਾ ਕਾਇਮ ਰੱਖਦਾ ਹੈ। ਨਾਵਲ ਵਿਚ ਦਲਿਤ ਘਰਾਂ ਦੇ ਵਿਹੜਿਆਂ ਦਾ ਕੌੜਾ ਯਥਾਰਥ ਇਸਦੀ ਅਹਿਮੀਅਤ ਵਧਾ ਦਿੰਦਾ ਹੈ। ਲੇਖਕ ਨਸ਼ਿਆਂ ਦੀ ਮਾਰ, ਅਨਪੜ੍ਹਤਾ, ਔਰਤ ਮਰਦ ਵਿਤਕਰੇ ਅਤੇ ਜਾਤੀ ਹੀਣਤਾ ਦੇ ਅਪਰਾਧ ਬੋਧ ਨਾਲ ਭਰੇ ਦਲਿਤ ਵਰਗ ਦੇ ਲੋਕਾਂ ਨੂੰ ਨਾਵਲ ਵਿੱਚ ਪੀੜਤ, ਮੌਨ ਅਤੇ ਨਥਾਵੇਂ ਬਣਾ ਕੇ ਪੇਸ਼ ਕਰਨ ਦਾ ਯਤਨ ਕਰਦਾ ਹੈ, ਪਰ ਭਾਨੀ ਵਰਗੇ ਕਿਰਦਾਰ ਇਸ ਯਥਾਸਥਿਤੀ ਨੂੰ ਭੇਦਣ ਦੀ ਸਮਰੱਥਾ ਰੱਖਦੇ ਪੇਸ਼ ਹੋਏ ਹਨ।

ਨਾਵਲ ਵਿਚ ਦਲਿਤ ਵਿਧਵਾ ਔਰਤ ਭਾਨੀ ਦਾ ਪਾਤਰ ਬਿਰਤਾਂਤ ਦਾ ਕੇਂਦਰ ਹੈ ਜਿਸਦਾ ਪਤੀ ਤਾਰਾ ਪਿੰਡ ਦੇ ਜ਼ਿਮੀਂਦਾਰ ਕਰਤਾਰੇ ਦਾ ਸੀਰੀ ਹੈ। ਜਿੱਥੇ ਤਾਰਾ ਆਪਣੀਆਂ ਨਸ਼ੇੜੀ ਅਤੇ ਅਵੈੜ ਰੁਚੀਆਂ ਨਾਲ ਮੌਤ ਦੇ ਮੂੰਹ ਚਲਾ ਜਾਂਦਾ ਹੈ ਉੱਥੇ ਹੀ ਭਾਨੀ ਆਪਣੇ ਵਿਧਵਾ ਜੀਵਨ ਵਿਚ ਨਿਆਸਰੀ ਤੇ ਨਥਾਵੀਂ ਬਣਨ ਦੀ ਥਾਂ ਸਿਰੜੀ, ਮਿਹਨਤੀ, ਖੁੱਦਾਰ ਅਤੇ ਚੇਤੰਨ ਸ਼ਖ਼ਸੀਅਤ ਵਾਲੀ ਬਣ ਕੇ ਉਭਰਦੀ ਹੈ। ਭਾਨੀ ਜ਼ਿਮੀਂਦਾਰ ਪਰਿਵਾਰਾਂ ਦੇ ਘਰ ਗੋਹਾ ਕੂੜਾ ਸਮੇਟਣ ਦਾ ਕੰਮ ਕਰਦੀ ਆਪਣੇ ਪੁੱਤਰ ਗੁਰਦਰਸ਼ਨ ਨੂੰ ਪੜ੍ਹਾ ਲਿਖਾ ਕੇ ਐੱਸਡੀਐੱਮ ਬਣਾ ਦਿੰਦੀ ਹੈ। ਗੁਰਦਰਸ਼ਨ ਅਖੌਤੀ ਉੱਚ ਜਾਤੀ ਦੀ ਲੜਕੀ ਸੀਰਤ ਨਾਲ ਪਿਆਰ ਵਿਆਹ ਕਰਵਾ ਲੈਂਦਾ ਹੈ। ਭਾਨੀ ਕਿਰਤ ਕਰਨ ਅਤੇ ਖੁੱਦਾਰੀ ਭਰਿਆ ਜੀਵਨ ਜੀਉਣ ਵਾਲੀ ਹੈ ਜਿਸਦੇ ਕੋਲ ਸਮਾਜਕ ਵਿਵਸਥਾ ਦੇ ਸ਼ੋਸਣਕਾਰੀ ਰੂਪ ਤੋਂ ਪਾਰ ਦੇਖਣ ਦੀ ਸੋਝੀ ਹੈ। ਉਹ ਅਖੌਤੀ ਉੱਚ ਜਾਤੀ ਦੇ ਲੋਕਾਂ ਅਤੇ ਕੁੜਮਚਾਰੇ ਨਾਲ ਕਾਰ ਵਿਹਾਰ ਕਰਦੀ ਆਪਣੇ ਮੂੰਹ ਫੱਟ ਅਤੇ ਤਿੱਖੇ ਬੋਲਾਂ ਨਾਲ ਅਨੇਕਾਂ ਨਰਾਜ਼ਗੀਆਂ ਸਹੇੜ ਲੈਂਦੀ ਹੈ, ਪਰ ਆਪਣੇ ਦਲਿਤ ਜੀਵਨ ਨੂੰ ਗਿਲਾਨੀ ਭਰੇ ਜਾਂ ਹੀਣ ਬੋਧ ਨਜ਼ਰੀਏ ਤੋਂ ਨਹੀਂ ਦੇਖਦੀ।

ਨਾਵਲ ਵਿਚ ਭਾਨੀ ਆਪਣੇ ਪੁੱਤਰ ਨੂੰਹ ਵਾਂਗ ਆਪਣੀ ਧੀ ਜੱਸੀ ਦੇ ਅੰਤਰਜਾਤੀ ਵਿਆਹ 'ਤੇ ਕੋਈ ਇਤਰਾਜ਼ ਨਹੀਂ ਕਰਦੀ ਸਗੋਂ ਬੱਚਿਆਂ ਨੂੰ ਕਿਰਤ ਕਰਨ ਤੇ ਅਕਲਮੰਦਾਂ ਦੀ ਕੋਈ ਜਾਤ ਨਾ ਹੋਣ ਦਾ ਉਪਦੇਸ਼ ਦਿੰਦੀ ਹੈ। ਨਾਵਲਕਾਰ ਨੇ ਪੇਂਡੂ ਸਮਾਜ ਦੀ ਇਕਾਈ ਅੰਦਰ ਧਾਰਮਿਕ, ਸਿੱਖਿਅਕ ਅਤੇ ਲੋਕਤੰਤਰੀ ਸੰਸਥਾਵਾਂ ਵਿਚ ਦਲਿਤਾਂ ਨਾਲ ਹੁੰਦੇ ਭੇਦਭਾਵ ਨਾਲ ਸੰਬੰਧਤ ਬਿਰਤਾਂਤਕ ਵੇਰਵੇ ਪੇਸ਼ ਕਰਦਿਆਂ ਅਖੌਤੀ ਸਵਰਨ ਜਾਤੀਆਂ ਦੇ ਭਾਰੂ ਉੱਚ ਜਾਤੀ ਅਵਚੇਤਨ ਨੂੰ ਪੇਸ਼ ਕੀਤਾ ਹੈ। ਇਨ੍ਹਾਂ ਸਥਿਤੀਆਂ ਵਿਚ ਭਾਨੀ ਦਾ ਪਾਤਰ ਦਿਗਵਿਜੈ ਰੂਪ ਵਿਚ ਸਾਰੀਆਂ ਧਿਰਾਂ 'ਤੇ ਹਾਵੀ ਰਹਿੰਦਾ ਹੈ। ਨਾਵਲਕਾਰ ਬੇਸ਼ੱਕ ਅਨੇਕਾਂ ਥਾਵਾਂ 'ਤੇ ਭਾਨੀ ਦੇ ਪਾਤਰ ਵਿਚ ਲੇਖਕੀ ਦਖਲ ਦੇ ਕੇ ਦਲਿਤ ਔਰਤ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਨੂੰ ਯਥਾਰਥ ਦੀ ਪੁੱਠ ਨਹੀਂ ਚੜ੍ਹਨ ਦਿੰਦਾ। ਇਸ

ਨਾਲ ਭਾਨੀ ਦਾ ਪਾਤਰ ਪਿੰਡ ਦੀ ਗੋਹਾ ਕੂੜਾ ਕਰਦੀ ਦਲਿਤ ਔਰਤ ਦੇ ਮਨੋ ਯਥਾਰਥ ਨੂੰ ਪੇਸ਼ ਕਰਨ ਦੀ ਥਾਂ ਪੜ੍ਹੀ ਲਿਖੀ ਤੇ ਚੇਤੰਨ ਔਰਤ ਦੇ ਰੂਪ ਵਿਚ ਹੀ ਪ੍ਰਸਤੁਤ ਹੁੰਦਾ ਹੈ। ਲੇਖਕ ਦੀ ਅਜਿਹੀ ਵਿਚਾਰਧਾਰਕ ਫੋਰਸ ਨਾਲ ਨਾਵਲ ਚਿੱਟੇ ਕਾਲੇ ਪਾਤਰਾਂ ਦੀ ਸਿੱਧੀ ਸਪਾਟ ਵੰਡ ਵਿਚ ਪੈ ਜਾਂਦਾ ਹੈ। ਉੱਚ ਜਾਤੀ ਅਧਿਆਪਕ ਆਪਣੇ ਵਿਦਿਆਰਥੀ ਗੁਰਦਰਸ਼ਨ ਨਾਲ ਭੇਦਭਾਵ ਕਰਦੇ ਹਨ ਤਾਂ ਭਾਨੀ ਪੁੱਤਰ ਨੂੰ ਆਪਣੇ ਸਿਰੜ ਤੇ ਮਿਹਨਤ ਨਾਲ ਗਿਆਨਵਾਨ ਹੋਣ ਦਾ ਉਪਦੇਸ਼ ਦਿੰਦੀ ਹੈ। ਸਰਪੰਚੀ ਦਾ ਉੱਚ ਜਾਤੀ ਉਮੀਦਵਾਰ ਪੈਸੇ ਦੇ ਜ਼ੋਰ ਨਾਲ ਵੋਟਾਂ ਖਰੀਦਦਾ ਹੈ ਪਰ ਭਾਨੀ ਪੈਸਿਆਂ ਤੋਂ ਇਨਕਾਰ ਕਰਦੀ ਹੈ। ਗੁਰਦੁਆਰੇ ਵਿਚ ਸਫਾਈ ਕਰਨ ਦੇ ਮੁੱਦੇ 'ਤੇ ਭਾਨੀ ਅੜ ਜਾਂਦੀ ਹੈ। ਗੁਰਦਰਸ਼ਨ ਦੇ ਐੱਸਡੀਐੱਮ ਬਣਨ ਉਪਰੰਤ ਭਾਨੀ ਦੇ ਪਰਿਵਾਰ ਦਾ ਪਿੰਡ ਵਿਚ ਸਮਾਜਕ ਰੁਤਬਾ ਵੱਧ ਜਾਂਦਾ ਹੈ ਪਰ ਭਾਨੀ ਲੋਕਾਂ ਦੇ ਘਰਾਂ ਵਿਚ ਗੋਹਾ ਕੂੜਾ ਕਰਦੀ ਤੇ ਖੇਤਾਂ ਵਿਚ ਮਜ਼ਦੂਰੀ ਜਾਰੀ ਰੱਖਦੀ ਹੈ। ਦੂਜੇ ਪਾਸੇ ਜਿਸ ਜ਼ਿਮੀਂਦਾਰ ਦੇ ਘਰ ਭਾਨੀ ਕੰਮ ਕਰਦੀ ਹੈ, ਉਨ੍ਹਾਂ ਦਾ ਮੁੰਡਾ ਨਿਸ਼ਾਨ ਨਸ਼ੇੜੀ ਬਣ ਜਾਂਦਾ ਹੈ।

ਨਿਸ਼ਾਨ ਦੇ ਮਾਧਿਅਮ ਦੁਆਰਾ ਲੇਖਕ ਮੱਧਵਰਗੀ ਕਿਸਾਨੀ ਜੀਵਨ ਵਿਚ ਵੱਧਦੇ ਉਪਭੋਗਤਾਵਾਦ ਦੇ ਪਾਸਾਰ ਫੜਨ ਦਾ ਯਤਨ ਕਰਦਾ ਹੈ, ਜਿਸ ਤਹਿਤ ਕਿਸਾਨੀ ਪਰਿਵਾਰਾਂ ਦੇ ਯੁਵਾ ਵਰਗ ਨੂੰ ਖਪਤਵਾਦ ਦੇ ਵਹਿਣ ਵਿਚ ਹੜ੍ਹਦੇ ਚਿਤਰਿਆ ਗਿਆ ਹੈ। ਬਿਰਤਾਂਤ ਵਿਚ ਭਾਨੀ ਦਾ ਮੋਰਚਾ ਜਿੱਥੇ ਸਮਾਜਕ ਵਿਵਸਥਾ ਦੇ ਜਾਤੀ ਪਾਤੀ ਵਿਤਕਰੇ ਨੂੰ ਪ੍ਰਗਟਾਂਦੀ ਸੋਚ ਦੇ ਵਿਰੁੱਧ ਹੈ, ਉੱਥੇ ਹੀ ਉਹ ਆਪਣੇ ਅਖੌਤੀ ਉੱਚ ਜਾਤੀ ਕੁੜਮਚਾਰੇ ਵਿਰੁੱਧ ਵੀ ਇਸੇ ਮੋਰਚੇ 'ਤੇ ਅੜੀ ਦਿਸਦੀ ਹੈ, ਜਿਸ ਤਹਿਤ ਉਹ ਨੂੰਹ ਸੀਰਤ ਦੇ ਮਾਤਾ ਪਿਤਾ ਅਤੇ ਜੱਸੀ ਦੇ ਸੱਸ ਸਹੁਰੇ ਨਾਲ ਬੜਬੋਲੇ ਸੁਭਾਅ ਨਾਲ ਪੇਸ਼ ਹੁੰਦੀ ਹੈ। ਇਸ ਨਾਲ ਭਾਨੀ ਦਾ ਕਿਰਦਾਰ ਦੂਜੇ ਗੌਣ ਪਾਤਰਾਂ ਦੇ ਮੌਲਿਕ ਉਚਾਰ ਖਤਮ ਕਰ ਦਿੰਦਾ ਹੈ ਤੇ ਨਾਵਲ ਇਕਹਿਰੀ ਸੋਚ ਦੁਆਲੇ ਕੇਂਦਰਤ ਰਹਿਣ ਲੱਗਦਾ ਹੈ। ਭਾਨੀ ਦਾ ਚਰਿੱਤਰ ਚਿੱਤਰਣ ਕਰਦਿਆਂ ਲੇਖਕ ਯਥਾਰਥ ਤੇ ਕਲਪਨਾ ਦੇ ਮਿੱਸ ਦੀ ਥਾਂ ਆਦਰਸ਼ਵਾਦ ਤੇ ਰੁਮਾਂਸਵਾਦ ਦਾ ਵੀ ਮਿਸ਼ਰਨ ਕਰ ਦਿੰਦਾ ਹੈ।

ਨਾਵਲਕਾਰ ਦਲਿਤ ਅਤੇ ਅਖੌਤੀ ਸਵਰਨ ਲੋਕਾਂ ਵਿਚਕਾਰ ਇਕ ਲਕੀਰ ਖਿੱਚ ਕੇ ਨਾਵਲੀ ਬਿਰਤਾਂਤ ਦੀ ਉਸਾਰੀ ਕਰਦਾ ਹੈ। ਇਸ ਲਕੀਰ ਦੇ ਇਕ ਪਾਸੇ ਸਾਰੇ ਅਖੌਤੀ ਸਵਰਨ ਜਾਤੀਆਂ ਦੇ ਲੋਕ ਜਾਤੀ ਖੁੰਦਕ ਰੱਖਣ ਵਾਲੇ ਹਨ, ਦੂਜੇ ਪਾਸੇ ਸਾਰੇ ਦਲਿਤ ਸਮਾਜ ਦੇ ਲੋਕ ਭੇਦਭਾਵ ਭਰਿਆ ਜੀਵਨ ਜੀਉਣ ਵਾਲੇ ਹਨ। ਪਾਤਰਾਂ ਦੀ ਅਜਿਹੀ ਕਰੜੀ ਵੰਡ ਭਾਈ ਵੀਰ ਸਿੰਘ ਦੇ ਨਾਵਲਾਂ ਦੀ ਯਾਦ ਤਾਜ਼ਾ ਕਰ ਦਿੰਦੀ ਹੈ, ਜਿੱਥੇ ਪਾਤਰਾਂ ਦੀ ਵੰਡ ਦਾ ਆਧਾਰ ਧਾਰਮਿਕ ਪਿਛੋਕੜ ਸਿੱਧ ਕੀਤਾ ਜਾਂਦਾ ਹੈ। ਨਾਵਲਕਾਰ ਨੇ ਸਮਾਜ ਨੂੰ ਨਹੀਂ ਸਮਾਜਕ ਜੀਵਨ ਦੀ ਅੰਤਰ ਆਤਮਾ ਨੂੰ ਪੇਸ਼ ਕਰਨਾ ਹੁੰਦਾ ਹੈ। ਇਸਦੇ ਨਾਲ ਸਮਾਜ ਵਿਚ ਕੀ ਹੋ ਰਿਹਾ ਹੈ, ਦੀ ਥਾਂ ਕਿਵੇਂ ਹੋ ਰਿਹਾ ਹੈ ਦਾ ਚਿਤਰਨ ਬਿਰਤਾਂਤ ਦੇ ਕੇਂਦਰ ਵਿੱਚ ਹੋਣਾ ਚਾਹੀਦਾ ਹੈ। ਬੇਸ਼ੱਕ ਦਲਿਤ ਸਾਹਿਤ ਜਾਤੀ ਪਾਤੀ ਵਿਵਸਥਾ ਦੇ ਅਮਾਨਵੀ ਰੂਪਾਂ ਨੂੰ ਭਰਵੇਂ ਰੂਪ ਵਿਚ ਪੇਸ਼ ਕਰੇ ਪਰ ਹਨੇਰੇ ਸਮਿਆਂ ਵਿਚ ਮਨੁੱਖਾਂ ਦੀ ਆਪਸੀ ਸਾਂਝ ਤੇ ਮੁਹੱਬਤ ਦੀਆਂ ਮਿਸਾਲਾਂ ਪੇਸ਼ ਕਰਕੇ ਸਾਹਿਤ ਦੀ ਸਜੀਵਤਾ ਹੋਰ ਕਾਇਮ ਰਹਿ ਸਕਦੀ ਹੈ।

ਕੁੱਲ ਮਿਲਾ ਕੇ ਰਘਬੀਰ ਸਿੰਘ ਮਾਨ ਦਾ ਇਹ ਨਾਵਲ ਆਪਣੇ ਸੰਖਿਪਤ ਬਿਰਤਾਂਤ ਤੇ ਰੌਚਿਕ ਘਟਨਾਵੀ ਵੇਰਵਿਆਂ ਨਾਲ ਪਾਠਕਾਂ ਨੂੰ ਪ੍ਰਭਾਵਤ ਕਰਨ ਵਾਲਾ ਹੈ। ਲੇਖਕ ਕੋਲ਼ ਪਾਤਰਾਂ ਦੇ ਅੰਦਰਲੇ ਤੇ ਬਾਹਰੀ ਸੰਸਾਰ ਨੂੰ ਬਿਰਤਾਂਤ ਦੀ ਭਾਸ਼ਾ ਵਿਚ ਪੇਸ਼ ਕਰਨ ਦਾ ਹੁਨਰ ਹੈ ਪਰ ਵਿਚਾਰਧਾਰਾ ਨੂੰ ਬਿਰਤਾਂਤ ਅੰਦਰ ਸਹਿਜ ਸੁਭਾਵਕ ਉਭਾਰਨ ਦੀ ਥਾਂ ਜਬਰੀ ਪੇਸ਼ ਕਰਨ ਨਾਲ ਨਾਵਲ ਦਾ ਸੁਹਜ ਪ੍ਰਭਾਵਤ ਹੁੰਦਾ ਹੈ। **–ਡਾ. ਜੇ ਬੀ ਸੇਖੋਂ**

## ਮੇਰਾ ਪਿੰਡ ਮੇਰੇ ਲੋਕ (ਵਾਰਤਕ) ਅਵਤਾਰ ਸਿੰਘ ਬਿਲਿੰਗ

ਅਵਤਾਰ ਸਿੰਘ ਬਿਲਿੰਗ ਸਾਹਿਤਕ ਖੇਤਰ ਵਿਚ ਵੱਡਾ ਹਸਤਾਖਰ ਹੈ ਜੋ ਕਿਸੇ ਤਰ੍ਹਾਂ ਦੀ ਰਸਮੀ ਜਾਣ-ਪਛਾਣ ਦਾ ਮੁਥਾਜ ਨਹੀਂ। ਉਹ ਹੁਣ ਤਕ ਅੱਠ ਨਾਵਲ ਤੇ ਕਈ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਿਆ ਹੈ। ਹੁਣ ਉਹ ਆਪਣੇ ਪਿੰਡ ਦੇ ਲੋਕਾਂ ਅਤੇ ਉਹਨਾਂ ਦੇ ਜੀਵਨ ਬਾਰੇ ਵਾਰਤਕ ਪੁਸਤਕ 'ਮੇਰਾ ਪਿੰਡ ਮੇਰੇ ਲੋਕ' (ਪੰਨੇ 358, ਮੁੱਲ 650 ਰੁਪਏ, ਐਵਿਸ ਪਬਲੀਕੇਸ਼ਨਜ਼, ਦਿੱਲੀ/ਜ਼ੀਰਕਪੁਰ) ਲੈ ਕੇ ਪਾਠਕਾਂ ਦੀ ਕਚਹਿਰੀ ਵਿਚ ਹਾਜ਼ਰ ਹੋਇਆ ਹੈ।

ਹੱਥਲੀ ਵਾਰਤਕ ਪੁਸਤਕ ਨੂੰ 38 ਭਾਗਾਂ ਵਿਚ ਵੰਡਿਆ ਗਿਆ ਹੈ। ਆਰੰਭਲੇ ਭਾਗਾਂ ਵਿਚ ਲੇਖਕ ਨੇ ਆਪਣੇ ਪਿੰਡ ਦੇ ਮੁੱਢ ਬੱਝਣ ਬਾਰੇ ਮੁੱਲਵਾਨ ਜਾਣਕਾਰੀ ਦਿੱਤੀ ਹੈ। ਕਿਵੇਂ ਉਹਨਾਂ ਦੇ ਪੂਰਵਜਾਂ ਧੂਰੀ ਕੋਲ਼ੋਂ ਚੱਲ ਕੇ ਨਵੇਂ ਥਾਂ ਸਤਲੁਜ ਦੇ ਢਾਹੇ 'ਤੇ ਜਾ ਆਪਣਾ ਨਵਾਂ ਪਿੰਡ ਵਸਾਇਆ। ਪੰਜਾਬ ਦੇ ਬਾਕੀ ਪਿੰਡਾਂ ਦੀ ਰਵਾਇਤ ਮੁਤਾਬਕ ਪਿੰਡ ਬੱਝਣ ਦੇ ਆਰੰਭਲੇ ਵੇਲ਼ੇ ਕਿਵੇਂ ਕਾਸ਼ਤਕਾਰ ਵਰਗ ਨੇ ਗ਼ੈਰ-ਕਾਸ਼ਤਕਾਰ ਜਮਾਤਾਂ ਨੂੰ ਆਪਣੇ ਕੋਲ਼ ਲਿਆ ਕੇ ਵਸਾਇਆ। ਉਪਰੰਤ 20ਵੀਂ ਸਦੀ ਦੇ ਪਹਿਲੇ ਅੱਧ ਦੇ ਜੀਵਨ ਚਿੱਤਰ ਨੂੰ ਪੇਸ਼ ਕੀਤਾ ਗਿਆ ਹੈ ਜਿਸ ਤੋਂ ਉਸ ਸਮੇਂ ਦੀ ਸਮਾਜਕ, ਰਾਜਨੀਤਕ ਤੇ ਆਰਥਿਕ ਸਥਿਤੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਪੁਸਤਕ ਦੇ ਅਗਲੇ ਭਾਗਾਂ ਵਿਚ ਦੂਜੇ ਵਿਸ਼ਵ ਯੁੱਧ ਤੇ ਆਜ਼ਾਦੀ ਤੋਂ ਬਾਅਦ ਦੀਆਂ ਲੜਾਈਆਂ ਵਿਚ ਪਿੰਡ ਦੇ ਫੌਜੀਆਂ ਵੱਲੋਂ ਪਾਏ ਯੋਗਦਾਨ ਦਾ ਵੇਰਵਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਪਿੰਡ ਵਿਚੋਂ ਪੜ੍ਹ ਲਿਖ ਕੇ ਨੌਕਰੀ ਪੇਸ਼ਾ ਅਪਣਾਉਣ ਵਾਲੇ ਮਿਹਨਤੀ ਨੌਜਵਾਨਾਂ ਦੀ ਮਿਹਨਤ ਅਤੇ ਸਿਰੜ ਦੀ ਕਹਾਣੀ ਨੂੰ ਲੇਖਕ ਨੇ ਬੜੇ ਰੌਚਿਕ ਢੰਗ ਨਾਲ ਰੂਪਮਾਨ ਕੀਤਾ ਹੈ। ਲੇਖਕ ਅਨੁਸਾਰ ਉਹਨਾਂ ਵੇਲ਼ਿਆਂ ਵਿਚ ਸੀਮਤ ਸਾਧਨਾਂ ਦੇ ਬਾਵਜੂਦ ਲੋਕਾਂ ਦੇ ਅੰਦਰ ਮਿਹਨਤ ਤੇ ਸਿਰੜ ਰਾਹੀਂ ਆਪਣੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਦੀ ਰੁਚੀ ਪ੍ਰਬਲ ਸੀ। ਜਿੱਥੇ ਮੁਕਾਬਲਤਨ ਪੜ੍ਹੇ-ਲਿਖੇ ਮਿਹਨਤਕਸ਼ ਨੌਜਵਾਨ ਨੌਕਰੀ ਪੇਸ਼ਾ ਅਖਤਿਆਰ ਕਰਨ ਵੱਲ ਤੁਰੇ, ਉੱਥੇ ਵਧੇਰੇ ਕਰਕੇ ਮਿਹਨਤੀ ਪੇਂਡੂਆਂ ਨੇ ਖੇਤੀ ਨੂੰ ਹੀ ਬਦਲਵੇਂ ਅਤੇ ਨਵੇਂ ਤਰੀਕਿਆਂ ਨਾਲ ਲਾਹੇਵੰਦ ਧੰਦਾ ਬਣਾ ਲਿਆ ਅਤੇ ਖੇਤੀ ਦੇ ਨਾਲ ਨਿੱਕੇ ਵਪਾਰ ਦੀ ਰੁਚੀ ਰਾਹੀਂ ਆਪਣੀ ਜੱਦੀ-ਪੁਸ਼ਤੀ ਜਾਇਦਾਦ ਵਿਚ ਮਾਣਯੋਗ ਵਾਧਾ ਕੀਤਾ। ਜੀਵਨ ਪੱਧਰ ਵਿਚ ਇਹ ਬਿਹਤਰੀ ਸਿਰਫ਼ ਕਾਸ਼ਤਕਾਰ ਜਾਂ ਕਿਸਾਨੀ ਵਰਗ ਤਕ ਸੀਮਤ ਨਹੀਂ ਸੀ ਬਲਕਿ ਗ਼ੈਰ-ਕਾਸ਼ਤਕਾਰ ਜਾਂ ਕਿਰਤੀ ਜਮਾਤਾਂ ਨੇ ਵੀ ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਮਿਹਨਤ, ਲਗਨ ਤੇ ਨਿਰੰਤਰਤਾ ਦਾ ਪੱਲਾ ਫੜੀ ਰੱਖਿਆ ਅਤੇ ਆਪਣੇ ਪਰਿਵਾਰਾਂ ਦੇ ਜੀਵਨ ਨੂੰ ਬਦਲ ਕੇ ਵਿਖਾਇਆ।

'ਮੇਰਾ ਪਿੰਡ ਮੇਰੇ ਲੋਕ' ਵਿਚ ਪਿੰਡ ਦੀ ਧਾਰਮਿਕ ਰੰਗਣ ਨੂੰ ਬੜੀ ਮਾਰਮਿਕਤਾ ਨਾਲ ਪੇਸ਼ ਕੀਤਾ ਗਿਆ ਹੈ। ਅਕਾਲੀ ਲਹਿਰ ਤੋਂ ਪਹਿਲਾਂ ਲੋਕਾਂ ਵਿਚ ਲੋਕ ਧਰਮ ਦੀ ਰੰਗਤ ਵਧੇਰੇ ਗੂੜ੍ਹੀ ਵਿਖਾਈ ਦਿੰਦੀ ਹੈ। ਪਿੰਡ ਵਿਚ ਵੱਖ-ਵੱਖ ਵਰਗਾਂ/ਜਾਤਾਂ ਦੇ ਆਪਣੇ-ਆਪਣੇ ਪੂਜਾ ਸਥਲ ਹੋਣ ਦੇ ਬਾਵਜੂਦ ਲੋਕਾਂ ਵਿਚ ਕਿਸੇ ਤਰ੍ਹਾਂ ਦੀ ਧਾਰਮਿਕ ਸੰਕੀਰਣਤਾ ਵਿਖਾਈ ਨਹੀਂ ਦਿੰਦੀ ਬਲਕਿ ਸਾਰੇ ਇਕ-ਦੂਜੇ ਦੇ ਧਾਰਮਿਕ ਸਥਾਨਾਂ ਦਾ ਦਿਲ ਤੋਂ ਸਤਿਕਾਰ ਕਰਦੇ ਹਨ। ਸਮੇਂ ਦੇ ਬੀਤਣ ਨਾਲ ਪਿੰਡ ਵਿਚ ਪਰਿਵਰਤਨ ਆਇਆ ਤੇ ਕਈ ਧਾਰਮਿਕ ਰੰਗਤਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ ਪਰ ਫਿਰ ਵੀ ਪਿੰਡ ਦੇ ਲੋਕਾਂ ਦੇ ਮਨਾਂ ਵਿਚ ਧਾਰਮਿਕ ਤੰਗਦਿਲੀ ਜਾਂ ਕਾਣ ਵਿਖਾਈ ਨਹੀਂ ਦਿੰਦੀ। ਪਿੰਡ ਵਿਚ ਗੁਰਦੁਆਰਾ, ਸ਼ਹੀਦਾਂ ਦੀਆਂ ਸਮਾਧਾਂ, ਬਖੂਏ ਆਦਿ ਕਈ ਧਾਰਮਿਕ ਸਥਾਨ ਮੌਜੂਦ ਹਨ।

ਪੁਸਤਕ ਵਿਚ ਲੇਖਕ ਨੇ ਲਗਪਗ ਪਿਛਲੇ 100 ਸਾਲ ਦੀ ਹੋਣੀ ਨੂੰ ਬਿਆਨ ਕੀਤਾ ਹੈ ਜਿਸ ਕਾਰਨ ਪੰਜਾਬ ਵਿਚ ਚੱਲੀਆਂ ਪ੍ਰਮੁੱਖ ਲਹਿਰਾਂ- ਸਿੰਘ ਸਭਾ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਕੂਕਿਆਂ ਦੀ ਲਹਿਰ, ਸੁਤੰਤਰਤਾ ਸੰਘਰਸ਼, ਪੰਜਾਬ ਸੰਕਟ ਆਦਿ ਦੀਆਂ ਜਮੀਨੀ ਸਥਿਤੀਆਂ ਨੂੰ

ਪੁਸਤਕ ਵਿਚ ਬਹੁਤ ਸੁਚੱਜੇ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਪੁਸਤਕ ਵਿਚੋਂ ਇਹ ਵੀ ਵਾਚਿਆ ਜਾ ਸਕਦਾ ਹੈ ਕਿ ਕਿਵੇਂ ਸੰਤਾਲੀ ਦੇ ਉਜਾੜੇ ਸਮੇਂ ਜਿੱਥੇ ਪੂਰਾ ਪੰਜਾਬ ਮਾਰ-ਧਾੜ ਦੇ ਪ੍ਰਭਾਵ ਹੇਠ ਆਇਆ ਹੋਇਆ ਸੀ ਅਤੇ ਮਨੁੱਖੀ ਜ਼ਿੰਦਗੀ ਬਦਤਰ ਸਥਿਤੀ ਵਿਚੋਂ ਗੁਜ਼ਰ ਰਹੀ ਸੀ, ਉਸ ਸਮੇਂ ਵੀ ਲੇਖਕ ਦਾ ਪਿੰਡ ਭਾਈਚਾਰਕ ਏਕੇ ਸਦਕਾ ਕਿਵੇਂ ਮਾਰ-ਧਾੜ ਦੀ ਮਾਰੂ ਸਥਿਤੀ ਤੋਂ ਬਚਿਆ ਰਿਹਾ। ਅੱਸੀਵਿਆਂ ਦੇ ਪੰਜਾਬ ਸੰਕਟ ਦੇ ਸਮੇਂ ਵੀ ਭਾਵੇਂ ਆਲ਼ੇ-ਦੁਆਲ਼ੇ ਕੁਝ ਮੰਦੀਆਂ ਘਟਨਾਵਾਂ ਵਾਪਰੀਆਂ ਪਰ ਪਿੰਡ ਸੇਹ ਸਮੁੱਚੇ ਰੂਪ ਵਿਚ ਆਪਣੀ ਸਾਂਝ ਕਾਇਮ ਰੱਖਣ ਵਿਚ ਕਾਮਯਾਬ ਰਿਹਾ।

ਪੁਸਤਕ ਵਿਚ ਪਿੰਡ ਦੇ ਫੌਜੀਆਂ ਦਾ ਚੋਖਾ ਜ਼ਿਕਰ ਕੀਤਾ ਗਿਆ ਹੈ। ਇਸ ਪਿੰਡ ਦੇ ਵਾਸੀ ਮਿਸਤਰੀ ਮਾਘੀ ਸਿੰਘ, ਸੁੰਦਰ ਸਿੰਘ ਭੰਗੂ, ਹੀਰਾ ਸਿੰਘ ਧਾਲੀਵਾਲ, ਬਸੰਤ ਸਿੰਘ, ਭਾਗ ਸਿੰਘ, ਭਗਤ ਸਿੰਘ, ਇੰਦਰ ਸਿੰਘ ਬਿਲਿੰਗ ਆਦਿ 25 ਫੌਜੀਆਂ ਨੇ ਪਹਿਲੀ ਵਿਸ਼ਵ ਜੰਗ ਵਿਚ ਹਿੱਸਾ ਲਿਆ ਸੀ। ਪਿੰਡ ਦੇ ਇਕ ਸਿਆਣੇ ਵਸਨੀਕ ਮੇਜਰ ਸਿੰਘ ਅਨੁਸਾਰ ਦੂਜੀ ਵਿਸ਼ਵ ਜੰਗ ਵਿਚ ਉਸਦਾ 18 ਸਾਲਾ ਚਾਚਾ ਉਜਾਗਰ ਸਿੰਘ ਬਿਲਿੰਗ 1942 ਵਿਚ ਐਲਾਮੀਨ ਦੀ ਲੜਾਈ ਦੌਰਾਨ ਹੋਏ ਬੰਬ ਧਮਾਕੇ ਵਿਚ ਸ਼ਹੀਦ ਹੋਇਆ ਸੀ। ਮਿਸਰ ਵਿਚ ਐਲਾਮੀਨ ਦੇ ਜੰਗ ਦੇ ਮੈਦਾਨ ਵਿਚ ਉਸ ਦੀ 192 ਨੰਬਰ ਬੁਰਜੀ ਉੱਤੇ ਉਜਾਗਰ ਸਿੰਘ ਦਾ ਵੇਰਵਾ ਲਿਖ ਕੇ ਉਪਰ ਸਿੱਖੀ ਨਿਸ਼ਾਨ ਲੱਗਿਆ ਹੋਇਆ ਹੈ ਜਿੱਥੇ 74 ਸਾਲਾਂ ਮਗਰੋਂ ਸ਼ਹੀਦ ਦੇ ਭਰਾ ਮੇਜਰ ਭਗਵਾਨ ਸਿੰਘ ਦੇ ਪੋਤੇ ਕਰਨਲ ਹਰਿੰਦਰ ਸਿੰਘ ਬਿਲਿੰਗ ਨੇ ਆਪਣੇ ਬਜ਼ੁਰਗ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਤੋਂ ਇਲਾਵਾ ਨਾਇਬ ਸੂਬੇਦਾਰ ਜਾਗੀਰ ਸਿੰਘ, ਮੇਜਰ ਭਗਵਾਨ ਸਿੰਘ, ਹੌਲਦਾਰ ਅਮਰ ਸਿੰਘ, ਚੰਨਣ ਸਿੰਘ, ਪੂਰਨ ਸਿੰਘ ਭੰਗੂ, ਦਲੀਪ ਸਿੰਘ ਭੰਗੂ, ਗੁਲਵੰਤ ਸਿੰਘ, ਕੁਲਵੰਤ ਸਿੰਘ, ਬੰਤਾ ਸਿੰਘ ਭੰਗੂ, ਹਾਕਮ ਸਿੰਘ ਆਦਿ ਕਈ ਵਿਅਕਤੀ ਦੂਜੇ ਵਿਸ਼ਵ ਜੰਗ ਵਿਚ ਸ਼ਾਮਲ ਹੋਏ ਸਨ। ਇਸ ਤੋਂ ਬਾਅਦ ਸੰਨ 65 ਤੇ 71 ਦੀਆਂ ਲੜਾਈਆਂ ਅਤੇ ਕਾਰਗਿਲ ਦੀ ਲੜਾਈ ਵਿਚ ਵੀ ਪਿੰਡ ਸੇਹ ਦੇ ਫੌਜੀਆਂ ਨੇ ਹਿੱਸਾ ਲਿਆ।

ਪਿੰਡ ਦੇ ਭੰਗੂ ਗੋਤ ਵਾਲਿਆਂ ਨੇ ਫੌਜੀ ਵਿਚ ਭਰਤੀ ਹੋਣ ਤੋਂ ਇਲਾਵਾ ਸਿਆਸਤ ਵਿਚ ਵੀ ਵਧੇਰੇ ਸਰਗਰਮੀ ਨਾਲ ਹਿੱਸਾ ਲਿਆ। ਵਰਤਮਾਨ ਵਿਚ ਵੀ ਭੰਗੂਆਂ ਦੀ ਰਾਜਨੀਤੀ ਵਿਚ ਚੜ੍ਹਤ ਹੈ, ਜਦਕਿ ਬਿਲਿੰਗ ਗੋਤ ਨੇ ਸਿਆਸਤ ਵਿਚ ਬਹੁਤੀ ਦਿਲਚਸਪੀ ਨਹੀਂ ਵਿਖਾਈ। ਉਹਨਾਂ ਦਾ ਰੁਝਾਨ ਪੜ੍ਹਾਈ ਵਿਚ ਰਿਹਾ। ਇਸ ਲਈ ਪਿੰਡ ਪੱਧਰ 'ਤੇ ਬਿਲਿੰਗ ਗੋਤ ਦੀ ਮੁਲਾਜ਼ਮਤ ਵਿਚ ਝੰਡੀ ਰਹੀ। ਪਿੰਡ ਵਿਚੋਂ ਪਰਵਾਸੀ ਬਣਕੇ ਬਦੇਸ਼ਾਂ ਵਿਚ ਜਾਣ ਵਿਚ ਵੀ ਬਿਲਿੰਗ ਗੋਤ ਮੋਹਰੀ ਰਿਹਾ ਹੈ। ਭੰਗੂ ਗੋਤ ਨੇ ਕਿਸਾਨੀ ਕਿੱਤੇ ਨੂੰ ਪੱਕੇ ਪੈਰੀਂ ਕਰਨ ਵੱਲ ਵਧੇਰੇ ਰੁਚੀ ਵਿਖਾਈ ਹੈ। ਅਸਲ ਵਿਚ ਕਿਸਾਨੀ ਲਈ ਧੱਕੜ ਜੁੱਸੇ ਤੇ ਸਰੀਰਕ ਮਿਹਨਤ-ਮੁਸ਼ੱਕਤ ਦੀ ਜ਼ਿਆਦਾ ਜ਼ਰੂਰਤ ਹੁੰਦੀ ਸੀ। ਇਸ ਲਈ ਕਿਸਾਨੀ ਵਿਚ ਸਫ਼ਲ ਤਿੰਨ ਪੀੜ੍ਹੀਆਂ ਤੋਂ ਨੌਂ ਭੰਗੂ ਭਰਾ ਇਸ ਦੀ ਉਦਾਹਰਨ ਹਨ, ਜਿੰਨ੍ਹਾਂ ਬਾਰੇ ਪੁਸਤਕ ਵਿਚ ਵਿਸਥਾਰ ਵਿਚ ਜਾਣਕਾਰੀ ਦਿੱਤੀ ਗਈ ਹੈ।

ਪੰਜਾਬ ਦੀ ਕਿਸਾਨੀ ਦੀ ਵਾਸਤਵਿਕ ਸਥਿਤੀ ਨੂੰ ਲੇਖਕ ਨੇ 'ਕਿਰਸਾਣੀ ਹੋਈ ਸੱਚਮੁੱਚ ਫੇਲ੍ਹ?' ਨਿਬੰਧ ਵਿਚ ਉਘਾੜਨ ਦਾ ਯਤਨ ਕੀਤਾ ਹੈ। ਹਰੀ ਕ੍ਰਾਂਤੀ ਤੋਂ ਬਾਅਦ ਇਕਦਮ ਹੋਏ ਫਸਲੀ ਉਪਜ ਵਿਚ ਵਾਧੇ ਵਿਚ ਇਕ ਸਮੇਂ ਤੋ ਬਾਅਦ ਆਈ ਖੜੋਤ ਅਤੇ ਦੂਜੇ ਪਾਸੇ ਕਿਸਾਨ ਪਰਿਵਾਰਾਂ ਦੇ ਵਧੇ ਹੋਏ ਖਰਚਿਆਂ ਕਾਰਨ ਸਥਿਤੀ ਦਾ ਸੰਤੁਲਨ ਵਿਗੜ ਗਿਆ ਹੈ। ਖੇਤੀ ਦੇ ਨਾਲ ਸਹਾਇਕ ਧੰਦਿਆਂ ਵੱਲ ਤੁਰੇ ਪਰਿਵਾਰ ਅਤੇ ਆਪਣੇ ਖਰਚਿਆਂ ਨੂੰ ਕਾਬੂ ਵਿਚ ਰੱਖਣ ਵਾਲੇ ਕਿਸਾਨ ਅੱਜ ਵੀ ਬਿਹਤਰ ਸਥਿਤੀ ਵਿਚ ਹਨ। ਪਰ ਹਰੀ ਕ੍ਰਾਂਤੀ ਤੋਂ ਬਾਅਦ ਚੱਲੇ ਦੋ ਫਸਲੀ (ਜੀਰੀ ਤੇ ਕਣਕ) ਚੱਕਰ ਨੇ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਧੱਕਾ ਲਗਾਇਆ ਹੈ। ਲੇਖਕ ਨੇ ਕਿਸਾਨੀ ਦੇ ਲਗਪਗ ਪਿੱਛਲੇ 100 ਸਾਲ ਦੇ ਸਫ਼ਰ ਤੇ ਉਸ ਵਿਚ ਆਏ ਪਰਿਵਰਤਨਾਂ ਦੇ ਪ੍ਰਭਾਵਾਂ ਤੇ ਪਿੱਠਭੂਮੀ ਵਿਚ ਪਏ ਕਿਰਿਆਸ਼ੀਲ ਕਾਰਨਾਂ ਨਾਲ ਬਾਖੂਬੀ ਸੰਬਾਦ ਕੀਤਾ ਹੈ।

ਪੁਸਤਕ ਵਿਚੋਂ ਪਤਾ ਲੱਗਦਾ ਹੈ ਕਿ ਭਾਵੇਂ ਜਾਤ ਅਧਾਰਿਤ ਥੋੜ੍ਹਾ-ਬਹੁਤ ਵਿਤਕਰਾ ਪਿੰਡ ਵਿਚ ਮੌਜੂਦ ਰਿਹਾ ਹੈ ਪਰ ਇਸ ਦੇ ਬਾਵਜੂਦ ਲੋਕਾਂ ਦੇ ਮਨਾਂ ਅੰਦਰ ਜਾਤੀ ਨਫ਼ਰਤ ਲਈ ਕੋਈ ਥਾਂ ਨਹੀਂ। ਪਿੰਡ ਦੇ ਲੋਕ ਬਿਨਾਂ ਕਿਸੇ ਭੇਦ-ਭਾਵ ਇਕ-ਦੂਜੇ ਦੀ ਖੁਸ਼ੀ-ਗਮੀ ਵਿਚ ਸ਼ਰੀਕ ਹੁੰਦੇ ਹਨ ਅਤੇ ਲੋੜਵੰਦ ਦੀ ਖੁੱਲ੍ਹੇ ਦਿਲ ਨਾਲ ਮੱਦਦ ਵੀ ਕਰਦੇ ਹਨ। ਪਿੰਡ ਦੇ ਲੋਕਾਂ ਦਾ ਆਪਸੀ ਭਾਈਚਾਰਾ ਕਿੰਨਾ ਮਜਬੂਤ ਹੈ. ਇਸ ਸਵਾਲ ਦਾ ਜਵਾਬ ਇਸ ਤੋਂ ਪਤਾ ਲੱਗਦਾ ਹੈ ਕਿ ਨਗਰ ਦਾ ਜਿਹੜਾ ਵੀ ਵਾਸੀ ਕਿਸੇ ਮਹਿਕਮੇ ਵਿਚ ਨੌਕਰੀ ਪ੍ਰਾਪਤ ਕਰਨ ਵਿਚ ਕਾਮਯਾਬ ਹੋਇਆ ਹੈ, ਉਸ ਨੇ ਆਪਣੇ ਪਿੰਡ ਦੇ ਹੋਰ ਲੋੜਵੰਦਾਂ ਤੇ ਯੋਗ ਨੌਜਵਾਨਾਂ ਦੀ ਬਿਨਾਂ ਕਿਸੇ ਵਿਤਕਰੇ ਤੇ ਲਾਲਚ ਦੇ ਖੁੱਲ੍ਹੇ ਦਿਲ ਨਾਲ ਮੱਦਦ ਕੀਤੀ ਹੈ।

ਪੁਸਤਕ ਦੇ ਅਖੀਰ ਵਿਚ ਲੇਖਕ ਨੇ ਆਪਣੇ ਪੂਰਵਜਾਂ ਬਾਰੇ ਸੰਖੇਪ ਤੇ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ। ਇਸ ਤੋਂ ਇਲਾਵਾ ਪੁਸਤਕ ਵਿਚ ਕਵੀਸ਼ਰੀ, ਨਿਸ਼ਕਾਮ ਸੇਵਾ, ਸਿਹਤ ਸਹੂਲਤਾਂ, ਸਿੱਖਿਆ ਸੰਸਥਾਵਾਂ ਦੀ ਸਥਿਤੀ, ਲੋਕ ਮੇਲੇ, ਚਿਕਿਤਸਾ ਪ੍ਰਣਾਲੀ, ਮਨੋਰੰਜਨ ਦੇ ਸਾਧਨਾਂ ਬਾਰੇ ਅਹਿਮ ਜਾਣਕਾਰੀ ਦਿੱਤੀ ਗਈ ਹੈ। ਪੁਸਤਕ ਰੂਪਕ ਪੱਖ ਤੋਂ ਅਮੀਰ ਹੈ। ਵਾਕ ਛੋਟੇ, ਸਰਲ ਤੇ ਸਪੱਸ਼ਟ ਵਰਤੇ ਗਏ ਹਨ। ਲੇਖਕ ਦੀ ਸ਼ੈਲੀ ਰਸਦਾਇਕ ਹੈ ਜਿਸ ਕਾਰਨ ਵੱਡ-ਆਕਾਰੀ ਹੋਣ ਦੇ ਬਾਵਜੂਦ ਪੁਸਤਕ ਪੜ੍ਹਨ ਵਿਚ ਅਕਾਊਪਣ ਵੀ ਮਹਿਸੂਸ ਨਹੀਂ ਹੁੰਦਾ। ਪੁਸਤਕ ਦੀ ਖ਼ੂਬਸੂਰਤੀ ਹੈ ਕਿ ਇਸ ਵਿਚ ਪੇਸ਼ ਪੇਂਡੂ ਰਹਿਤਲ ਤੇ ਜੀਵਨ ਦਾ ਬਿੰਬ ਸਿਰਫ਼ ਸੇਹ ਦਾ ਨਹੀਂ ਬਲਕਿ ਇਹ ਪੰਜਾਬ ਦੇ ਸਮੁੱਚੇ ਪਿੰਡ ਦਾ ਬਿੰਬ ਹੋ ਨਿਬੜਦਾ ਹੈ। **-ਪਰਗਟ ਸਿੰਘ**

## ਅੰਬਰੀਂ ਉੱਡਣ ਤੋਂ ਪਹਿਲਾਂ (ਨਾਵਲ) ਡਾ. ਗੁਰਮਿੰਦਰ ਸਿੱਧੂ

ਡਾ. ਗੁਰਮਿੰਦਰ ਸਿੱਧੂ ਪੰਜਾਬੀ ਸਾਹਿਤ ਵਿਚ ਕਾਵਿ ਸੰਗ੍ਰਹਿ ਅਤੇ ਵਾਰਤਕ ਦੀਆਂ ਢੇਰ ਪੁਸਤਕਾਂ ਨਾਲ ਹਾਜ਼ਰੀ ਲਗਵਾਉਣ ਉਪਰੰਤ ਆਪਣਾ ਪਲੇਠਾ ਵੱਡ-ਆਕਾਰੀ ਨਾਵਲ 'ਅੰਬਰੀਂ ਉੱਡਣ ਤੋਂ ਪਹਿਲਾਂ' (ਚੇਤਨਾ ਪ੍ਰਕਾਸ਼ਨ ਲੁਧਿਆਣਾ, ਪੰਨੇ 336, ਮੁੱਲ 450 ਰੁਪਏ) ਲੈ ਕੇ ਹਾਜ਼ਰ ਹੋਈ ਹੈ। ਇਸ ਨਾਵਲ ਦਾ ਬਿਰਤਾਂਤ ਮਾਨਸਿਕ ਤਸ਼ੱਦਦ ਨੂੰ ਸਹਿਣ ਨਾਲ ਵਧੇਰੇ ਅਤੇ ਉਸ ਵਿਚੋਂ ਨਿਕਲਣ ਦੀਆਂ ਬਹੁਤ ਘੱਟ ਕੋਸ਼ਿਸ਼ਾਂ ਨਾਲ ਜੁੜਿਆ ਹੋਇਆ ਹੈ। ਨਾਵਲ ਦੇ ਅੰਤ ਵਿਚ ਬੇਸ਼ੱਕ ਇਸਦੀ ਮੁੱਖ ਪਾਤਰ ਇਸ ਦੁਖਾਂਤ ਵਿਚੋਂ ਨਿਕਲ ਜਾਂਦੀ ਹੈ ਪਰ ਪਾਠਕ ਉਸਦੇ ਲੰਬੇ ਦੁਖਾਂਤ ਨਾਲ ਵਿਚਰਨ ਉਪਰੰਤ ਅੰਤ ਵਿਚ ਉਸਦੀ ਖੁਸ਼ੀ ਦੇ ਪਲ ਮਾਣਨ ਤੋਂ ਵਿਰਵਾ ਰਹਿ ਜਾਂਦਾ ਹੈ।

ਨਾਵਲ ਦੀ ਕਹਾਣੀ ਇਸਦੀ ਮੁੱਖ ਪਾਤਰ ਸਰਘੀ ਦੇ ਤੱਟਫੱਟ ਵਿਆਹ ਤੋਂ ਸ਼ੁਰੂ ਹੁੰਦੀ ਹੈ। ਆਸਟਰੇਲੀਆ ਤੋਂ ਆਏ ਮੁੰਡੇ ਕੰਵਰ ਨਾਲ ਵਿਆਹ ਉਪਰੰਤ ਉਹ ਵੀ ਆਸਟਰੇਲੀਆ ਚਲੀ ਜਾਂਦੀ ਹੈ। ਵਿਆਹ ਦੇ ਤੀਜੇ ਚੌਥੇ ਦਿਨ ਤੋਂ ਹੀ ਕੰਵਰ ਆਪਣੀ ਮਰਦਾਨਾ ਧੌਂਸ ਦਿਖਾਉਣੀ ਸ਼ੁਰੂ ਕਰ ਦਿੰਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਧੌਂਸ 336 ਪੰਨੇ ਦੇ ਨਾਵਲ ਵਿਚ 334 ਪੰਨੇ ਤਕ ਸਰਘੀ ਵੱਲੋਂ ਤਲਾਕ ਲੈਣ ਤਕ ਵੱਧਦੀ ਹੀ ਜਾਂਦੀ ਹੈ। ਕੰਵਰ ਹੱਦ ਦਰਜੇ ਦਾ ਸਵਾਰਥੀ ਤੇ ਸਾਮੰਤੀ ਸਰੋਕਾਰਾਂ ਵਾਲਾ ਹੈ। ਉਸਦੀਆਂ ਸਾਰੀਆਂ ਰੁਚੀਆਂ ਜਾਗੀਰੂ ਹਨ। ਉਹ ਵਿਹਲਾ ਰਹਿ ਕੇ ਸਰਘੀ ਦੀ ਕਮਾਈ 'ਤੇ ਐਸ਼ ਕਰਦਾ ਹੈ। ਸਰਘੀ ਉਸ ਲਈ ਕਮਾਈ ਕਰਨ ਵਾਲੀ ਮਸ਼ੀਨ ਹੀ ਨਹੀਂ ਬਲਕਿ ਘਰੇਲੂ ਕੰਮ ਕਰਨ ਵਾਲੀ ਨੌਕਰਾਣੀ ਵੀ ਬਣੀ ਰਹਿੰਦੀ ਹੈ। ਨੌਕਰੀ ਅਤੇ ਘਰ ਦੇ ਸਾਰੇ ਕੰਮ ਕਰਨ ਦੇ ਬਾਵਜੂਦ ਉਸਨੂੰ ਮਾਨਸਿਕ ਪੀੜਾ ਸਹਿਣੀ ਪੈਂਦੀ ਹੈ। ਸਰਘੀ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਆਪਣੇ ਅਧੀਨ ਰੱਖਣ ਲਈ ਉਹ ਸਰਘੀ 'ਤੇ ਚਰਿੱਤਰਹੀਣ ਹੋਣ ਦਾ ਇਲਜ਼ਾਮ ਵੀ ਲਾਉਂਦਾ ਹੈ। ਸਰਘੀ ਇਸ ਤਰ੍ਹਾਂ ਦੇ ਮਾਹੌਲ ਵਿਚ ਰਹਿੰਦੀ ਹੋਈ ਆਪਣੀ ਡਿਗਰੀ, ਪੱਕੀ ਨੌਕਰੀ ਅਤੇ ਪੱਕੀ ਰਿਹਾਇਸ਼ ਪ੍ਰਾਪਤ ਕਰ ਲੈਂਦੀ ਹੈ। ਸਰਘੀ ਦੀ ਇਹ ਸਹਿਣਸ਼ੀਲਤਾ ਤੇ

ਪ੍ਰਾਪਤੀ ਪਾਠਕ ਲਈ ਬਹੁਤ ਪ੍ਰੇਰਨਾਦਾਇਕ ਹੈ।

ਦੂਜੇ ਪਾਸੇ ਕੰਵਰ ਦਾ ਵਿਵਹਾਰ ਅਜਿਹਾ ਕਿਉਂ ਹੈ? ਇਸ ਬਾਰੇ ਉਸਦੇ ਪਿਛੋਕੜ ਅਤੇ ਪਾਲਣ ਪੋਸ਼ਣ ਬਾਰੇ ਜਾਣ ਕੇ ਹੀ ਸਮਝਿਆ ਜਾ ਸਕਦਾ ਹੈ। ਨਾਵਲ ਵਿਚ ਕੰਵਰ ਦਾ ਬਚਪਨ ਅਤੇ ਪਾਲਣ-ਪੋਸ਼ਣ ਗ਼ੈਰ ਹਾਜ਼ਰ ਹੈ। ਪਰਿਵਾਰ ਦੇ ਕਿਸੇ ਮੈਂਬਰ ਨਾਲ ਕੰਵਰ ਦਾ ਰਿਸ਼ਤਾ ਬਹੁਤਾ ਮਜ਼ਬੂਤੀ ਵਾਲਾ ਨਹੀਂ। ਕੰਵਰ ਦੀ ਭੈਣ ਡੌਲੀ ਤੇ ਉਸਦੇ ਪਤੀ ਬੰਟੂ ਦੀ ਵੀ ਆਪਸ ਵਿਚ ਵਿਗੜੀ ਰਹਿੰਦੀ ਹੈ। ਨਾਵਲ ਵਿਚ ਜ਼ਿਕਰ ਮਿਲਦਾ ਹੈ ਕਿ ਕੰਵਰ ਨੂੰ ਆਪਣੀ ਭੈਣ ’ਤੇ ਹੁੰਦਾ ਤਸ਼ੱਦਦ ਬੁਰਾ ਲੱਗਦਾ ਹੈ ਪਰ ਆਪ ਉਹ ਸਰਘੀ ਨਾਲ ਜੋ ਕੁਝ ਕਰਦਾ ਹੈ ਉਹ ਨਜ਼ਰ ਨਹੀਂ ਆਉਂਦਾ। ਸਰਘੀ ਦੇ ਮਾਨਸਿਕ ਉਤਪੀੜਨ ਤੋਂ ਇਕ ਗੱਲ ਹੋਰ ਸਪੱਸ਼ਟ ਹੁੰਦੀ ਹੈ ਕਿ ਜਦੋਂ ਔਰਤ ਨੂੰ ਲੋੜ ਤੋਂ ਵਧੇਰੇ ਬੰਦਸ਼ਾਂ ਵਿਚ ਰੱਖਿਆ ਜਾਂਦਾ ਹੈ ਤਾਂ ਉਹ ਪਤੀ ਵੱਲੋਂ ਮਿਲੀਆਂ ਇਕ-ਦੋ ਰਿਆਇਤਾਂ ਨਾਲ ਹੀ ਖੁਸ਼ ਹੋ ਜਾਂਦੀ ਹੈ, ਜਿਵੇਂ ਨਾਵਲ ਵਿਚ ਸਰਘੀ ਕੰਵਰ ਵੱਲੋਂ ਦੋ ਡਰੈੱਸਾਂ ਲੈ ਕੇ ਦੇਣ ਅਤੇਂ ਗੁਰੂਦੁਆਰੇ ਜਾਣ ਦੀ ਆਗਿਆ ਮਿਲਣ ਨਾਲ ਹੀ ਖੁਸ਼ ਹੋ ਜਾਂਦੀ ਹੈ।

ਨਾਵਲ ਵਿਚ ਪੇਸ਼ ਘਟਨਾ ਸਥਲ ਬੇਸ਼ੱਕ ਪਰਵਾਸੀ ਜੀਵਨ ਨਾਲ ਜੁੜਿਆ ਹੋਇਆ ਹੈ ਪਰ ਇਸਦੀ ਆਧਾਰਸ਼ਿਲਾ ਵਿਆਹ ਪ੍ਰਣਾਲੀ ਹੈ। ਇਸ ਸੰਕਟਮਈ ਦੌਰ ਵਿਚ ਵਿਚਰਦਿਆਂ ਅਸੀਂ ਦੇਖਦੇ ਹਾਂ ਕਿ ਮਨੁੱਖ ਕੋਲ਼ ਰਿਸ਼ਤਿਆਂ ਦੇ ਆਪਸੀ ਪਿਆਰ ਪੱਖੋਂ, ਆਰਥਿਕ ਵਸੀਲਿਆਂ ਦੇ ਪੱਖੋਂ, ਧਾਰਮਿਕ, ਸਭਿਆਚਾਰਕ ਅਤੇ ਰਾਜਨੀਤਕ ਪੱਖ ਤੋਂ ਬਹੁਤਾ ਮਾਣ ਕਰਨ ਯੋਗ ਕੁਝ ਨਹੀਂ ਹੈ। ਇਸ ਪੱਖ ਤੋਂ ਵਿਆਹ ਪ੍ਰਣਾਲੀ ਸਭ ਤੋਂ ਵਧੇਰੇ ਸੰਕਟਗ੍ਰਸਤ ਹੈ। ਇਸਦੇ ਉਲਟ ਸਾਮੰਤੀ ਵਿਆਹ ਪ੍ਰਣਾਲੀ ਵਧੇਰੇ ਹੰਢਣਸਾਰ ਸੀ। ਨਾਵਲ ਵਿਚ ਇਹ ਵਿਆਹ ਪ੍ਰਣਾਲੀ ਉਲਟ ਰੂਪ ਵਿਚ ਪੇਸ਼ ਹੋਈ ਹੈ। ਵਿਕਸਤ ਪੂੰਜੀਵਾਦੀ ਦੇਸ਼ ਵਿਚ ਰਹਿਣ ਵਾਲੇ ਜੋੜੇ ਦਾ ਮਰਦ ਆਪਣੀ ਪਤਨੀ ਤੋਂ ਸਾਮੰਤੀ ਵਿਆਹ ਪ੍ਰਣਾਲੀ ਦੀਆਂ ਮਾਨਤਾਵਾਂ ਲਈ ਆਸਵੰਦ ਹੈ।

ਵੱਡ-ਆਕਾਰੀ ਰਚਨਾ ਹੋਣ ਕਾਰਨ ਨਾਵਲ ਦੇ ਬਿਰਤਾਂਤਕੀ ਸੰਗਠਨ ਦਾ ਅਧਿਐਨ ਕਰਨਾ ਵੀ ਲਾਜ਼ਮੀ ਹੈ। ਨਾਵਲ ਦਾ ਬਿਰਤਾਂਤ ਕੁੱਲ 336 ਪੰਨਿਆਂ ’ਤੇ ਫੈਲਿਆ ਹੋਇਆ ਹੈ। ਇਹ ਬਿਰਤਾਂਤ ਡਾਇਰੀਨੁਮਾ ਤਕਨੀਕ ਰਾਹੀਂ ਤਰਤੀਬ ਵਿਚ ਹੈ। ਇਹ ਬਿਰਤਾਂਤ 20 ਦਸੰਬਰ 2007 ਤੋਂ ਸ਼ੁਰੂ ਹੋ ਕੇ 2022 ਤਕ ਦਾ ਹੈ। ਪਰੰਤੂ ਨਾਵਲਕਾਰਾ ਨੇ ਇਸ ਦਾ ਤਕਨੀਕੀ ਸੰਗਠਨ ਕੁਝ ਇਸ ਤਰ੍ਹਾਂ ਕੀਤਾ ਹੈ ਕਿ ਮੁੱਢਲੇ 330 ਪੰਨਿਆਂ ’ਤੇ ਇਕ ਸਾਲ ਅਤੇ ਤਿੰਨ ਮਹੀਨੇ ਦਾ ਬਿਰਤਾਂਤ ਹੈ ਜਦਕਿ ਪਿਛਲੇ ਛੇ ਪੰਨਿਆਂ ’ਤੇ ਬਾਰਾਂ ਸਾਲਾਂ ਦਾ ਬਿਰਤਾਂਤ ਸਮੇਟ ਦਿੱਤਾ ਗਿਆ ਹੈ। ਸਰਘੀ ਪੂਰੇ ਨਾਵਲ ਵਿਚ ਪਾਠਕ ਦੀ ਹਮਦਰਦੀ ਹਾਸਲ ਕਰਕੇ ਰੱਖਦੀ ਹੈ। ਉਸ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਪਾਠਕ ਉਸਦੇ ਦਰਦ ਨੂੰ ਮਹਿਸੂਸਦਾ ਹੈ। ਪਾਠਕ ਦੇ ਨਜ਼ਰੀਏ ਤੋਂ ਨਾਇਕ/ ਨਾਇਕਾ ਦੇ ਦੁੱਖ-ਦਰਦ ਵਿਚ ਨਾਲ ਖੜ੍ਹਨ ਤੋਂ ਬਾਅਦ ਨਾਇਕ/ਨਾਇਕਾ ਦੀਆਂ ਖੁਸ਼ੀਆਂ ਵਿਚ ਸ਼ਾਮਲ ਹੋਣ ਦੀ ਇੱਛਾ ਵੀ ਲਾਜ਼ਮੀ ਹੈ। ਇਸ ਨਾਵਲ ਦੇ ਬਿਰਤਾਂਤਕ ਸੰਗਠਨ ਵਿਚ ਅਜਿਹਾ ਕੀਤਾ ਜਾਣਾ ਚਾਹੀਦਾ ਸੀ। ਨਾਵਲਕਾਰਾ ਨੇ ਸਰਘੀ ਦੀਆਂ ਖੁਸ਼ੀਆਂ ਨੂੰ ਬੇਸ਼ੱਕ ‘ਅੰਬਰ ਉੱਡਣ ਵੇਲੇ’ ਅਤੇ ‘ਅੰਬਰੀਂ ਉਡਾਰੀਆਂ’ ਦੋ ਕਾਂਡ ਵਿਚ ਦਰਸਾਇਆ ਹੈ ਪਰ ਜੇਕਰ ਉਸਦੀਆਂ ਖੁਸ਼ੀਆਂ ਦਾ ਬਿਰਤਾਂਤ ਥੋੜ੍ਹਾ ਲੰਬਾ ਹੁੰਦਾ ਤਾਂ ਨਾਵਲ ਦਾ ਉਦੇਸ਼ ਹੋਰ ਵੀ ਸੰਤੁਸ਼ਟੀਜਨਕ ਹੋ ਜਾਣਾ ਸੀ।

ਲੇਖਿਕਾ ਕੋਲ਼ ਨਾਵਲ ਨੂੰ ਬੁਣਨ ਦੀ ਮੁਹਾਰਤ ਤਾਂ ਹੈ ਜਿਸ ਕਾਰਨ ਇਹ ਕਥਾਨਕ ਢਿੱਲਾ ਨਹੀਂ ਹੁੰਦਾ ਪਰ ਲੰਬਾ ਜ਼ਰੂਰ ਹੋ ਗਿਆ ਹੈ। ਇਕ ਪਾਠਕ ਦੇ ਨਜ਼ਰੀਏ ਤੋਂ ਇਹ ਸਵਾਲ ਮਨ ਵਿਚ ਪੈਦਾ ਹੁੰਦਾ ਹੈ ਕਿ ਚੰਡੀਗੜ੍ਹ ਵਰਗੇ ਸ਼ਹਿਰ ਦੀ ਪੜ੍ਹੀ-ਲਿਖੀ ਕੁੜੀ ਲਈ ਐਨਾ ਮਾਨਸਿਕ ਤਸ਼ੱਦਦ ਝੱਲਣ ਪਿੱਛੇ ਕਿਹੜੀ ਸੰਸਕਾਰਕ ਸ਼ਕਤੀ ਕੰਮ ਕਰਦੀ ਹੈ? ਇਕ ਪਾਸੇ ਜਦੋਂ ਸਾਮੰਤੀ ਸੰਸਕਾਰਾਂ ਦਾ ਲਗਪਗ ਭੋਗ ਪੈ ਚੁੱਕਾ ਹੈ, ਉੱਥੇ ਨਵੀਂ ਪੀੜ੍ਹੀ ਤੋਂ ਅਜਿਹੇ ਸੰਸਕਾਰਾਂ ਵਿਚ ਬੱਝੇ ਰਹਿ ਕੇ ਦੁਖਾਂਤ

ਭੋਗਣ ਦੀ ਉਮੀਦ ਕਰਨੀ ਤਰਕਸੰਗਤ ਨਹੀਂ ਜਾਪਦੀ। ਨਾਵਲ ਵਿਚ ਸਰਘੀ ਦਾ ਸੰਘਰਸ਼, ਉਸਦੀ ਮਿਹਨਤ ਅਤੇ ਹਾਰ ਨਾ ਮੰਨਣ ਦਾ ਜਨੂੰਨ ਬੇਸ਼ੱਕ ਬਹੁਤ ਸਾਰੀਆਂ ਕੁੜੀਆਂ ਲਈ ਪ੍ਰੇਰਨਾਮਈ ਹੈ ਪਰ ਇਸਤੋਂ ਇਹ ਵੀ ਸਿੱਖਣ ਨੂੰ ਮਿਲਦਾ ਹੈ ਕਿ ਗ਼ਲਤ ਵਰਤਾਰੇ ਨੂੰ ਬਰਦਾਸ਼ਤ ਕਰਨਾ ਸ਼ਖਸੀਅਤ ਵਿਚ ਵਿਗਾੜ ਪਾ ਦਿੰਦਾ ਹੈ। ਇਸ ਤਰ੍ਹਾਂ ਕੁੱਲ ਮਿਲਾ ਕੇ ਇਹ ਨਾਵਲ ਵਿਸ਼ੇ ਪੱਖ ਤੋਂ ਹੰਢਾਏ ਯਥਾਰਥ ਦੇ ਵਧੇਰੇ ਨੇੜੇ ਹੈ। ਬਿਰਤਾਂਤਕ ਸੰਗਠਨ ਦੇ ਪੱਖ ਤੋਂ ਕੁਝ ਕੁ ਊਣਤਾਈਆਂ ਹੋਣ ਦੇ ਬਾਵਜੂਦ ਨਾਵਲ ਆਪਣਾ ਵਿਆਹੁਤਾ ਜੀਵਨ ਬਚਾਉਣ ਲਈ ਇਕ ਨਾਰੀ ਦੀ ਸਹਿਣਸ਼ੀਲਤਾ, ਉਦਾਰਤਾ ਤੇ ਸੰਘਰਸ਼ ਨੂੰ ਬਾਖੂਬੀ ਬਿਆਨ ਕਰਦਾ ਹੈ। **–ਡਾ. ਹਰਿੰਦਰ ਸਿੰਘ**

## ਸੀਤੇ ਬੁਲ੍ਹਾਂ ਦਾ ਸੁਨੇਹਾ (ਕਹਾਣੀ ਸੰਗ੍ਰਹਿ) ਬਲਦੇਵ ਸਿੰਘ ਗਰੇਵਾਲ

ਬਲਦੇਵ ਸਿੰਘ ਗਰੇਵਾਲ ਲਗਪਗ ਚਾਰ ਦਾਹਕੇ ਪਹਿਲਾਂ ਅਮਰੀਕਾ ਪਰਵਾਸ ਕਰ ਗਿਆ ਸੀ। ਪਰਵਾਸੀ ਬਣਨ ਤੋਂ ਪਹਿਲਾਂ ਉਹ 'ਅਜੀਤ' ਅਖਬਾਰ ਦੇ ਸਾਹਿਤ ਸੰਪਾਦਕ ਵਜੋਂ ਕੰਮ ਕਰਦਾ ਰਿਹਾ ਸੀ। ਅਮਰੀਕਾ ਵਿਚ ਵੀ ਕਿੱਤੇ ਵਜੋਂ ਉਹ ਪੱਤਰਕਾਰੀ ਨਾਲ ਜੁੜਿਆ ਹੋਇਆ ਹੈ ਅਤੇ ਨਿਊਯਾਰਕ ਤੋਂ ਪ੍ਰਕਾਸ਼ਤ ਹੋਣ ਵਾਲੇ ਸਪਤਾਹਕ ਅਖਬਾਰ 'ਸ਼ੇਰੇ ਪੰਜਾਬ' ਦੀ ਸੰਪਾਦਨਾ ਕਰਦਾ ਹੈ। ਦੇਸ ਵਿਚ ਰਹਿੰਦਿਆਂ ਵੀ ਉਹ ਸਿਰਜਣਾਤਮਕਤਾ ਨਾਲ ਜੁੜਿਆ ਹੋਇਆ ਸੀ ਅਤੇ ਬਹੁਤ ਪਹਿਲਾਂ ਸੱਠਵਿਆਂ ਵਿਚ ਉਸਦੀਆਂ ਕਈ ਕਹਾਣੀਆਂ 'ਪ੍ਰੀਤਲੜੀ' ਵਿਚ ਵੀ ਛਪੀਆਂ ਸਨ। ਪਰਵਾਸ ਧਾਰਨ ਕਰਨ ਤੋਂ ਮਗਰੋਂ ਉਸ ਵੱਲੋਂ ਆਪਣਾ ਸਿਰਜਣਾਤਮਕ ਅਮਲ ਜਾਰੀ ਰੱਖਣ ਦੀ ਕਨਸੋਅ ਤਾਂ ਮਿਲਦੀ ਰਹੀ, ਪਰ ਪੁਸਤਕ ਰੂਪ ਵਿਚ ਉਸਦੀਆਂ ਲਿਖਤਾਂ ਵਾਚਣ ਦਾ ਸਬੱਬ ਨਹੀਂ ਸੀ ਬਣਿਆ। ਕੁਝ ਸਾਲ ਪਹਿਲਾਂ ਉਸਦਾ ਇਕ ਨਾਵਲ 'ਪਰਿਕਰਮਾ' ਪੜ੍ਹਿਆ ਤਾਂ ਬਹੁਤ ਹੈਰਾਨੀ ਭਰੀ ਖੁਸ਼ੀ ਦਾ ਅਹਿਸਾਸ ਹੋਇਆ ਕਿ ਲੇਖਕ ਵਜੋਂ ਆਪਣੇ ਨਾਂ ਦਾ ਬਹੁਤਾ ਚਰਚਾ ਕਰਵਾਏ ਬਿਨਾਂ ਉਹ ਪਰਦੇਸ ਵਿਚ ਰਹਿੰਦਿਆਂ ਏਨੀ ਵਧੀਆ ਗਲਪ ਰਚਨਾ ਕਰ ਰਿਹਾ ਹੈ। ਹੁਣ ਉਸਦਾ ਕਹਾਣੀ ਸੰਗ੍ਰਹਿ (ਸੀਤੇ ਬੁਲ੍ਹਾਂ ਦਾ ਸੁਨੇਹਾ, ਪੰਨੇ 224, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ) ਪ੍ਰਾਪਤ ਹੋਇਆ ਹੈ, ਜਿਸਤੋਂ ਸੂਚਨਾ ਮਿਲਦੀ ਹੈ ਕਿ ਕਹਾਣੀਆਂ ਦੀ ਇਹ ਬਲਦੇਵ ਸਿੰਘ ਗਰੇਵਾਲ ਦੀ ਤੀਜੀ ਪੁਸਤਕ ਹੈ। ਪਹਿਲੇ ਦੋ ਕਹਾਣੀ ਸੰਗ੍ਰਹਿ ਕਿਹੋ ਜਿਹੇ ਹੋਣਗੇ, ਇਹ ਤਾਂ ਕਿਆਸ ਹੀ ਕੀਤਾ ਜਾ ਸਕਦਾ ਹੈ, ਪਰ ਹੱਥਲਾ ਸੰਗ੍ਰਹਿ ਨਿਸਚੇ ਹੀ ਉਸਦੀ ਪ੍ਰੌਢ ਰਚਨਾਕਾਰੀ ਦਾ ਪ੍ਰਮਾਣ ਦਿੰਦਾ ਹੈ।

ਇਸ ਸੰਗ੍ਰਹਿ ਵਿਚ ਕੁੱਲ ਅਠਾਈ ਕਹਾਣੀਆਂ ਹਨ ਜੋ ਆਕਾਰ ਪ੍ਰਕਾਰ ਵਿਚ ਉਸ ਪਰੰਪਰਕ ਕਹਾਣੀ ਦੇ ਮਾਡਲ ਉੱਤੇ ਉਸਰੀਆਂ ਹਨ ਜੋ ਸਾਡੇ ਪਹਿਲੀ ਪੀੜ੍ਹੀ ਦੇ ਸਮਰੱਥ ਸਾਹਿਤਕਾਰਾਂ ਨੇ ਪੱਛਮ ਦੀ ਨਿੱਕੀ ਕਹਾਣੀ ਦੀ ਤਰਜ਼ ਉੱਤੇ ਸਥਾਪਤ ਕੀਤਾ ਸੀ। ਗਰੇਵਾਲ ਦੀਆਂ ਇਸ ਪੁਸਤਕ ਵਿਚਲੀਆਂ ਨਿੱਕੇ ਆਕਾਰ ਦੀਆਂ ਇਹ ਕਹਾਣੀਆਂ ਤਕਨੀਕੀ ਪੱਖ ਤੋਂ ਭਾਵੇਂ ਮੁੱਢਲੇ ਲੇਖਕਾਂ ਦੀ ਕਹਾਣੀ ਨਾਲ ਮੇਲ ਖਾਂਦੀਆਂ ਹਨ ਪਰ ਇਹਨਾਂ ਵਿਚ ਵਿਸ਼ੈ ਵਸਤੂ ਦਾ ਸੰਘਣਾਪਾਣ ਨਵੇਂ ਦੌਰ ਦੀ ਕਹਾਣੀ ਨਾਲ ਵਰ ਮੇਚਦਾ ਹੈ, ਜੋ ਬਹੁਤ ਹਾਲਤਾਂ ਵਿਚ ਕਿਸੇ ਇਕ ਘਟਨਾ, ਪਾਤਰ ਜਾਂ ਸਥਿਤੀ ਦੀ ਇਕਹਿਰੀ ਪੇਸ਼ਕਾਰੀ ਦੇ ਮੁੱਢਲੇ ਮਾਪਦੰਡ ਤੋਂ ਅਗਾਂਹ ਵਧਦੀ ਹੋਈ ਬਹੁ-ਪਰਤੀ ਹੁੰਦਿਆਂ ਗਹਿਰ ਗੰਭੀਰ ਮਸਲਿਆਂ ਨਾਲ ਵੀ ਦੋ ਚਾਰ ਹੋਣ ਵੱਲ ਰੁਚਿਤ ਹੈ।

ਬਲਦੇਵ ਗਰੇਵਾਲ ਨੇ ਆਪਣੀਆਂ ਕਹਾਣੀਆਂ ਵਿਚ ਜ਼ਿਆਦਾਤਰ ਉਹਨਾਂ ਵਿਸ਼ਿਆਂ ਨੂੰ ਛੋਹਿਆ ਹੈ ਜੋ ਪਰਵਾਸੀ ਹੋਣ ਦੇ ਨਾਤੇ ਉਸਦੇ ਅਮਰੀਕਾ ਵਿਚਲੇ ਨਿੱਜੀ ਅਨੁਭਵ ਦੇ ਬਹੁਤ ਨੇੜੇ ਹਨ। ਸਿਰਫ ਕੁਝ ਕੁ ਕਹਾਣੀਆਂ ਹੀ ਅਜਿਹੀਆਂ ਹਨ ਜਿੰਨ੍ਹਾਂ ਨੂੰ ਲੇਖਕ ਦੇ ਮੁੱਢਲੇ ਜੀਵਨ ਦੇ ਸਮਾਚਾਰਾਂ ਜਾਂ ਉਸਦੀਆਂ ਸਿਮਰਤੀਆਂ ਨਾਲ ਜੋੜਕੇ ਵੇਖਿਆ ਜਾ ਸਕਦਾ ਹੈ, ਜੋ ਦੇਸ਼-ਵੰਡ ਤੇ ਜੰਗ ਵਰਗੇ ਦੁਖਾਂਤਕ

ਮੌਕਿਆ ਉੱਤੇ ਜਾਂ ਵੈਸੇ ਹੀ ਪਰੰਪਰਕ ਜਗੀਰੂ ਰਹਿਤਲ ਵਿਚ ਨਿਵੇਕਲੇ ਤੇ ਉਚਰੇ ਚਰਿੱਤਰਕ ਵਿਹਾਰ ਦਾ ਪ੍ਰਮਾਣ ਦੇਣ ਵਾਲੇ ਪਾਤਰਾਂ ਦਾ ਦੀਦਾਰ ਕਰਾਉਂਦੀਆਂ ਹਨ। ਇਸ ਵੰਨਗੀ ਦੀਆਂ ਕਹਾਣੀਅ ਵਿਚੋਂ 'ਇਨਸਾਫ', 'ਨਿਆਜ਼', 'ਰਖਵਾਲਾ', 'ਮੁੱਲ ਦੀ ਤੀਵੀਂ', 'ਮਾਸੀ', 'ਮੂਰਖਤਾ' ਆਦਿ ਦਾ ਜ਼ਿਕਰ ਹੋ ਸਕਦਾ ਹੈ, ਜਿਨ੍ਹਾਂ ਦੇ ਪਾਤਰ ਨਿਆਜ਼, ਨਾਮੋ, ਜੀਤੋ, ਮਾਸੀ, ਚਾਚਾ ਤੇ ਨਸੀਬ, ਜੋ ਪਿਆਰ ਤੇ ਕੁਰਬਾਨੀ ਦੇ ਭਰਪੂਰ ਜਜ਼ਬੇ ਸਹਿਤ ਅਸਾਧਾਰਨ ਮਾਨਵੀ ਗੁਣਾਂ ਦੇ ਧਾਰਨੀ ਹੋਣ ਦਾ ਪਰਿਚਯ ਦਿੰਦੇ ਹਨ। ਦੇਸ਼-ਵੰਡ ਪਿੱਛੋਂ ਨਿਆਜ਼ ਪਾਕਿਸਤਾਨ ਨਹੀਂ ਸੀ ਗਿਆ ਅਤੇ ਸਾਰੀ ਉਮਰ ਇਕੱਲ ਤੇ ਦਰਵੇਸ਼ੀ ਹੰਢਾਉਂਦਾ ਰਿਹਾ। ਨਾਮੋ ਨੇ ਸਾਰੀ ਉਮਰ ਪੇਕੇ ਬਿਤਾਈ। ਮੁੱਲ ਦੀ ਤੀਵੀਂ ਜੀਤੋ ਨੇ ਅਗਾਂਹ ਵੇਚਕੇ ਆਪਣੇ ਪੈਸੇ ਖਰੇ ਕਰਨ ਲਈ ਖੁਦ ਮਾਲਕ ਨੂੰ ਕਿਹਾ ਸੀ। ਚਾਚਾ ਸਾਰੀ ਉਮਰ ਗੁਆਂਢੀਆਂ ਦੀ ਕੁੜੀ ਕੱਢਕੇ ਆਪਣੇ ਘਰ ਵਸਾਉਣ ਦਾ ਦੋਸ਼ ਹੰਢਾਉਦਾ ਰਿਹਾ ਸੀ। ਫੌਜੀ ਨਸੀਬੇ ਨੇ ਨੌਕਰੀ ਦੌਰਾਨ ਦੁਸ਼ਮਣ ਫੌਜ ਦੇ ਕੈਦੀ ਨੂੰ ਭਜਾਉਣ ਦਾ ਅਪਰਾਧ ਕੀਤਾ ਸੀ। ਇਹਨਾਂ ਸਭਨਾਂ ਪਿੱਛੇ ਕੁਝ ਤੱਥ ਜਾਂ ਕਾਰਨ ਛੁਪੇ ਹੋਏ ਹਨ ਜੋ ਇਹਨਾਂ ਪਾਤਰਾਂ ਦੀ ਵਿਲੱਖਣਤਾ ਦੇ ਨਾਲ ਨਾਲ ਲੇਖਕ ਦੀ ਕਹਾਣੀ ਕਹਿਣ ਦੀ ਕੁਸ਼ਲਤਾ ਨੂੰ ਵੀ ਪੁਸ਼ਟ ਕਰਦੇ ਹਨ।

ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਸੀਤੇ ਬੁਲ੍ਹਾਂ ਦਾ ਸੁਨੇਹਾ' ਸਮੇਤ ਪੁਸਤਕ ਦੀਆਂ ਕੁੱਲ 28 ਵਿਚੋਂ ਬਹੁਗਿਣਤੀ ਕਹਾਣੀਆਂ ਲੇਖਕ ਦੇ ਪਰਵਾਸ ਅਨੁਭਵ ਵਿਚੋਂ ਉਭਰਦੀਆਂ ਹਨ, ਜਿੰਨ੍ਹਾਂ ਵਿਚੋਂ ਪੰਜਾਬੀਆਂ ਦੇ ਪੱਛਮੀ ਮੁਲਕਾਂ ਵਿਚ ਪਰਵਾਸ ਦੇ ਪਿਛੋਕੜ, ਪਰਵਾਸ ਦੀ ਪ੍ਰਕਿਰਿਆ, ਆਰਥਿਕਤਾ ਅਤੇ ਰਿਸ਼ਤਿਆਂ ਨਾਤਿਆ ਸਮੇਤ ਸਮੁੱਚੇ ਪੰਜਾਬੀ ਜੀਵਨ ਉੱਤੇ ਪੈਂਦੇ ਇਸਦੇ ਪ੍ਰਭਾਵ ਦਾ ਪਤਾ ਚੱਲਦਾ ਹੈ। ਕਿਹਾ ਨਹੀਂ ਜਾ ਸਕਦਾ ਕਿ ਲੇਖਕ ਦੀ ਸੁਚੇਤ ਚੋਣ ਨਾਲ ਹੋਇਆ ਹੈ ਜਾਂ ਸੁਤੇ ਸਿੱਧ ਹੀ ਵਾਪਰ ਗਿਆ ਹੈ ਕਿ ਇਹਨਾਂ ਕਹਾਣੀਆਂ ਵਿਚ ਇਸਤਰੀ ਦੀ ਹੋਂਦ ਇਸ ਕਦਰ ਕੇਂਦਰੀ ਮਹੱਤਵ ਦਾ ਮਸਲਾ ਬਣਕੇ ਉਭਰਦੀ ਹੈ ਕਿ ਬਲਦੇਵ ਗਰੇਵਾਲ ਦੀ ਲਿਖਤ ਨਾਰੀਵਾਦੀ ਸਾਹਿਤ ਦੇ ਘੇਰੇ ਵਿਚ ਸ਼ਾਮਲ ਕੀਤੀ ਜਾ ਸਕਦੀ ਹੈ। ਜਿਸ ਸੂਝ ਤੇ ਦ੍ਰਿਸ਼ਟੀਗਤ ਪਹੁੰਚ ਨਾਲ ਨਾਲ ਲੇਖਕ ਨੇ ਔਰਤ ਨੂੰ ਚਿਤਰਿਆ ਹੈ, ਉਹ ਕਮਾਲ ਹੈ।

'ਸੀਤੇ ਬੁਲ੍ਹਾਂ ਦਾ ਸੁਨੇਹਾ' ਦੀ ਅਰਚਨਾ ਅਤੇ ਉਸਦਾ ਪਤੀ ਡਾ. ਦਲਜੀਤ ਚੰਗੇ ਪੜ੍ਹੇ-ਲਿਖੇ ਪਰਵਾਸੀ ਹਨ। ਤਦ ਵੀ ਪੰਜਾਬੀ ਮਰਦ ਹੋਣ ਦੇ ਆਪਣੇ ਅਧਿਕਾਰ ਵਜੋਂ ਡਾ. ਦਲਜੀਤ ਅਰਚਨਾ ਦੀ ਅਣਦੇਖੀ ਕਰਨ ਅਤੇ ਗੋਰੀ ਡਾ. ਐਨੀ ਨਾਲ ਸੰਬੰਧ ਬਣਾਉਣ ਨੂੰ ਆਮ ਜਿਹੀ ਗੱਲ ਸਮਝਦਾ ਹੈ। ਪਤੀ ਦੇ ਚੰਗੇ ਮੰਦੇ ਵਿਹਾਰ ਨੂੰ ਚੁੱਪ ਚਾਪ ਬਰਦਾਸ਼ਤ ਕਰਦੇ ਰਹਿਣ ਦੀਆਂ ਵੇਖੀਆਂ ਸੁਣੀਆਂ ਪਰਿਵਾਰਕ ਉਦਾਹਰਨਾਂ ਅਤੇ ਇਸ ਭਾਵ ਦੀ ਸਿੱਖਿਆ-ਦੀਖਿਆ ਤੋਂ ਖਹਿੜਾ ਛੁਡਾ ਅਰਚਨਾ ਇਕ ਦਿਨ ਗੋਰੇ ਦੋਸਤ ਨੂੰ ਘਰ ਬੁਲਾ ਕੇ ਡਾ. ਦਲਜੀਤ ਵਰਗੀ ਹੀ 'ਸਹਿਜਤਾ' ਵਿਖਾਉਣ ਦਾ ਹੀਆਂ ਕਰਦੀ ਹੈ ਅਤੇ ਇੰਝ ਬਿਨਾਂ ਕੁਝ ਬੋਲਿਆਂ ਹੀ ਆਪਣੀ ਹੋਂਦ ਮੰਨਵਾਉਣ ਤੇ ਜਾਗ੍ਰਿਤ ਹੋਣ ਦਾ ਸੁਨੇਹਾ ਦੇ ਜਾਂਦੀ ਹੈ। ਪੰਜਾਬੀ ਔਰਤ ਵਿਚ ਇਹ ਪਰਿਵਰਤਣ ਜਾਂ ਇਹ ਅਹਿਸਾਸ 'ਅਰਥ ਗੁਆ ਚੁੱਕੇ ਬੋਲ'. 'ਰਜਨੀ', 'ਲਿਜ਼ਾ', 'ਯੈਲੋ ਕੈਬ', 'ਉਨਾਭੀ ਕੋਟ', 'ਇਕ ਵਾਰ ਫੇਰ' ਵਰਗੀਆਂ ਕਹਾਣੀਆਂ ਵਿਚੋਂ ਵੀ ਵੇਖਿਆ ਜਾ ਸਕਦਾ ਹੈ। 'ਰਜਨੀ' ਵਿਚ ਧਰਮ ਜ਼ਾਤ ਤੇ ਰੰਗ ਦੇ ਵਿਤਕਰੇ ਤੋਂ ਮੁਕਤ ਸਿੱਖ ਪੰਜਾਬੀ ਪਰਿਵਾਰ ਦੀ ਮੁਟਿਆਰ ਧੀ ਇਸ਼ਨਾਨ ਜੇ ਆਪਣੀ ਮਰਜ਼ੀ ਨਾਲ ਕਾਲੇ ਕ੍ਰਿਸ਼ਚੀਅਨ ਨਾਲ ਸ਼ਾਦੀ ਕਰਵਾਉਂਦੀ ਹੈ ਤਾਂ 'ਉਨਾਭੀ ਕੋਟ' ਦੀ ਅਧੇੜ ਉਮਰ ਦੀ ਅਮਰੀਕਾ ਰਹਿੰਦੀ ਪੰਜਾਬੀ ਔਰਤ ਇਕ ਮੁੱਦਤ ਪਿੱਛੋਂ ਬੀਤੇ ਵਿਚ ਲਿਤਾੜੇ ਜਾਂਦੇ ਰਹੇ ਆਪਣੇ ਸੂਖਮ ਜਜ਼ਬਿਆਂ ਨੂੰ ਹੁੰਗਾਰਾ ਦੇਣ ਦੇ ਸਮਰੱਥ ਹੁੰਦੀ ਹੈ।

ਇਸ ਪ੍ਰਕਿਰਿਆ ਵਿਚ ਪੱਛਮ ਤੇ ਪੂਰਬ ਦੇ ਸਭਿਆਚਾਰ ਦਾ ਵਖਰੇਵਾਂ ਵੀ ਸਪਸ਼ਟ ਹੁੰਦਾ ਹੈ ਅਤੇ ਕੋਈ ਭੁਲੇਖਾ ਨਹੀਂ ਰਹਿੰਦਾ ਕਿ ਭੂਪਵਾਦੀ ਰਹਿਤਲ ਦੇ ਟਾਕਰੇ ਪੂੰਜੀਵਾਦੀ ਪੱਛਮ ਦੀਆਂ

ਕਦਰਾਂ-ਕੀਮਤਾਂ ਸਾਫ ਸਪਸ਼ਟ ਤੇ ਵਧੇਰੇ ਸਵੱਛ ਹਨ। 'ਲਿਜ਼ਾ' ਕਹਾਣੀ ਵਿਚਲੀ ਗੋਰੀ ਨੂੰ ਜਦੋਂ ਇਹ ਪਤਾ ਲੱਗਦਾ ਹੈ ਕਿ ਉਸਦੇ ਪ੍ਰੇਮੀ ਨੇ ਉਸਤੋਂ ਚੋਰੀ ਇੰਡੀਆ ਜਾ ਕੇ ਦੇਸੀ ਕੁੜੀ ਨਾਲ ਵਿਆਹ ਕੀਤਾ ਅਤੇ ਹੁਣ ਉਹ ਦੋਹਾਂ ਔਰਤਾਂ ਨੂੰ ਹੀ ਧੋਖਾ ਦੇ ਰਿਹਾ ਹੈ ਤਾਂ ਉਹ ਮਨ ਨਾਂ ਦੇ ਇਸ ਪੰਜਾਬੀ ਮਰਦ ਦੀ ਚੰਗੀ ਤਰ੍ਹਾਂ ਲਾਹ ਪਾਹ ਕਰਕੇ ਉਸਨੂੰ ਛੱਡ ਜਾਂਦੀ ਹੈ। ਆਪਣੇ ਅਨੁਭਵ ਤੋਂ ਏਸੇ ਲਿਜ਼ਾ ਦੇ ਸਵਾਲ ਦੇ ਰੂਪ ਵਿਚ ਬੋਲ ਹਨ: "ਤੁਹਾਡੀ ਕਲਚਰ ਤੁਹਾਨੂੰ ਧੋਖਾ ਦੇਣਾ, ਬੇਵਫਾਈ ਕਰਨੀ ਸਿਖਾਉਂਦੀ ਹੈ? ਤੁਸੀਂ ਆਪਣੀ ਕਲਚਰ ਨੂੰ ਹੀ ਬਦਨਾਮ ਨਹੀਂ ਕਰਦੇ, ਇੱਥੇ ਆ ਕੇ ਸਾਡੀ ਕਲਚਰ ਨੂੰ ਵੀ ਦਾਗੀ ਕਰਦੇ ਹੋ।" ਇੰਝ ਹੀ 'ਅਰਥ ਗੁਆ ਚੁੱਕੇ ਬੋਲ' ਕਹਾਣੀ ਵਿਚੋਂ ਸ਼ਾਦੀ ਵਰਗੇ ਅਹਿਮ ਮਾਮਲੇ ਵਿਚ ਵੱਖਰੀ ਵੱਖਰੀ ਸੋਚ ਦੀ ਤੁਲਨਾ ਸਾਹਮਣੇ ਆਉਂਦੀ ਹੈ । ਇਸ ਕਹਾਣੀ ਦੇ ਪ੍ਰਵਕਤਾ, ਜਿਸਦਾ ਪਰਿਵਾਰ ਪਿੱਛੇ ਪੰਜਾਬ ਵਿਚ ਹੀ ਹੈ, ਨੂੰ ਜਦੋਂ ਇਹ ਪਤਾ ਲੱਗਿਆ ਕਿ ਉਸਦੀ ਧੀ ਕਿਸੇ ਨੀਵੀਂ ਜਾਤ ਦੇ ਨੌਜਵਾਨ ਨਾਲ ਪ੍ਰੇਮ ਸੰਬੰਧ ਰੱਖ ਰਹੀ ਹੈ ਤਾਂ ਉਸਨੇ ਤੁਰਤ ਇੰਡੀਆ ਜਾ ਕੇ ਧੀ ਦਾ, ਉਸਦੀ ਮਰਜ਼ੀ ਤੋਂ ਬਗ਼ੈਰ, ਆਪਣੀ ਜਾਤ ਦੇ ਕਿਸੇ ਰੱਜੇ ਪੁੱਜੇ ਪਰਿਵਾਰ ਵਿਚ ਵਿਆਹ ਕਰ ਦਿੱਤਾ ਸੀ। ਜਦਕਿ ਅਮਰੀਕਾ ਵਿਚ ਉਸ ਨਾਲ ਸਟੋਰ 'ਤੇ ਕੰਮ ਕਰਦੀ ਤਿੰਨ ਸਾਲ ਦੇ ਬੱਚੇ ਦੀ ਮਾਂ ਕਿੰਮ ਹੁਣ ਆਪਣੇ ਪ੍ਰੇਮੀ ਨਾਲ ਵਿਆਹ ਰਚਾਉਣ ਦੀ ਰਸਮ ਕਰਨ ਜਾ ਰਹੀ ਹੈ। ਕਿੰਮ ਅਨੁਸਾਰ ਰੂਹਾਂ ਤਾਂ ਉਹਨਾਂ ਦੀਆਂ ਪਹਿਲਾਂ ਹੀ ਮਿਲ ਚੁੱਕੀਆਂ ਸਨ, ਸ਼ਾਦੀ ਇਕ ਰਸਮ ਹੈ ਜੋ ਉਹ ਹੁਣ ਕਰਨ ਜਾ ਰਹੇ ਹਨ।

ਪੰਜਾਬੀ ਸਮਾਜ ਵਿਚ ਜਾਤਪਾਤ, ਧਰਮ, ਆਰਥਿਕ ਪਾੜੇ ਅਤੇ ਹੋਰ ਕਈ ਤਰ੍ਹਾਂ ਦੇ ਵਖੇਵੇਂ ਔਰਤ ਮਰਦ ਦੇ ਰਿਸ਼ਤੇ ਵਿਚ ਸਾਹਮਣੇ ਆਉਂਦੇ ਹਨ, ਜਿਸ ਵਿਚ ਔਰਤ ਤਾਂ ਧੱਕਾ ਸਹਿੰਦੀ ਹੀ ਹੈ, ਕਈ ਹਾਲਤਾਂ ਵਿਚ ਮਰਦ ਵੀ ਇਸ ਦਾ ਸ਼ਿਕਾਰ ਹੁੰਦਾ ਹੈ। ਬਲਦੇਵ ਗਰੇਵਾਲ ਦੀਆਂ ਕਹਾਣੀਆਂ ਦੇ ਬਹੁਤ ਸਾਰੇ ਅਮਰੀਕਾ ਪਹੁੰਚੇ ਪਾਤਰ ਵੀ ਇਸ ਦਾ ਸ਼ਿਕਾਰ ਰਹੇ ਹਨ, ਜਿਵੇਂ 'ਝੂਠ', 'ਸੂਹਾ ਸਾਲੂ','ਦੇਸ ਪਰਾਏ', 'ਐਕਸੀਡੈਂਟ' ਕਹਾਣੀਆਂ ਦੇ ਪਾਤਰਾਂ ਨਾਲ ਵਾਪਰਿਆ ਹੈ। ਪਰਵਾਸ ਵਾਲੇ ਮੁਲਕਾਂ ਵਿਚ ਜ਼ਿੰਦਗੀ ਬਿਤਾਉਣ ਤੋਂ ਪਿੱਛੋਂ ਆਪਣੇ ਨਾਲ ਵਾਪਰੀ ਇਸ ਤ੍ਰਾਸਦੀ ਦਾ ਉਹਨਾਂ ਨੂੰ ਸ਼ਿੱਦਤ ਨਾਲ ਅਹਿਸਾਸ ਹੁੰਦਾ ਹੈ।

ਪਰਵਾਸ ਹਾਸਲ ਕਰਨ ਲਈ ਸਾਡੇ ਲੋਕੀਂ ਕੀ ਕੀ ਜੁਗਤਾਂ ਵਰਤਦੇ ਰਹੇ ਹਨ, ਇਸਦੇ ਸੰਕੇਤ ਤਾਂ ਬਹੁਤ ਸਾਰੀਆਂ ਕਹਾਣੀਆਂ ਵਿਚ ਮਿਲਦੇ ਹਨ, ਪਰ 'ਯੈਲੋ ਕੈਬ' ਨਾਂ ਦੀ ਕਹਾਣੀ ਇਸ ਸੰਬੰਧ ਵਿਚ ਬਹੁਤ ਹੀ ਵਿਲੱਖਣ ਤੇ ਭਾਵ ਪੂਰਤ ਕਥਾ ਬਿਰਤਾਂਤ ਸਿਰਜਦੀ ਹੈ, ਜਿਸ ਵਿਚ ਇਕ ਪੰਜਾਬੀ ਟੈਕਸੀ ਡਰਾਈਵਰ ਆਪਣੀ ਪਤਨੀ ਨੂੰ ਝੂਠ ਮੂਠ ਦਾ ਤਲਾਕ ਦੇਣ ਉਪਰੰਤ ਆਪਣੇ ਭਰਾ ਨਾਲ ਸ਼ਾਦੀ ਕਰਾ ਕੇ ਉਸਨੂੰ ਅਮਰੀਕਾ ਮੰਗਵਾਉਣ ਲਈ ਮਜਬੂਰ ਕਰਦਾ ਹੈ। ਅਮਰੀਕਾ ਪਹੁੰਚਕੇ ਵੱਡੇ ਭਰਾ ਵਾਂਗ ਹੀ ਟੈਕਸੀ ਚਲਾਉਣ ਵਾਲੇ ਇਸ ਭਰਾ ਦੇ ਪੱਕੇ ਪਰਵਾਸੀ ਬਣਨ ਤਕ ਭਰਜਾਈ ਨਾਲ ਮਸਨੂਈ ਸ਼ਾਦੀ ਵਿਚ ਜੁੜੇ ਰਹਿਣਾ ਜ਼ਰੂਰੀ ਹੈ। ਮਜਬੂਰੀ ਵਾਲੀ ਇਸ ਸਥਿਤੀ ਦਾ ਲਾਹਾ ਲੈਂਦਿਆਂ ਉਹ, ਭਾਵੇਂ ਭਰਾ ਦੀ ਗ਼ੈਰਹਾਜ਼ਰੀ ਵਿਚ ਹੀ, ਭਰਜਾਈ ਦੇ ਸਰੀਰ ਉੱਤੇ ਆਪਣੀ ਮਾਲਕੀ ਜਤਾਉਣ ਤੋਂ ਪਿੱਛੇ ਨਹੀਂ ਰਹਿੰਦਾ। ਕਹਾਣੀ ਦੀ ਪ੍ਰਵਕਤਾ ਦੇ ਬੋਲ ਹਨ: ਮੇਰਾ ਪਤੀ ਯੈਲੋ ਕੈਬ ਚਲਾਉਂਦਾ ਤੇ ਦੇਵਰ ਵੀ...ਇਕ ਦਿਨੇ ਚਲਾਉਂਦਾ ਹੈ, ਦੂਜਾ ਰਾਤ ਨੂੰ....

ਪੁਸਤਕ ਦੀਆਂ ਕਹਾਣੀਆਂ ਵਿਚ ਕਥਾਨਕ ਬਹੁਤ ਹੀ ਸਹਿਜ ਰੂਪ ਵਿਚ ਗੁੰਦਿਆ ਗਿਆ ਹੈ। ਕੁਝ ਇਕ ਨੂੰ ਛੱਡਕੇ ਪੁਸਤਕ ਵਿਚਲੀਆਂ ਬਾਕੀ ਸਭ ਕਹਾਣੀਆਂ ਦਾ ਬਿਰਤਾਂਤ ਉਤਮਪੁਰਖੀ ਪਾਤਰ ਰਾਹੀਂ ਹੋਇਆ ਹੈ। ਉੱਤਮਪੁਰਖੀ ਬਿਰਤਾਂਤ ਰਾਹੀਂ ਕਹਾਣੀ ਕਹਿਣਾ ਇਕ ਅਜਿਹੀ ਜੁਗਤ ਹੈ ਜਿਸ ਨਾਲ ਲੇਖਕ ਪਾਠਕ ਨਾਲ ਬਹੁਤ ਨੇੜਲੀ ਸਾਂਝ ਪਾਉਣ ਦੇ ਸਮਰੱਥ ਹੋ ਜਾਂਦਾ ਹੈ। ਗਰੇਵਾਲ ਨੇ ਇਸ ਜੁਗਤ ਨੂੰ ਕਾਮਯਾਬੀ ਨਾਲ ਵਰਤਿਆ ਹੈ। ਹਾਂ, ਕਹਾਣੀ ਦੇ ਅਖੀਰ ਉੱਤੇ ਅਵੱਸ਼

ਭਾਸ਼ਾਈ ਕੁਸ਼ਲਤਾ ਸਹਿਤ ਅਜਿਹਾ ਸਿਖਰ ਜਾਂ ਅੰਤ ਸਿਰਜਿਅ ਗਿਆ ਮਿਲਦਾ ਹੈ ਜੋ ਲੇਖਕ ਦੀ ਸੋਚੀ ਸਮਝੀ ਵਿਉਂਤਕਾਰੀ ਤੋਂ ਬਿਨਾਂ ਸੰਭਵ ਨਹੀਂ ਹੋ ਸਕਦਾ। ਅਜਿਹਾ ਅੰਤ ਉਸ ਕਲਾਤਮਕ ਉਹਲੇ ਦਾ ਵਿਸਫੋਟ ਵੀ ਕਰਦਾ ਹੈ ਜਿਸਦੀ ਸਹਿਜ ਨਾਲ ਕਹਾਣੀ ਸੁਣਦਾ ਆ ਰਿਹਾ ਪਾਠਕ ਕਲਪਨਾ ਨਹੀਂ ਕਰ ਸਕਦਾ। ਬਹੁਤ ਹਾਲਤਾਂ ਵਿਚ, ਵਿਰਕ ਦੀਆਂ ਕਹਾਣੀਆਂ ਵਾਂਗ, ਅਖੀਰ ਉੱਤੇ ਵਰਤਿਆ ਗਿਆ ਕੋਈ ਇਕ ਸ਼ਬਦ ਜਾਂ ਵਾਕੰਸ਼ ਏਨਾ ਨਾਟਕੀ ਤੇ ਪ੍ਰਭਾਵਸ਼ਾਲੀ ਹੁੰਦਾ ਹੈ ਕਿ ਕਹਾਣੀ ਦੇ ਪ੍ਰਭਾਵ ਦੇ ਤੀਖਣ ਹੋਣ ਨਾਲ ਬਲਦੇਵ ਗਰੇਵਾਲ ਦੀ ਕਹਾਣੀ ਕਹਿਣ ਦੀ ਮੁਹਾਰਤ ਉੱਤੇ ਵੀ ਮੋਹਰ ਲੱਗ ਜਾਂਦੀ ਹੈ। **–ਰਘਬੀਰ ਸਿੰਘ**

## ਪ੍ਰਾਪਤ ਪੁਸਤਕਾਂ

**ਚਿੰਤਨ ਦੀ ਪਰਵਾਜ਼** (ਕਾਵਿ ਸੰਗ੍ਰਹਿ) ਰਵਿੰਦਰ ਰਵੀ
ਪੰਨੇ 188, ਮੁੱਲ 450 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਨਵੀਂ ਦਿੱਲੀ
**ਵਗਦੀਆਂ 'ਵਾਵਾਂ ਵਗਦੇ ਦਰਿਆ** (ਕਾਵਿ ਸੰਗ੍ਰਹਿ - ਸ਼ਬਦ ਚਿੱਤਰ) ਮੋਹਨਜੀਤ
ਪੰਨੇ 318, ਮੁੱਲ 600 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਕਵਿਤਾ ਦੇ ਨਾਲ-ਨਾਲ** (ਸੱਤ ਕਾਵਿ ਸੰਗ੍ਰਹਿ) ਵਨੀਤਾ
ਪੰਨੇ 513, ਮੁੱਲ 900 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਸੰਦਲੀ ਸੁਰਾਂ** (ਕਾਵਿ ਸੰਗ੍ਰਹਿ) ਲਾਲ ਸਿੰਘ ਦਿਲ ਸੰਪਾਦਕ: ਡਾ. ਗੁਰਇਕਬਾਲ ਸਿੰਘ
ਪੰਨੇ 119, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਜ਼ਰਦ ਰੁੱਤ ਦਾ ਹਲਫ਼ੀਆ ਬਿਆਨ** (ਕਾਵਿ ਸੰਗ੍ਰਹਿ) ਹਰਮੀਤ ਵਿਦਿਆਰਥੀ
ਪੰਨੇ 135, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਪਵਣੁ** (ਹਾਇਕੂ) ਮੋਹਨ ਗਿੱਲ
ਪੰਨੇ 112, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਗੋਲਡਨ ਪੰਚ** (ਨਾਵਲ) ਬਲਵੰਤ ਸਿੰਘ ਸੰਧੂ
ਪੰਨੇ 127, ਮੁੱਲ 225 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਯੋਧਾ** (ਨਾਵਲ) ਮਨਮੋਹਨ ਸਿੰਘ ਵਿਰਕ
ਪੰਨੇ 119, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਚਰਬੀ ਦੀ ਗੁੱਡੀ** (ਮੋਪਾਸਾਂ ਦੀਆਂ ਪ੍ਰਸਿੱਧ ਕਹਾਣੀਆਂ) ਅਨੁਵਾਦ: ਤਰਸੇਮ
ਪੰਨੇ 133, ਮੁੱਲ 250 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਕੁਲਬੀਰ ਬਡੇਸਰੋਂ ਦੀਆਂ ਇਕੱਤੀ ਕਹਾਣੀਆਂ** (ਕਹਾਣੀ ਸੰਗ੍ਰਹਿ) ਸੰਪਾਦਕ: ਬਲਬੀਰ ਮਾਧੋਪੁਰੀ
ਪੰਨੇ 308, ਮੁੱਲ 50 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਮੇਰੀ ਧਰਤੀ ਮੇਰਾ ਅੰਬਰ** (ਨਾਰੀ ਰਚਿਤ ਪੰਜਾਬੀ ਕਹਾਣੀਆਂ) ਸੰਪਾਦਕ: ਬਲਵੀਰ ਕੌਰ ਰੀਹਲ
ਪੰਨੇ 466, ਮੁੱਲ 800 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਕੰਧ 'ਤੇ ਲੱਗੀ ਬਿੰਦੀ** (ਕਹਾਣੀ ਸੰਗ੍ਰਹਿ) ਇੰਦਰਜੀਤ ਪਾਲ ਕੌਰ
ਪੰਨੇ 99, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਤੇਜਵੰਤ ਸਿੰਘ ਗਿੱਲ: ਖੋਜਕਾਰ ਤੇ ਪਰਖਕਾਰ** (ਆਲੋਚਨਾ) ਸੰਪਾਦਕ ਡਾ. ਜਤਿੰਦਰ ਸਿੰਘ
ਪੰਨੇ 207, ਮੁੱਲ 400 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਪਗੜੀ ਸੰਭਾਲ ਲਹਿਰ ਤੋਂ ਸੰਯੁਕਤ ਕਿਸਾਨ ਮੋਰਚੇ ਤੱਕ** (ਵਾਰਤਕ) ਰੌਣਕੀ ਰਾਮ ਅਨੁਵਾਦ: ਪੀ.ਐਸ. ਭੋਗਲ
ਪੰਨੇ 112, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਧਰਮ-ਨਿਰਪੇਖਤਾ ਨਾਲ ਮੇਰਾ ਇਸ਼ਕ** (ਸਵੈ-ਜੀਵਨੀ) ਸੋਹਣ ਸਿੰਘ ਜੋਸ਼ ਅਨੁਵਾਦ: ਕੇ.ਐਲ. ਗਰਗ
ਪੰਨੇ 344, ਮੁੱਲ 395 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਜੁਝਾਰੂ ਔਰਤ ਬਿਮਲਾ ਡਾਂਗ** (ਜੀਵਨੀ) ਸੰਪਾਦਕ ਅਮਰਜੀਤ ਸਿੰਘ ਆਸਲ
ਪੰਨੇ 104+8, ਮੁੱਲ 225 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਨਵਾਂ ਸਵੇਰਾ-ਨਵਾਂ ਸੁਨੇਹਾ: ਪਰਮ-ਪਾਵਨ ਦਲਾਈ ਲਾਮਾ** (ਪ੍ਰੇਰਕ ਪ੍ਰਸੰਗ) ਸੰਪਾਦਕ: ਰੇਣੂਕਾ ਸਿੰਘ
ਪੰਨੇ 205, ਮੁੱਲ 300 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਵੇਖਿਆ ਸ਼ਹਿਰ ਬੰਬਈ** (ਵਾਰਤਕ) ਗੁਰਚਰਨ ਸੱਗੂ
ਪੰਨੇ 208, ਮੁੱਲ 350 ਰੁਪਏ, ਪ੍ਰੀਤ ਪਬਲੀਕੇਸ਼ਨ, ਨਾਭਾ

---

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਜਨਵਰੀ, 2023

ਕੈਨੇਡਾ ਵੱਸਦੇ ਹੱਸਾਸ ਅਤੇ ਚਿੰਤਨਸ਼ੀਲ ਸ਼ਾਇਰ
ਉਂਕਾਰਪ੍ਰੀਤ ਦਾ ਨਵਾਂ ਕਾਵਿ-ਸੰਗ੍ਰਹਿ




'ਅਣ-ਫਿਰਿਆ ਮੱਕਾ' ਦੀਆਂ ਸਾਰੀਆਂ ਕਵਿਤਾਵਾਂ ਅਜਿਹੇ 'ਅਣ-ਫਿਰੇ ਮੂੜ ਮਨ' ਵਾਲਿਆਂ ਅਤੇ ਉਹਨਾਂ ਵਲੋਂ ਸਿੱਖੀ ਦੇ ਨਾਮ ਹੇਠ ਵਰਤਾਏ ਜਾ ਰਹੇ 'ਮਨਮੁਖੀ ਭਾਣਿਆਂ' ਦੇ ਦਰਮਿਆਨ ਅਸਲ ਸਿੱਖ ਆਸ਼ੇ ਦੀ ਅਜੋਕੀ ਤ੍ਰਾਸਦੀ ਅਤੇ ਦਰਦ ਦਾ ਬਿਆਨ ਹਨ। ਇਸ ਸਾਰੇ ਬਿਆਨ ਦੀ ਟੇਕ ਸਾਡੇ ਮਨਮੁਖੀ ਅਮਲਾਂ ਦੀ ਹਨੇਰੀ ਸੁਰੰਗ ਤੋਂ ਪਾਰ ਦਿਸਦੀ ਉਸ 'ਆਦਿ-ਜੁਗਾਦੀ' ਗੁਰਮੁਖੀ-ਲੋਅ ਦੀ ਕਿਰਨ ਹੈ ਜੋ ਮਨੁੱਖਤਾ ਨੂੰ ਅਪਣਾ ਮੂਲ ਖੋਜਣ ਪਛਾਨਣ ਦੇ ਰਾਹ ਪੈ ਕੇ 'ਸ਼ੁੱਭ ਅਮਲਾਂ' ਤੀਕ ਪੁੱਜਣ ਲਈ ਪ੍ਰੇਰਦੀ ਹੈ।

ਪੰਨੇ 112 ਸੁੰਦਰ ਦਿੱਖ ਮੁੱਲ 200 ਰੁਪਏ

ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ

**SIRJANA** Literary Punjabi Quarterly Chandigarh

No. 207 ISSN 2455-1058 January-March 2023

Registered with the Registrar of Newspapers for India vide R.N. 10215/65

ਢਾਹਾਂ ਸਾਹਿਤ ਇਨਾਮ

THE DHAHAN PRIZE
For Punjabi Literature

ڈھاہاں ساہت انعام

ਬਾਰਜ ਢਾਹਾਂ ਦੇ ਉੱਦਮ ਨਾਲ ਕੈਨੇਡਾ-ਇੰਡੀਆ ਐਜੂਕੇਸ਼ਨ
ਸੁਸਾਇਟੀ ਵੈਨਕੂਵਰ ਵੱਲੋਂ ਸਾਲ 2013 ਵਿਚ ਸ਼ੁਰੂ ਕੀਤਾ ਗਿਆ
ਪੰਜਾਬੀ ਸਾਹਿਤ ਲਈ ਸਭ ਤੋਂ ਵੱਡਾ ਕੌਮਾਂਤਰੀ ਸਨਮਾਨ

# ਢਾਹਾਂ ਇਨਾਮ

ਹਰ ਸਾਲ ਗੁਰਮੁਖੀ ਜਾਂ ਸ਼ਾਹਮੁਖੀ ਵਿਚ ਛਪੀ ਉਤਮ ਗਲਪ ਰਚਨਾ ਨੂੰ
25 ਹਜ਼ਾਰ ਕੈਨੇਡੀਅਨ ਡਾਲਰ ਦਾ
ਪਹਿਲਾ ਇਨਾਮ
ਅਤੇ ਦਸ ਦਸ ਹਜ਼ਾਰ ਦੇ ਦੂਜੇ ਸਥਾਨ ਦੇ ਦੋ ਹੋਰ ਇਨਾਮ

ਸਾਲ 2023 ਦੇ 'ਢਾਹਾਂ ਇਨਾਮ' ਲਈ ਨਾਮਜ਼ਦਗੀਆਂ
28 ਫਰਵਰੀ 2023 ਤਕ ਭਰੀਆਂ ਜਾ ਸਕਦੀਆਂ ਹਨ

ਲੇਖਕ ਖੁਦ ਜਾਂ ਉਸ ਦੀ ਤਰਫੋਂ ਕੋਈ ਵੀ ਹੋਰ ਵਿਅਕਤੀ, ਸਮੇਤ ਪ੍ਰਕਾਸ਼ਕ, ਸਾਲ 2022 ਵਿਚ ਛਪੇ ਨਾਵਲ ਜਾਂ ਕਹਾਣੀ ਸੰਗ੍ਰਹਿ ਦੀ ਨਾਮਜ਼ਦੀ ਭਰ ਸਕਦਾ ਹੈ।

ਨਾਮਜ਼ਦਗੀ ਭਰਨ ਲਈ ਪੁਸਤਕ ਦੀਆਂ ਤਿੰਨ ਕਾਪੀਆਂ

**The Dhahan Prize, # 1058-2560 Shell Road
Richmond, BC V6X 0B8 Canada**

ਉਪਰ ਭੇਜਣੀਆਂ ਜ਼ਰੂਰੀ ਹਨ। ਇਸ ਦੇ ਨਾਲ ਕਿਤਾਬ ਦਾ ਇਲੈਕਟ੍ਰਾਨਿਕ ਰੂਪ **submissions@dhahanprize.com** ਨੂੰ ਈਮੇਲ ਕਰਨਾ ਹੋਵੇਗਾ।

ਹੋਰ ਜਾਣਕਾਰੀ ਲਈ ਇਸੇ ਪਤੇ ਉਤੇ
ਈ-ਮੇਲ ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।